Digitized by Arya Samaj Foundation Chennai and eGangotri

# ਲੋਕ ਗੀਤਾਂ ਵਿਚ ਪੰਜਾਬੀ ਰਿਸ਼ਤੇ

ਇਕਬਾਲ ਸਿੰਘ ਭੋਮਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8255

Forwarded free of Cost, and with the
Compliments of Deptt. of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲੋਕ ਗੀਤਾਂ
# ਵਿਚ
# ਪੰਜਾਬੀ ਰਿਸ਼ਤੇ

DONATION

पुस्तकालय
पुस्तकालय
गुरुकुल कांगड़ी विश्वविद्यालय

ਇਕਬਾਲ ਸਿੰਘ ਭੋਮਾ
ਪੀਐਚ. ਡੀ.

8255

Forwarded free of Cost, and with the
Compliments of Deptt. of Education,
Govt. of India, New Delhi

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ
ਲੁਧਿਆਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# LOK GEETAN VICH PUNJABI RISHTE

(Punjabi Kinship in Folk Songs of Punjab)

by

© Dr. Iqbal Singh Bhoma Ph.D.

1992

ਮੁੱਲ : 80 ਰੁਪਏ

ਪ੍ਰਕਾਸ਼ਕ
ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ
345-ਏ, ਮਾਡਲ ਟਾਊਨ ਐਕਸਟੈਨਸ਼ਨ
ਨਜ਼ਦੀਕ ਕ੍ਰਿਸ਼ਨਾ ਮੰਦਿਰ
ਲੁਧਿਆਣਾ-2

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕਪੁਰਾ, ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਸਪਾਲ

ਤੇ

ਅਮਨਬੀਰ

ਦੇ

ਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਲੋਕ ਧਾਰਾ ਤੇ ਸਭਿਆਚਾਰ ਬਾਰੇ ਹੋਰ ਪ੍ਰਕਾਸ਼ਨਾਂ

| | |
|---|---|
| ਸਭਿਆਚਾਰ ਤੇ ਪੰਜਾਬੀ ਸਭਿਆਚਾਰ | ਡਾ. ਗੁਰਬਖ਼ਸ਼ ਸਿੰਘ ਫ਼ਰੈਂਕ |
| ਪੰਜਾਬੀ ਲੋਕ ਗੀਤ ਪਰੰਪਰਾ | ਡਾ. ਬਿਕਰਮ ਸਿੰਘ ਘੁੰਮਣ |
| ਬੁਝਾਰਤਾਂ ਤੇ ਅਖਾਣ | ,, |
| ਪੰਜਾਬੀ ਲੋਕ ਕਾਵਿ | ,, |
| ਪੰਜਾਬੀ ਲੋਕ ਧਾਰਾ ਦੇ ਕੁਝ ਪੱਖ | ਡਾ. ਗੁਰਮੀਤ ਸਿੰਘ |
| ਪੰਜਾਬੀ ਲੋਕਯਾਨ | ਡਾ. ਇਕਬਾਲ ਕੌਰ |
| ਪੰਜਾਬੀ ਸਭਿਆਚਾਰ ਬਾਰੇ | ਡਾ. ਜੀਤ ਸਿੰਘ ਜੋਸ਼ੀ |
| ਪੰਜਾਬੀ ਲੋਕਯਾਨ ਅਤੇ ਸਭਿਆਚਾਰ | ਡਾ. ਬਲਬੀਰ ਸਿੰਘ ਪੂਨੀ |

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਵਿਸ਼ੈ-ਸੂਚੀ


–ਭੂਮਿਕਾ 7–8

1. ਰਿਸ਼ਤਿਆਂ ਦੀ ਪ੍ਰਕਿਰਤੀ ਤੇ ਵਰਗੀਕਰਣ 9–22

2. ਲੋਕ ਗੀਤਾਂ ਵਿੱਚ ਰਿਸ਼ਤਿਆਂ ਦਾ ਉਲੇਖ 23–26

3. ਵਿਆਹ ਨਾਲ ਸੰਬੰਧਤ ਰਿਸ਼ਤੇ 27–78

ਪਤੀ ਪਤਨੀ ਦਾ ਰਿਸ਼ਤਾ–31

ਨੂੰਹ ਸੱਸ ਦਾ ਰਿਸ਼ਤਾ–39

ਨੂੰਹ ਸਹੁਰੇ ਦਾ ਰਿਸ਼ਤਾ–47

ਨਣਾਨ ਭਰਜਾਈ ਦਾ ਰਿਸ਼ਤਾ–51

ਦਰਾਣੀ ਜਠਾਣੀ ਦਾ ਰਿਸ਼ਤਾ–56

ਜੇਠ ਭਰਜਾਈ ਦਾ ਰਿਸ਼ਤਾ–58

ਦਿਉਰ ਭਾਬੀ ਦਾ ਰਿਸ਼ਤਾ–62

ਜੀਜਾ ਸਾਲੀ ਦਾ ਰਿਸ਼ਤਾ–69

ਜਵਾਈ ਦਾ ਰਿਸ਼ਤਾ–73


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਖੂਨ ਦੇ ਰਿਸ਼ਤੇ 79–112
ਪਿਓ ਪੁੱਤ ਦਾ ਰਿਸ਼ਤਾ–80
ਮਾਂ ਪੁੱਤ ਦਾ ਰਿਸ਼ਤਾ–84
ਪਿਉ ਧੀ ਦਾ ਰਿਸ਼ਤਾ–87
ਮਾਂ ਧੀ ਦਾ ਰਿਸ਼ਤਾ–94
ਭੈਣ ਭਰਾ ਦਾ ਰਿਸ਼ਤਾ–98
ਭੈਣ ਭੈਣ ਦਾ ਰਿਸ਼ਤਾ–105
ਭਰਾ ਭਰਾ ਦਾ ਰਿਸ਼ਤਾ–107
5 ਫੁਟਕਲ ਰਿਸ਼ਤੇ 113–124
6. ਨਿਸ਼ਕਰਸ਼ 125–128
–ਪੁਸਤਕ-ਸੂਚੀ 129–134

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਭੂਮਿਕਾ

'ਅੰਗ ਸਾਕ' ਸ਼ਬਦ ਜਿਹਨ ਵਿਚ ਆਉਂਦਿਆਂ ਹੀ ਅਸੀਂ ਇਸ ਸ਼ਬਦ ਦੇ ਗਹਿਨ ਅਰਥਾਂ ਵੱਲ ਰੁਚਿਤ ਹੋ ਜਾਂਦੇ ਹਾਂ। ਹਰ ਆਦਮੀ ਅੰਗਾਂ-ਸਾਕਾਂ (ਰਿਸ਼ਤੇਦਾਰਾਂ) ਨੂੰ ਵੱਖ ਵੱਖ ਜ਼ਿੰਮੇਵਾਰੀਆਂ ਦੇ ਪਾਤਰ ਹੀ ਸਮਝਦਾ ਹੈ। ਪਰ ਇਸ ਪ੍ਰਣਾਲੀ ਦੇ ਅੰਤਰਗਤ ਕਿਹੜੇ ਤੱਤ ਕਾਰਜਸ਼ੀਲ ਹਨ ਜੋ ਹਰੇਕ ਰਿਸ਼ਤੇ ਦੀ ਪ੍ਰਕਿਰਤੀ ਨੂੰ ਇਕ ਦੂਜੇ ਤੋਂ ਨਿਖੇੜਦੇ ਹਨ, ਇਸ ਗੱਲ ਦਾ ਜਵਾਬ ਦੇਣਾ ਹਰੇਕ ਮਨੁੱਖ ਲਈ ਮੁਸ਼ਕਲ ਹੈ। ਮੈਂ ਆਪਣੇ ਹੱਥਲੇ ਅਧਿਐਨ ਵਿਚ ਇਨ੍ਹਾਂ ਕਾਰਣਾਂ ਦੀ ਤਹਿ ਤੱਕ ਪੁੱਜਣ ਦਾ ਹਰ ਸੰਭਵ ਯਤਨ ਕੀਤਾ ਹੈ। ਲੋਕ ਗੀਤਾਂ ਵਿਚ ਰਿਸ਼ਤਿਆਂ ਨੂੰ ਸਾਂਸਕ੍ਰਿਤਿਕ ਰਿਸ਼ਤਿਆਂ ਦੇ ਸਮਰੂਪ ਹੀ ਬਿਆਨਿਆ ਗਿਆ ਹੈ ਪਰ ਜੇਕਰ ਅਸੀਂ ਇਸ ਪੇਸ਼ਕਾਰੀ ਦੇ ਸਰੂਪ ਨੂੰ ਸਮੁੱਚੇ ਰੂਪ ਵਿਚ ਹੀ ਸ਼ੁੱਧ ਮੰਨ ਲਈਏ ਤਾਂ ਇਹ ਸਾਡੀ ਗ਼ਲਤੀ ਹੋਵੇਗੀ। ਪੰਜਾਬੀ ਲੋਕਯਾਨ ਅਤੇ ਸਭਿਆਚਾਰ ਦੀ ਸੰਰਚਨਾ ਦੇ ਅਧਿਐਨ ਲਈ ਇਨ੍ਹਾਂ ਰਿਸ਼ਤਿਆਂ ਦੇ ਅੰਤਰਗਤ ਜਿਹੜੇ ਕਾਰਨ ਕਾਰਜਸ਼ੀਲ ਹਨ, ਉਨ੍ਹਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਇਸ ਵਿਸ਼ਲੇਸ਼ਣ ਨੂੰ ਭਾਵਪੂਰਤ ਬਣਾਉਣ ਲਈ ਮੈਂ ਲੋਕ ਗੀਤਾਂ ਨੂੰ ਇਸ ਦਾ ਆਧਾਰ ਬਣਾਇਆ ਹੈ ਤਾਂ ਜੋ ਇਸ ਦੀ ਲੋਕਯਾਨਿਕ, ਸਭਿਆਚਾਰਕ ਅਤੇ ਸਾਹਿਤਕ ਮਹੱਤਾ ਤੋਂ ਜਾਣੂ ਹੋਇਆ ਜਾ ਸਕੇ। ਪਰਿਵਾਰ ਨਾਲ ਸੰਬੰਧਿਤ ਹਰੇਕ ਮਾਨਵੀਂ ਰਿਸ਼ਤੇ ਦੀ ਇਸ ਅਧਿਐਨ ਵਿਚ ਗੱਲ ਕੀਤੀ ਗਈ ਹੈ। ਅਪ੍ਰਵਾਨਿਤ ਰਿਸ਼ਤੇ ਨੂੰ ਅਸੀਂ ਭੋਗਦੇ ਜ਼ਰੂਰ ਹਾਂ ਪਰ ਸਮਾਜਕ ਅਪ੍ਰਵਾਨਗੀ ਕਾਰਣ ਇਹ ਰਿਸ਼ਤਾ ਅਜੇ ਤੱਕ ਪਰਿਵਾਰਕ ਰਿਸ਼ਤੇਦਾਰੀ ਦਾ ਅੰਗ ਨਹੀਂ ਬਣ ਸਕਿਆ। (ਭਾਵੇਂ ਲੋਕ ਗੀਤਾਂ ਵਿਚ ਇਸ ਰਿਸ਼ਤੇ ਦਾ ਸਭ ਤੋਂ ਵੱਧ ਉਲੇਖ ਹੋਇਆ ਹੈ।) ਪਰਿਵਾਰਕ ਸਿਸਟਮ ਬਾਹਰਾ ਹੋਣ ਕਾਰਣ ਇਹ ਰਿਸ਼ਤਾ ਸਾਡੇ ਅਧਿਐਨ ਦਾ ਅੰਗ ਨਹੀਂ ਬਣ ਸਕਿਆ।

ਮੈਂ ਆਪਣੇ ਇਸ ਵਿਸ਼ਲੇਸ਼ਣ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਰਿਸ਼ਤਿਆਂ ਦਾ ਸਿਧਾਂਤਕ ਪੱਖ ਭਾਵ ਰਿਸ਼ਤਿਆਂ ਦੀ ਪ੍ਰਕਿਰਤੀ, ਵਰਗੀਕਰਣ ਅਤੇ ਲੋਕ ਗੀਤਾਂ ਵਿਚ ਰਿਸ਼ਤਿਆਂ ਦਾ ਉਲੇਖ ਕਿਵੇਂ ਹੋਇਆ ਹੈ, ਦਾ ਵਰਣਨ ਕੀਤਾ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜੇ ਅਧਿਆਇ ਵਿਚ ਵਿਆਹ ਨਾਲ ਸੰਬੰਧਿਤ ਰਿਸ਼ਤੇ ਆਉਂਦੇ ਹਨ ਜਿਸ ਦੇ ਪ੍ਰਮੁੱਖ ਸੂਤਰ ਪਤੀ ਪਤਨੀ ਹਨ। ਇਸ ਤੋਂ ਇਲਾਵਾ ਦਿਉਰ-ਭਾਬੀ, ਜੇਠ-ਭਾਬੀ, ਜੀਜਾ-ਸਾਲੀ, ਸੱਸ-ਨੂੰਹ, ਸਹੁਰਾ-ਨੂੰਹ, ਦਰਾਣੀ-ਜਠਾਣੀ, ਨਣਦ-ਭਾਬੀ ਅਤੇ ਜਵਾਈ ਆਦਿ ਰਿਸ਼ਤਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਚੌਥੇ ਅਧਿਆਇ ਵਿਚ ਖ਼ੂਨ ਦੇ ਰਿਸ਼ਤਿਆਂ ਬਾਬਤ ਜਾਣਕਾਰੀ ਦਿੱਤੀ ਗਈ ਹੈ ਜਿਸ ਵਿਚ ਮਾਂ-ਪੁੱਤ, ਪਿਉ-ਪੁੱਤ, ਮਾਂ-ਧੀ ਪਿਉ-ਧੀ, ਭੈਣ-ਭਰਾ, ਭਰਾ-ਭਰਾ ਤੇ ਭੈਣ-ਭੈਣ ਦੇ ਰਿਸ਼ਤੇ ਆਉਂਦੇ ਹਨ।

ਪੰਜਵੇਂ ਅਧਿਆਇ ਵਿਚ ਪਰਿਵਾਰ ਨਾਲ ਸੰਬੰਧਿਤ ਫੁਟਕਲ ਰਿਸ਼ਤਿਆਂ ਦਾ ਉਲੇਖ ਕੀਤਾ ਗਿਆ ਹੈ, ਜਿਸ ਵਿਚ ਚਾਚੇ, ਤਾਏ, ਚਾਚੀਆਂ, ਤਾਈਆਂ, ਮਾਮੇ, ਮਾਸੜ, ਫੁਫੜ, ਮਾਮੀਆਂ, ਮਾਸੀਆਂ, ਭੂਆ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਦਰੀਆ, ਜਠੀਆ, ਦਰੀਅ, ਜਠੀਅ, ਨਾਨਾ, ਨਾਨੀ, ਦਾਦਾ, ਦਾਦੀ, ਦੋਹਤੇ ਦੋਹਤਰੀਆਂ, ਆਦਿ ਰਿਸ਼ਤਿਆਂ ਨੂੰ ਬਿਆਨਿਆ ਗਿਆ ਹੈ।

ਆਖ਼ਰੀ ਤੇ ਛੇਵੇਂ ਅਧਿਆਇ ਵਿਚ ਨਿਸ਼ਕਰਸ਼ ਵਜੋਂ ਕੁਝ ਸਿੱਟੇ ਸਿੱਟੇ ਕੱਢੇ ਗਏ ਹਨ।

ਲੋਕ ਗੀਤਾਂ ਦੀਆਂ ਟੂਕਾਂ ਮੁੱਖ ਤੌਰ ਤੇ "ਪੰਜਾਬ ਦੇ ਲੋਕ ਗੀਤ", "ਸਾਂਝੇ ਦਿਲਾਂ ਦੀ ਧੜਕਣ", "ਮੌਲੀ ਤੇ ਮਹਿੰਦੀ" ਅਤੇ "ਗਾਉਂਦਾ ਪੰਜਾਬ" ਪੁਸਤਕਾਂ ਵਿਚੋਂ ਲਈਆਂ ਗਈਆਂ ਹਨ ਇਸ ਕਰਕੇ ਕਿਸੇ ਉਚੇਚੀ ਪੁਸਤਕ ਦਾ ਹਵਾਲਾ ਦੇਣ ਦੀ ਲੋੜ ਨਹੀਂ ਸਮਝੀ। ਕੁਝ ਲੋਕ ਗੀਤ ਵਿਅਕਤੀਗਤ ਰੂਪ 'ਚ ਵੀ ਇਕੱਤਰ ਕੀਤੇ ਗਏ ਹਨ। ਇਨ੍ਹਾਂ ਉਪਰੋਕਤ ਪੁਸਤਕਾਂ ਦਾ ਪੂਰਾ ਵੇਰਵਾ ਪੁਸਤਕ ਸੂਚੀ ਵਿਚ ਦੇ ਦਿੱਤਾ ਗਿਆ ਹੈ।

**ਇਕਬਾਲ ਸਿੰਘ ਭੋਮਾ (ਡਾ.)**
ਪੰਜਾਬੀ ਵਿਭਾਗ
ਲਾਇਲਪੁਰ ਖ਼ਾਲਸਾ ਕਾਲਜ,
ਜਲੰਧਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰਿਸ਼ਤਿਆਂ ਦੀ ਪ੍ਰਕਿਰਤੀ ਤੇ ਵਰਗੀਕਰਣ

ਰਿਸ਼ਤੇਦਾਰੀ ਨੂੰ ਸਮਾਜਕ ਸੰਗਠਨ ਦਾ ਕੇਂਦਰ ਬਿੰਦੂ ਕਿਹਾ ਜਾਂਦਾ ਹੈ।[1] ਰਿਸ਼ਤਾ-ਨਾਤਾ ਪ੍ਰਣਾਲੀ ਹਰੇਕ ਸਮਾਜ ਨੂੰ ਇਕ ਸੁਚੱਜੇ ਸੰਗਠਿਤ ਪ੍ਰਬੰਧ ਵਿਚ ਬੰਨ੍ਹ ਕੇ ਠੀਕ ਦਿਸ਼ਾ ਵਿਚ ਤੋਰਨ ਲਈ ਆਧਾਰ ਭੂਮੀ ਦਾ ਕੰਮ ਕਰਦੀ ਹੈ। ਨਸਲ ਦੇ ਨਿਰੰਤਰ ਪ੍ਰਵਾਹ ਲਈ ਜਿਨਸੀ ਸੰਬੰਧ ਅਨਿਵਾਰੀ ਹਨ, ਜਿਨ੍ਹਾਂ ਦੀ ਹੋਂਦ ਜੈਵਿਕ ਸੰਬੰਧਾਂ ਰਾਹੀਂ ਵਜੂਦ ਵਿਚ ਆਉਂਦੀ ਹੈ। ਇਨ੍ਹਾਂ ਸੰਬੰਧਾਂ ਤੋਂ ਹੀ ਅੱਗੋਂ ਹੋਰ ਸੰਬੰਧ ਹੋਂਦ ਵਿਚ ਆਉਂਦੇ ਹਨ। ਜਿਹੜੇ ਭਾਵੁਕਤਾ ਤੋਂ ਉੱਪਰ ਉੱਠ ਕੇ ਆਰਥਿਕਤਾ ਨਾਲ ਜੁੜਦੇ ਹਨ। ਇਸ ਕਾਰਣ ਇਨ੍ਹਾਂ ਦੀ ਮਹੱਤਤਾ ਨੂੰ ਨਿਰਧਾਰਤ ਕਰਨ ਵਾਲਾ ਸੂਤਰ ਆਰਥਿਕਤਾ ਹੈ। ਆਪਣੀ ਕਾਮ-ਪੂਰਤੀ ਦੇ ਨਾਲ ਨਾਲ ਉਤਰਾਧਿਰਾਕਤਾ ਦਾ ਹੱਕ ਅਗਲੀ ਪੀੜ੍ਹੀ ਨੂੰ ਸੌਂਪਣ ਲਈ ਇਹ ਸੰਬੰਧ ਕਿਸੇ ਵਿਰੋਧੀ ਲਿੰਗ ਨਾਲ ਕਾਇਮ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਸਮਾਜਕ ਪ੍ਰਵਾਨਗੀ ਵਿਆਹ ਪ੍ਰਥਾ ਤੋਂ ਬਾਅਦ ਮਿਲਦੀ ਹੈ। ਇਸ ਤਰ੍ਹਾਂ ਔਰਤ ਅਤੇ ਮਰਦ ਨੂੰ ਸਮਾਜ ਵਿਚ ਇਕ ਬੰਧਨ ਵਿਚ ਬੰਨਣ ਅਤੇ ਬਹੁਤ ਸਾਰੇ ਵਿਸ਼ੇਸ਼ ਸਮਾਜਕ ਬਣਤਰਾਂ ਵਾਲੇ ਮਹੱਲ ਦੀ ਉਸਾਰੀ ਕਰਨਾ ਰਿਸ਼ਤਿਆਂ ਦਾ ਸਰਵ ਵਿਆਪੀ ਤੇ ਸਰਵ ਪ੍ਰਵਾਨਿਤ ਸੁਭਾਅ ਹੈ।[2]

ਹਰੇਕ ਸਮਾਜ ਵਿਚ ਰਿਸ਼ਤੇਦਾਰੀ ਇਕ ਵਿਆਪਕ ਪ੍ਰਪੰਚ ਹੈ। ਇਹ ਮਨੁੱਖ ਦੇ ਵਿਹਾਰਕ ਮਤਿਆਂ ਅਤੇ ਸਮਾਜਕ ਗਰੁੱਪਾਂ ਦੀ ਬਣਤਰ ਵਿਚ ਬਹੁਤ ਅਹਿਮ ਭੂਮਿਕਾ ਨਿਭਾਉਂਦੀ ਹੈ। ਪਹਿਲਾਂ ਪਹਿਲ ਰਿਸ਼ਤੇਦਾਰੀ ਟਰਮ ਨੂੰ ਕਿਸੇ ਸਮਾਜਕ ਮਹੱਤਵ ਤੋਂ ਬਿਨਾ ਭਾਸ਼ਾ ਵਿਗਿਆਨਕ ਪਹੁੰਚ ਤਕ ਹੀ ਸੀਮਿਤ ਰਖਿਆ ਗਿਆ ਸੀ। ਇਸ ਦੇ ਬਾਅਦ ਇਸ ਵਿਚ ਸਮਾਜਕ ਰਸਮਾਂ, ਤੌਰ ਤਰੀਕੇ ਤੇ ਸੰਗਠਨ ਜਿਹੀਆਂ ਸਮਾਜਕ ਮਹੱਤਤਾਵਾਂ ਕਾਰਣ ਇਸ ਮਤ ਦਾ ਵਿਰੋਧ ਕੀਤਾ ਗਿਆ।[3] ਸਮੁੱਚਾ ਸੰਸਾਰ ਇਕ ਪਰਿਵਾਰਕ ਯੂਨਿਟ ਵਿਚ ਰਹਿ ਰਿਹਾ ਹੈ ਜਿਸ ਦਾ ਪਹਿਚਾਨ ਚਿੰਨ੍ਹ ਮਾਪੇ ਹਨ। ਇਸ ਲਈ ਇਨ੍ਹਾਂ ਦੀ ਪ੍ਰਕਿਰਤੀ ਬੇਲੋੜੀ ਨਹੀਂ ਹੁੰਦੀ, ਇਸ ਦੇ ਪਿਛੋਕੜ ਵਿਚ ਪਰਿਵਾਰਕ ਸੰਸਥਾ ਦੇ ਇਤਿਹਾਸਕ ਵਿਕਾਸ ਦੀ ਧਾਰਣਾ ਕਾਰਜਸ਼ੀਲ ਹੁੰਦੀ ਹੈ ਜਿਸ ਕਾਰਣ ਰਿਸ਼ਤੇਦਾਰੀ ਨੂੰ ਸਮਝਣ ਲਈ ਪਰਿਵਾਰਕ ਹੋਂਦ ਦਾ ਮੁੱਢ ਤੇ ਪਰਿਵਾਰ ਨੂੰ ਜਾਨਣਾ ਜ਼ਰੂਰੀ ਹੋ ਜਾਂਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਿਵਾਰਕ ਵਿਕਾਸ ਦੇ ਮੁੱਢਲੇ ਪੜਾਅ ਤੇ ਹਰ ਆਦਮੀ ਅਤੇ ਹਰ ਔਰਤ ਵਿਚਕਾਰ ਲਿੰਗ ਭੋਗ ਦੀ ਮਨਾਹੀ ਨਾ ਹੋਣ ਕਰਕੇ ਹਰ ਔਰਤ ਹਰ ਆਦਮੀ ਤੇ ਆਪਣਾ ਹੱਕ ਰੱਖਦੀ ਸੀ ਤੇ ਹਰ ਆਦਮੀ ਹਰ ਔਰਤ ਤੇ । ਅਜਿਹੇ ਸੰਬੰਧਾਂ ਵਿਚ ਪਿਤਾ ਦੀ ਪਛਾਣ ਮੁਸ਼ਕਿਲ ਸੀ । ਸਾਰਾ ਦਾਰੋਮਦਾਰ ਔਰਤ ਨੂੰ ਇਕ ਮਾਂ ਪ੍ਰਵਾਨ ਕਰ ਲੈਣ ਉਪਰ ਹੀ ਟਿਕਿਆ ਹੋਇਆ ਸੀ, ਜਿਸ ਤੋਂ ਉਸ ਦੇ ਸੰਬੰਧਾਂ ਨੂੰ ਉੱਚ ਦਰਜੇ ਦੇ ਪ੍ਰਵਾਨ ਕੀਤਾ ਜਾਂਦਾ ਸੀ । ਇਸ ਤੋਂ ਅਗਲਾ ਪੜਾਅ ਬਹੁ-ਵਿਆਹੁਤਾ ਰਸਮ ਦਾ ਚਲਦਾ ਹੈ ਜਿਸ ਵਿਚ ਇਕ ਵਿਅਕਤੀ ਕਈ ਔਰਤਾਂ ਨਾਲ ਵਿਆਹ ਕਰਵਾ ਸਕਦਾ ਸੀ ਤੇ ਇਕ ਔਰਤ ਕਈ ਆਦ-ਮੀਆਂ ਨਾਲ । ਪੰਜ ਭਰਾਵਾਂ ਦੀ ਇਕੋ ਪਤਨੀ ਇਸ ਗੱਲ ਦਾ ਪ੍ਰਮਾਣ ਹੈ । ਇਸ ਕਿਸਮ ਦੇ ਪਰਿਵਾਰਾਂ ਵਿਚ ਔਰਤ ਹੀ ਜੈਵਿਕ ਤੇ ਸਮਾਜਕ ਪਹਿਚਾਣ ਚਿੰਨ੍ਹ ਰੱਖਦੀ ਹੈ । ਪਰ ਬਹੁ-ਪਤੀ ਪਰਿਵਾਰਾਂ ਵਿਚ ਜੈਵਿਕ ਪਿਤਾ ਤੇ ਸਮਾਜਕ ਪਿਤਾ ਵਿਚਕਾਰ ਨਿਖੇੜਾ ਕਰਨਾ ਅਸੰਭਵ ਸੀ । ਅਜਿਹੇ ਸੰਬੰਧਾਂ ਦੀ ਧਾਰਣਾ ਪਿੱਛੇ ਕਈ ਵਿਦਵਾਨਾਂ ਨੇ ਔਰਤਾਂ ਦੀ ਕਮੀ ਦੱਸੀ ਹੈ ਜਿਸ ਕਰਕੇ ਇਕ ਔਰਤ ਨੂੰ ਕਈ ਆਦਮੀਆਂ ਦੀ ਪਤਨੀ ਬਣਕੇ ਰਹਿਣਾ ਪੈਂਦਾ ਸੀ ਅਤੇ ਇਸੇ ਕਰਕੇ ਔਰਤ ਨੇ ਇਕ ਆਦਮੀ ਨੂੰ ਪਹਿਲ ਦਿੱਤੀ ਤੇ ਵਿਆਹ ਪ੍ਰਥਾ ਦਾ ਮੁੱਢ ਬੱਝਾ । ਪਰ ਇਹ ਗੱਲ ਇੰਨੀ ਤਰਕ ਯੁਕਤ ਨਹੀਂ । ਜੇਕਰ ਔਰਤਾਂ ਦੀ ਕਮੀ ਸੀ ਤਾਂ ਬਹੁ-ਪਤਨੀ ਸੰਬੰਧ ਕਿਵੇਂ ਕਾਇਮ ਕੀਤੇ ਜਾਂਦੇ ਸਨ । ਸਭਿਆਚਾਰਕ ਕਦਰਾਂ ਕੀਮਤਾਂ ਪ੍ਰਤਿ ਜਿਉਂ ਹੀ ਮਨੁੱਖੀ ਦਿਮਾਗ਼ ਕਾਰਜਸ਼ੀਲ ਹੋਇਆ ਤਾਂ ਸੁਹਜ-ਸਵਾਦ ਦੀ ਬਿਰਤੀ ਵਿਗਸੀ । ਇਸ ਬਿਰਤੀ ਦੇ ਵਿਗਸਣ ਕਰਕੇ ਉਸ ਦੇ ਮਨ ਅੰਦਰ ਪਿਆਰ ਨਾਂ ਦੀ ਕੋਈ ਉਮੰਗ ਮੌਲੀ, ਜਿਸ ਤੇ ਇਕ ਆਦਮੀ ਇਕ ਔਰਤ ਤੇ ਅਤੇ ਇਕ ਔਰਤ ਇਕ ਆਦਮੀ ਤੇ ਫਿਦਾ ਹੋਣ ਲੱਗ ਪਈ । ਕਬਜ਼ੇ ਦੀ ਮੁੱਢਲੀ ਬਿਰਤੀ ਅਧੀਨ ਦੋਹਾਂ ਨੇ ਇਕ ਦੂਜੇ ਨੂੰ ਆਪਣਾ ਬਣਾ ਲੈਣ ਦੀ ਤਰਕੀਬ ਸੋਚੀ ਜਿਥੋਂ ਵਿਆਹ ਪ੍ਰਥਾ ਹੋਂਦ ਵਿਚ ਆਈ । ਇਸ ਨਾਲ ਕੁਦਰਤੀ ਸੀ ਕਿ ਬੱਚੇ ਦੇ ਸਮਾਜਕ ਪਿਤਾ ਦੀ ਪਛਾਣ ਵੀ ਹੋਣ ਲੱਗ ਪਈ । ਇਥੋਂ ਹੀ ਪਰਿਵਾਰਾਂ ਦਾ ਵਜੂਦ ਹੋਂਦ 'ਚ ਆਇਆ ।

ਪਰਿਵਾਰਕ ਵਿਕਾਸ ਦੇ ਇਸ ਮੁੱਢਲੇ ਪੜਾਅ ਤੋਂ ਅੱਗੇ ਪਰਿਵਾਰ ਵਿਚ ਸੰਬੰਧਾਂ ਤੇ ਉਨ੍ਹਾਂ ਵਿਚ ਵਰਜਿਤ ਲਿੰਗ ਭੋਗ ਦੀ ਗੱਲ ਮਾਰਗਨ ਨੇ ਤਿੰਨਾਂ ਪੜਾਵਾਂ ਤੇ ਕੀਤੀ ਹੈ । ਪਹਿਲੇ ਵਿਚ ਵਿਆਹ ਪੀੜ੍ਹੀ ਅਨੁਸਾਰ ਸਾਂਝੇ ਪਤੀ ਪਤਨੀਆਂ ਦਾ ਨਿਰਧਾਰਤ ਹੁੰਦਾ ਸੀ । ਇਸ ਵਿਚ ਮਾਪਿਆਂ ਤੇ ਬੱਚਿਆਂ ਵਿਚਕਾਰ ਲਿੰਗ ਭੋਗ ਤੇ ਜ਼ਾਬਤਾ ਸੀ । ਦੂਸਰੇ ਪੜਾਅ ਤੇ ਭੈਣ ਭਰਾ ਵਿਚਕਾਰ ਇਹ ਬੰਦਿਸ਼ ਕਾਇਮ ਹੋ ਗਈ ਤੇ ਇਸ ਤੋਂ ਬਾਅਦ ਇਹ ਸਕੇ ਭੈਣ ਭਰਾਵਾਂ ਤੋਂ ਹੋਰ ਅਗਾਂਹ ਚਾਚੇ, ਤਾਏ, ਮਾਮੇ, ਮਾਸੜ, ਫੁਫੜ ਆਦਿ ਸੰਬੰਧੀਆਂ ਦੇ ਧੀਆਂ ਪੁੱਤਰਾਂ ਵਿਚਕਾਰ ਵੀ ਜ਼ਾਬਤਾ ਕਾਇਮ ਹੋ ਗਿਆ ।[4] ਇਸ ਤਰ੍ਹਾਂ ਪਰਿਵਾਰ ਇਕ ਅਜਿਹੀ ਇਕਾਈ ਬਣ ਗਿਆ ਜਿਸ ਵਿਚ ਲਿੰਗ ਭੋਗ ਵਰਜਿਤ ਸੀ ਤੇ ਉਸ ਨਾਲ ਲਗਦੇ ਸੰਬੰਧੀਆਂ ਤੇ ਵੀ ਇਹੀ ਸ਼ਰਤ ਲਾਗੂ ਹੋਣ ਲੱਗ ਪਈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਪ੍ਰਤਿ ਏਕ ਬੱਚਾ ਵਿਆਹ ਦੀ ਸੰਤਾਨ ਹੋਣ ਦੇ ਕਾਰਣ ਸਮਾਜਕ ਸੰਰਚਨਾ ਵਿਚ ਆਪਣਾ ਸਥਾਨ ਗ੍ਰਹਿਣ ਕਰਦੀ ਹੈ" ।[5] ਇਸ ਲਈ ਬੱਚਿਆਂ ਨੂੰ ਸਮਾਜਕ ਪਛਾਣ ਦੇਣ ਲਈ ਵਿਆਹ ਜ਼ਰੂਰੀ ਹੈ ਕਿਉਂਕਿ 'ਬੱਚੇ ਭਾਵੇਂ ਗੌਰਵ ਸਮਝੇ ਜਾਣ ਜਾਂ ਭਾਰ, ਵਿਆਹ ਪੂਰਵ (Prenuptial) ਤੇ ਬਾਹਰਲਾ ਸੰਗ ਭਾਵੇਂ ਵਰਜਿਤ ਹੋਵੇ ਜਾਂ ਪ੍ਰਵਾਣਿਤ, ਅਸੂਲ ਇਹ ਹੈ ਕਿ ਬੱਚੇ ਦੇ ਪੂਰਨ ਸਮਾਜਕ-ਪਦ ਤੇ ਉਸ ਦੀ ਮਾਂ ਲਈਂ ਪਿਤਾ ਅਤੁੱਟ ਚੀਜ਼ ਹੈ ਨਹੀਂ ਤਾਂ ਪੁੱਤਰ ਹਰਾਮੀ ਹੈ ਤੇ ਮਾਂ ਬੇਪਤ" ।[6] ਵਿਆਹ ਨਿਰਾ ਲਿੰਗਾਤਮਕ ਸੰਗ ਦਾ ਆਗਿਆ ਪੱਤਰ ਨਹੀਂ ਕਿਹਾ ਜਾ ਸਕਦਾ, ਸਗੋਂ ਪਿਤਰੀਅਤ ਦਾ ਆਗਿਆ-ਪੱਤਰ ਕਿਹਾ ਜਾ ਸਕਦਾ ਹੈ, ਇਸ ਲਈ ਰਿਸ਼ਤੇਦਾਰੀ ਦੀਆਂ ਮੁੱਢਲੀਆਂ ਬਣਤਰਾਂ ਉਹ ਸਿਸਟਮ ਹਨ... ਜੋ ਖਾਸ ਤਰ੍ਹਾਂ ਦੇ ਰਿਸ਼ਤੇ ਨਾਲ ਵਿਆਹ ਦੁਆਰਾ ਨਿਰਧਾਰਤ ਹੁੰਦੀਆਂ ਹਨ" ।[7] ਪਰਿਵਾਰ ਦੀ ਪ੍ਰਾਥਮਿਕ ਇਕਾਈ ਵਿਆਹ ਹੋਣ ਕਰਕੇ ਰਿਸ਼ਤਿਆਂ ਦੀ ਪ੍ਰਕਿਰਤੀ ਨੂੰ ਸਮਝਣ ਲਈ ਪਰਿਵਾਰ ਦੀ ਸਮਝ ਜ਼ਰੂਰੀ ਹੈ ।

ਕਿੰਗਜਲੇ ਡੇਵਿਸ ਅਨੁਸਾਰ "ਪਰਿਵਾਰ ਬੱਚਿਆਂ ਤੇ ਮਾਪਿਆਂ ਦੁਆਰਾ ਬਣਦਾ ਹੈ । ਇਹ ਸਭ ਤੋਂ ਛੋਟਾ ਰਿਸ਼ਤੇਦਾਰੀ ਜੁੱਟ ਹੈ, ਜਿਸ ਦੀ ਫੈਲਣਯੋਗਤਾ ਬਾਕੀ ਸਾਰੇ ਸਾਕਾਦਾਰੀ ਜੁੱਟਾਂ ਨਾਲੋਂ ਵਧੇਰੇ ਸੀਮਿਤ ਹੁੰਦੀ ਹੈ" ।[8] ਪਰਿਵਾਰ ਬੱਚਿਆਂ ਦੇ ਬਚਪਨ ਤੋਂ ਲੈ ਕੇ ਉਨ੍ਹਾਂ ਨੂੰ ਸਮਾਜਕ ਭਾਈਚਾਰਕ ਕ੍ਰਿਆਵਾਂ ਵਿਚ ਸ਼ਰੀਕ ਕਰਨ ਤਕ ਹਰ ਤਰ੍ਹਾਂ ਦੀ ਮੱਦਦ ਕਰਦਾ ਹੈ ਕਿਉਂਕਿ ਪਰਿਵਾਰ ਬੱਚੇ ਦੀ ਮੁੱਢਲੀ ਪਾਠਸ਼ਾਲਾ ਹੈ । ਪਰਿਵਾਰ ਇਹ ਮੱਦਦ ਪਿਆਰ ਅਤੇ ਚਾਹਤ, ਅਧਿਕਾਰਾਨਾ ਅਤੇ ਅਨੁਸ਼ਾਸਨੀ ਰਵੱਈਏ ਭਾਵ ਹਰੇਕ ਤਰ੍ਹਾਂ ਨਾਲ ਪ੍ਰਦਾਨ ਕਰਦਾ ਹੈ । ਪਰਿਵਾਰ ਦੀ ਬਣਤਰ ਜੀਵ-ਵਿਗਿਆਨਕ ਹੈ । ਜੀਵ-ਵਿਗਿਆਨਕ ਅੰਤਰ ਸੰਬੰਧਾਂ ਨੂੰ ਰਕਤ ਸੰਬੰਧ ਕਹਿ ਸਕਦੇ ਹਾਂ ਜਿਨ੍ਹਾਂ ਨੂੰ ਸਮਾਜਕ ਪ੍ਰਵਾਨਗੀ ਨਾਲ ਰਿਸ਼ਤੇਦਾਰੀ ਦਾ ਨਾਂ ਦਿੱਤਾ ਜਾਂਦਾ ਹੈ । ਪਰਿਵਾਰ ਆਦਮੀਆਂ ਦਾ ਇਕ ਅਜਿਹਾ ਸਮੂਹ ਹੈ ਜੋ ਇਕ ਦੂਜੇ ਨਾਲ ਖੂਨ ਦੇ ਆਧਾਰ ਤੇ ਸੰਬੰਧਿਤ ਹੁੰਦੇ ਹਨ । ਖੂਨ ਦੇ ਸੰਬੰਧਾਂ ਤੋਂ ਭਾਵ ਇਹ ਹੈ ਕਿ ਇਕ ਪਰਿਵਾਰ ਦੇ ਮੈਂਬਰ ਨਵ-ਉਤਪਾਦਨ ਦੀ ਪ੍ਰਕਿਰਿਆ ਦੁਆਰਾ ਸੰਬੰਧਿਤ ਹੁੰਦੇ ਹਨ । ਇਸ ਪ੍ਰਕਿਰਿਆ ਦੁਆਰਾ ਆਦਮੀ ਫਿਰ ਤੋਂ ਅਜਿਹੇ ਪਰਿਵਾਰ ਦਾ ਮੈਂਬਰ ਬਣ ਜਾਂਦਾ ਹੈ ਜਿਸ ਵਿਚ ਉਹ ਪਤੀ ਤੇ ਪਿਤਾ ਹੁੰਦਾ ਹੈ । ਇਸ ਸਮੁੱਚੇ ਤਾਣੇ ਬਾਣੇ ਨੂੰ ਵੰਸ਼-ਪਰੰਪਰਾਗਤ ਸੰਬੰਧ ਕਿਹਾ ਜਾ ਸਕਦਾ ਹੈ । ਪਰਿਵਾਰ ਸਿਰਫ਼ ਪੁਨਰ ਉਤਪਾਦਨ ਦੀ ਹੀ ਇਕਾਈ ਨਾ ਹੋ ਕੇ ਆਰਥਿਕ ਮਿਲਵਰਤਣ, ਸਿਖਲਾਈ ਅਤੇ ਸਹਾਇਤਾ ਦੀ ਵੀ ਇਕ ਇਕਾਈ ਹੈ । ਬਰਨਾਰਡ ਜੈਸੀ (Bernard Jassie) ਦੇ ਸ਼ਬਦਾਂ ਵਿਚ :

> ਪਰਿਵਾਰ ਇਕ ਸੰਸਥਾ ਦੇ ਰੂਪ ਵਿਚ ਬੱਚੇ ਦਾ ਸਮਾਜੀਕਰਣ, ਵਿਅਕਤੀ ਦੀਆਂ ਇੱਛਾਵਾਂ ਨੂੰ ਜਾਨਣ ਉਪਰੰਤ ਇਨ੍ਹਾਂ ਦੀ ਸੰਤੁਸ਼ਟੀ ਲਈ ਹੁੰਗਾਰਾ ਦੇਣਾ, ਪੁਨਰ ਉਤਪਾਦਨ ਦੀ ਘਾੜਤ (ਸਿਰਜਣਾ), ਆਰਥਿਕ ਮਿਲਵਰਤਣ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਇਦਾਦ ਦੀ ਵਾਰਸੀ ਅਤੇ ਸਮਾਜਕ ਹਾਲਾਤ ਦਾ ਉੱਤਰਅਧਿਕਾਰੀ ਆਦਿ ਮਨੋਰਥ ਪ੍ਰਦਾਨ ਕਰਦਾ ਹੈ ।[9]

ਮੁੱਢਲਾ ਪਰਿਵਾਰ ਇਕ ਅਜਿਹਾ ਯੂਨਿਟ ਹੈ ਜਿਸ ਵਿਚ ਆਦਮੀ ਤੇ ਉਸ ਦੀ ਪਤਨੀ, ਸਾਰੇ ਵਿਆਹੇ ਤੇ ਕੁਆਰੇ ਬੱਚੇ, ਜਵਾਨ ਜਾਂ ਬੁੱਢੇ, ਘਰ 'ਚ ਰਹਿੰਦੇ ਹਨ ਜਾਂ ਬਾਹਰ, ਸਾਰੇ ਆ ਜਾਂਦੇ ਹਨ ।[10] ਅਜਿਹੇ ਲੋਕ ਜਿਹੜੇ ਵਿਆਹ ਅਤੇ ਖ਼ੂਨ ਰਾਹੀਂ ਇਕ ਦੂਜੇ ਨਾਲ ਜੁੜਦੇ ਹਨ ਅਤੇ ਜਿਨ੍ਹਾਂ ਦੀ ਰਿਸ਼ਤੇਦਾਰੀ ਲੰਮੇਰੀ ਸਭਿਆਚਾਰਕ ਵਿਰਾਸਤ ਦਾ ਇਕ ਹਿੱਸਾ ਹੁੰਦੀਂ ਹੈ, ਜਿਸ ਵਿਚ ਕਿਸੇ ਵੀ ਵਿਅਕਤੀ ਜਾਂ ਪਰਿਵਾਰ ਦੀ ਸਾਪੇਖ ਮਹੱਤਾ ਦੀ ਲੋੜ ਨਹੀਂ ਹੁੰਦੀ, ਜੇ ਸਮੂਹ ਨੂੰ ਹੀ ਪਰਿਵਾਰ ਕਿਹਾ ਜਾ ਸਕਦਾ ਹੈ । ਪੇਜ ਅਤੇ ਮੈਕਾਈਵਰ ਨੇ ਪਰਿਵਾਰ ਨੂੰ ਇਉਂ ਸਪਸ਼ਟ ਕੀਤਾ ਹੈ :

> ਪਰਿਵਾਰ ਇਕ ਅਜਿਹਾ ਸਮੂਹ ਹੈ ਜੋ ਕਿ ਲਿੰਗਕ ਸੰਬੰਧਾਂ ਉੱਤੇ ਆਧਾਰਿਤ ਹੈ ਅਤੇ ਇੰਨਾ ਛੋਟਾ ਅਤੇ ਸਥਾਈ ਹੈ ਕਿ ਇਸ ਵਿਚ ਬੱਚਿਆਂ ਦੀ ਉਤਪਤੀ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਹੋ ਸਕਦਾ ਹੈ। ਇਸ ਦੇ ਅੰਦਰ ਸਗੋਤਰੀ ਜਾਂ ਗੌਣ ਸੰਬੰਧ ਹੋ ਸਕਦੇ ਹਨ, ਪਰ ਉਹ ਆਪਣੀ ਸੰਤਾਨ ਦੇ ਨਾਲ ਸਾਥੀ ਵਿਅਕਤੀਆਂ ਦੇ ਨਾਲ ਜੀਉਣ ਦੀ ਬਹੁਤ ਹੀ ਸਪਸ਼ਟ ਇਕਾਈ ਹੈ ।[11]

ਪੇਜ ਅਤੇ ਮੈਕਾਈਵਰ ਨੇ ਜਿਹੜੀ ਸਗੋਤਰੀ ਜਾਂ ਗੌਣ ਸੰਬੰਧਾਂ ਦੀ ਗੱਲ ਕੀਤੀ ਹੈ ਉਸ ਨਾਲ ਪਰਿਵਾਰ ਇਕ ਇਕਾਈ ਨਾ ਰਹਿ ਕੇ ਵਿਸਤ੍ਰਿਤ ਖੇਤਰ ਦਾ ਧਾਰਣੀ ਹੋ ਗਿਆ ਹੈ, ਜਿਸ ਕਰਕੇ ਅਸੀਂ ਇਸ ਪਰਿਭਾਸ਼ਾ ਨੂੰ ਸੰਪੂਰਣ ਨਹੀਂ ਮੰਨ ਸਕਦੇ ਕਿਉਂਕਿ "ਰਕਤ ਸੰਬੰਧੀ ਪਰਿਵਾਰ ਰਕਤ ਸੰਬੰਧੀਆਂ ਦਾ ਇਕ ਅਜਿਹਾ ਕੇਂਦਰ ਹੈ ਜੋ ਕਿ ਪਤੀ ਪਤਨੀ ਦੇ ਜਾਲ ਨਾਲ ਘਿਰਿਆ ਹੋਇਆ ਹੈ" ।[12] ਅਜਿਹਾ ਪਰਿਵਾਰ ਜ਼ਿਆਦਾ ਸਥਿਰ ਹੁੰਦਾ ਹੈ ਕਿਉਂਕਿ ਪੁਨਰ ਉਤਪਾਦਨ ਰਾਹੀਂ ਇਕ ਮੈਂਬਰ ਦੀ ਮੌਤ ਤੇ ਪਰਿਵਾਰ ਸਮਾਪਤ ਨਹੀਂ ਹੋ ਜਾਂਦਾ । ਜਨਮ ਤੋਂ ਹੀ ਹਰੇਕ ਆਦਮੀ ਅਜਿਹੇ ਪਰਿਵਾਰ ਦਾ ਮੈਂਬਰ ਬਣ ਜਾਂਦਾ ਹੈ । (Malcolm Mcfee) ਨੇ ਲਿਖਿਆ ਹੈ ਕਿ 'ਪਰਿਵਾਰ ਸਮਾਜਕ ਕਰਤੱਵਾਂ ਅਤੇ ਅਧਿਕਾਰਾਂ ਦਾ ਪਰਵਾਨਾ ਅਤੇ ਪਤੀ ਜਾਂ ਪਤਨੀ, ਮਾਪਿਆਂ ਅਤੇ ਹੋਰ ਸੰਬੰਧੀਆਂ ਦੇ ਰੋਲ ਨੂੰ ਨਿਰਧਾਰਤ ਕਰਨ ਵਾਲਾ ਸਮਾਜਕ ਸੂਤਰ ਹੈ" ।[13] ਸਾਕਾਦਾਰੀ ਪ੍ਰਣਾਲੀ ਦੀ ਨੀਂਹ ਸਮਾਜਕ ਬਣਤਰ ਅਜਿਹਾ ਸਮੂੰਹ ਹੈ ਜਿਸ ਨੂੰ ਮੁੱਢਲਾ ਪਰਿਵਾਰ ਆਖਿਆ ਜਾ ਸਕਦਾ ਹੈ, ਜਿਸ ਵਿਚ ਵਿਵਾਹਤ ਜੋੜਾ ਅਤੇ ਉਨ੍ਹਾਂ ਦੇ ਬੱਚੇ ਸ਼ਾਮਿਲ ਹੁੰਦੇ ਹਨ । ਬੱਚੇ ਗੋਦ ਲੈ ਕੇ ਅਪਣਾਏ ਜਾਣ ਦੁਆਰਾ ਅਤੇ ਨਾਲ ਹੀ ਜਨਮ ਦੁਆਰਾ ਵੀ ਪਰਿਵਾਰ ਦੇ ਮੈਂਬਰ ਬਣ ਜਾਂਦੇ ਹਨ । ਜਟਿਲ ਪਰਿਵਾਰਾਂ ਤੋਂ ਪੈਦਾ ਹੋਣ ਵਾਲੇ ਸੰਬੰਧਾਂ ਤੋਂ ਮਤਰੇਏ ਰਿਸ਼ਤੇਦਾਰ ਪੈਦਾ ਹੋ ਜਾਂਦੇ ਹਨ । ਜਿਹੜੇ ਪੰਜ ਲੱਛਣ ਪੇਜ ਅਤੇ ਮੈਕਾਈਵਰ ਨੇ ਹਰੇਕ ਮਾਨਵ ਸਮਾਜ ਵਿਚ ਪਰਿਵਾਰਕ ਇਕਾਈ ਦੇ ਦੱਸੇ ਹਨ, ਜੋ ਕਿ ਸਰਵ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਪਕ ਹਨ ਅਤੇ ਪਰਿਵਾਰ ਦੀ ਪ੍ਰਕਿਰਤੀ ਦੇ ਅਨੁਕੂਲ ਹਨ, ਹਰੇਕ ਮਾਨਵ ਸਮਾਜ ਵਿਚ ਦਿਸ ਆਉਂਦੇ ਹਨ :

1. ਲਿੰਗਕ ਸੰਬੰਧ ।
2. ਵਿਆਹ ਦੀ ਕੋਈ ਕਿਸਮ ਜਾਂ ਹੋਰ ਸੰਸਥਾਤਮਕ ਪ੍ਰਬੰਧ ਜਿਸ ਦੇ ਅਨੁਸਾਰ ਲਿੰਗਕ ਸੰਬੰਧ ਸਥਾਪਿਤ ਅਤੇ ਨਿਰਵਾਹਤ ਹੁੰਦੇ ਹਨ ।
3. ਵੰਸ ਗਣਨਾ ਨੂੰ ਅੰਤਰ ਨਿਹਿਤ ਕਰਨ ਵਾਲੀ ਨਾਮਕਰਣ ਪੱਧਤੀ ।
4. ਸਮੂੰਹ ਦੇ ਮੈਂਬਰ ਰਾਹੀਂ ਸਾਂਝੇ ਵਰਤੇ ਜਾਣ ਵਾਲੇ ਕੁਝ ਆਰਥਿਕ ਵਸੀਲੇ ਵੀ ਹੋ ਸਕਦੇ ਹਨ ।
5. ਸਾਂਝਾ ਨਿਵਾਸ ਸਥਾਨ ।[14]

ਇਉਂ ਸਪੱਸ਼ਟ ਹੈ ਕਿ ਹਰ ਪਰਿਵਾਰ ਵਿਆਹ ਦੁਆਰਾ ਹੋਂਦ ਵਿਚ ਆਉਂਦਾ ਹੈ, ਔਲਾਦ ਦੇ ਜਨਮ ਦੁਆਰਾ ਪੂਰਨ ਹੁੰਦਾ ਹੈ ਤੇ ਮੌਤ ਜਾਂ ਦੂਜੇ ਵਿਆਹ ਨਾਲ ਸਮਾਪਤ ਹੋ ਜਾਂਦਾ ਹੈ । ਇਸ ਤਰ੍ਹਾਂ ਇਹ ਇਕ ਹੰਢਣਸਾਰ ਜੁੱਟ ਹੈ ਜੋ ਇਸ ਨੂੰ ਹੋਂਦ ਵਿਚ ਲਿਆਉਣ ਵਾਲੇ ਮੈਂਬਰਾਂ ਦੁਆਰਾ ਲਿਆਂਦੀਆਂ ਜਾਣ ਵਾਲੀਆਂ ਤਬਦੀਲੀਆਂ ਤੇ ਪਰਭਾਵਕ (ਨਿਰਭਰ) ਹੁੰਦਾ ਹੈ ।[15] ਇਸ ਤਰ੍ਹਾਂ ਜਦੋਂ ਆਦਮੀ ਨਿਰਧਾਰਨ ਦੇ ਪਰਿਵਾਰ ਤੋਂ ਉਤਪਾਦਨ ਦੇ ਪਰਿਵਾਰ ਵੱਲ ਆਉਂਦਾ ਹੈ ਤਾਂ ਇਕ ਨਵਾਂ ਘਰ ਸਥਾਪਿਤ ਹੋ ਜਾਂਦਾ ਹੈ ਜਿਥੋਂ ਫਿਰ ਰਿਸ਼ਤੇਦਾਰੀ ਦੀਆਂ ਹੋਰ ਸਾਖਾਵਾਂ ਪੁੰਗਰਦੀਆਂ ਹਨ । ਇਨ੍ਹਾਂ ਪਰਿਵਾਰਾਂ ਅਤੇ ਹੋਰ ਸੰਸਥਾਵਾਂ ਵਿਚ ਬਹੁਤ ਗੂੜ੍ਹਾ ਸੰਬੰਧ ਹੁੰਦਾ ਹੈ ਕਿਉਂਕਿ ਇਨ੍ਹਾਂ ਸੰਸਥਾਵਾਂ ਦੇ ਸਿਰਜਣਹਾਰ ਹਰੇਕ ਧਾਰਮਿਕ, ਆਰਥਿਕ ਅਤੇ ਹੋਰ ਸਭਿਆਚਾਰਕ ਸੰਸਥਾਵਾਂ ਦੇ ਵੀ ਹਿੱਸੇਦਾਰ ਹੁੰਦੇ ਹਨ । ਇਨ੍ਹਾਂ ਪਰਿਵਾਰਾਂ ਦੀ ਹੋਂਦ ਤੋਂ ਤਿੰਨ ਵਿਸ਼ੇਸ਼ ਸਮਾਜਕ ਸੰਬੰਧ ਉਤਪਨ ਹੁੰਦੇ ਹਨ ਜਿਨ੍ਹਾਂ ਵਿਚ ਮਾਪਿਆਂ ਤੇ ਬੱਚਿਆਂ ਦੇ ਸੰਬੰਧ, ਸਾਂਝੇ ਮੈਂਬਰ ਦੁਆਰਾ ਦੋ ਪਰਿਵਾਰਾਂ ਨੂੰ ਜੋੜਨ ਵਾਲੇ ਸੰਬੰਧ ਅਤੇ ਤੀਜੀ ਪੱਧਰ ਤੇ ਗੌਣ ਸੰਬੰਧ ਆਉਂਦੇ ਹਨ । "ਇਹ ਉਹ ਸੰਬੰਧ ਹਨ ਜੋ ਇਕ ਸਾਕਾਦਾਰੀ ਪ੍ਰਣਾਲੀ ਦੀ ਉਸਾਰੀ ਕਰਦੇ ਹਨ ਜਾਂ ਇਹ ਪੂਰਣ ਰੂਪ ਵਿਚ ਸਾਕਾਦਾਰੀ ਜਾਂ ਸੰਬੰਧ ਜਾਂ ਰਿਸ਼ਤੇਦਾਰੀ ਦੀ ਇਕ ਪ੍ਰਣਾਲੀ ਬਣਾਉਂਦੇ ਹਨ, ਜਿਸ ਨੂੰ ਸਾਕਾਦਾਰੀ ਪ੍ਰਣਾਲੀ ਕਿਹਾ ਜਾਂਦਾ ਹੈ ।[16] ਨਾਤੇਦਾਰੀ ਵਿਵਸਥਾ ਤੋਂ ਭਾਵ ਸਮਾਜਕ ਸੰਬੰਧਾਂ ਦਾ ਇਕ ਜਾਲ ਹੈ ਜਿਹੜਾ ਕਿ ਸਮਾਜਕ ਸੰਬੰਧਾਂ ਦੇ ਸਮੁੱਚੇ ਤਾਣੇ ਬਾਣੇ ਦਾ ਹੀ ਭਾਗ ਹਨ । ਇਸ ਨੂੰ ਸਮਾਜਕ ਬਣਤਰ ਵੀ ਆਖਿਆ ਜਾ ਸਕਦਾ ਹੈ । ਸਾਕ ਸੰਬੰਧੀਆਂ ਦੇ ਇਕ ਦੂਜੇ ਪ੍ਰਤੀ ਕਰਤੱਵ ਅਤੇ ਅਧਿਕਾਰ, ਉਹ ਸਮਾਜਕ ਰਿਵਾਜ ਜਾਂ ਪ੍ਰਥਾਵਾਂ, ਜਿਨ੍ਹਾਂ ਦੀ ਉਹ ਸਮਾਜਕ ਭਾਈਚਾਰੇ ਵਿਚ ਪਾਲਣਾ ਕਰਦੇ ਹਨ ਇਸ ਪ੍ਰਣਾਲੀ ਦੇ ਅੰਗ ਜਾਂ ਭਾਗ ਹੁੰਦੇ ਹਨ ਕਿਉਂਕਿ ਇਨ੍ਹਾਂ ਦੁਆਰਾ ਹੀ ਰਿਸ਼ਤੇਦਾਰੀਆਂ ਦਾ ਵਰਣਨ ਕੀਤਾ ਜਾਂਦਾ ਹੈ ।" ਰਿਸ਼ਤੇਦਾਰੀ ਜੀਵ ਵਿਗਿਆਨਕ ਵੀ ਹੋ ਸ਼ਕਦੀ ਹੈ ਜੇਕਰ ਇਹ ਖਾਸਕਰ ਖੂਨ ਦੇ ਸੰਬੰਧਾਂ ਤੇ ਅਧਾਰਿਤ ਹੋਵੇ ਜਾਂ ਸਮਾਜਕ, ਜੇ ਇਹ ਗੋਦੀ ਲੈਣ ਤੇ ਜਾਂ ਇਕੱਠ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਧਾਰਿਤ ਹੋਵੇ।''[17]

ਰਿਸ਼ਤੇਦਾਰੀ ਦੀ ਮਹਾਨਤਾ ਸਰਵੁੱਚ ਹੈ। ਜਿਥੇ ਆਦਮੀ ਦੀ ਸਮੁਦਾਇ ਦਾ ਮੈਂਬਰ ਹੋਣ ਦੇ ਨਾਤੇ ਉਸ ਦੀ ਆਗਿਆ ਮੰਨੀ ਜਾਂਦੀ ਹੈ ਅਤੇ ਉਹ ਵੀ ਹਰੇਕ ਦੀ ਆਗਿਆ ਮੰਨਦਾ ਹੈ, ਜਿਹੜੇ ਉਸ ਦੇ ਮਿੱਤਰ ਹਨ ਅਤੇ ਦੁਸ਼ਮਣ ਵੀ, ਜਿਹੜੇ ਵਿਆਹੇ ਹਨ ਚਾਹੇ ਨਹੀਂ ਵਿਆਹੇ, ਜਿਨ੍ਹਾਂ ਤੋਂ ਉਹ ਵਿਰਾਸਤ ਦੀ ਆਸ ਰੱਖਦਾ ਹੈ ਅਤੇ ਜਿਨ੍ਹਾਂ ਨੂੰ ਉਹ ਜਾਇਦਾਦ ਅਤੇ ਰੁਤਬਾ ਉਵੇਂ ਅਗਾਂਹ ਦੇ ਦੇਂਦਾ ਹੈ। ਇਹ ਸਾਰੀਆਂ ਅਤੇ ਹੋਰ ਬਹੁਤ ਸਾਰੀਆਂ ਗੱਲਾਂ ਉਸ ਦੇ ਰੁਤਬੇ ਦੁਆਰਾ ਇਕ ਸਾਕਾਦਾਰੀ ਸਿਸਟਮ ਵਿਚ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ।[18] ਰਿਸ਼ਤੇਦਾਰੀ ਨੂੰ ਉਨ੍ਹਾਂ ਸੰਬੰਧਾਂ ਰਾਹੀਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜਿਹੜੇ ਪੀੜ੍ਹੀਆਂ/ਪੁਸ਼ਤਾਂ ਦੇ ਰੁਤਬਿਆਂ ਰਾਹੀਂ ਨਿਰਧਾਰਤ ਕੀਤੇ ਜਾ ਸਕਦੇ ਹਨ ਅਤੇ ਵਰਣਨ ਕੀਤੇ ਜਾ ਸਕਦੇ ਹਨ। ਬੰਸ ਜਾਂ ਉਸ ਵਰਗੇ ਹੋਰ ਸਮਾਜਕ ਗਰੁੱਪਾਂ ਦੇ ਸੰਬੰਧਾਂ ਦੇ ਬੰਧਨਾ ਨਾਲੋਂ ਰਿਸ਼ਤੇਦਾਰੀ ਘੇਰਾ ਤੰਗ ਵੀ ਹੋ ਸਕਦਾ ਹੈ ਅਤੇ ਵਿਸ਼ਾਲ ਵੀ। ''ਰਿਸ਼ਤੇਦਾਰੀ ਦਾ ਅਧਿਐਨ ਇਸ ਖੋਜ ਦਾ ਮੁਤਾਲਿਆ ਕਰਦਾ ਹੈ ਕਿ ਕਿਵੇਂ ਰਿਸ਼ਤੇ ਨਾਤਿਆਂ ਦੁਆਰਾ ਸਮਾਜਕ ਬੰਧਨ ਕਾਇਮ ਕੀਤੇ ਜਾਂਦੇ ਹਨ; ਕਿਵੇਂ ਇਹ ਨਾਤੇਦਾਰੀ ਵਿਅਕਤੀਗਤ ਤੌਰ ਤੇ ਜਾਂ ਸਮਾਜਕ ਕਿਰਿਆਵਾਂ ਨਾਲ ਸੰਬੰਧਿਤ ਹੁੰਦੀ ਹੈ ਅਤੇ ਕਿਵੇਂ ਜਿਨਸੀ ਸੰਬੰਧ ਸਮਾਜਕ ਰਿਸ਼ਤੇਦਾਰੀ ਤੋਂ ਅਲੱਗ ਹੁੰਦੇ ਹਨ''।[19] ਇਨ੍ਹਾਂ ਸੰਬੰਧਾਂ ਦੀ ਪ੍ਰਵਾਨਗੀ ਪਿੱਛੇ ਅਧਿਕਾਰ ਦੀ ਭਾਵਨਾ ਕੰਮ ਕਰ ਰਹੀ ਹੁੰਦੀ ਹੈ ਜਿਸ ਵਿਚ ਪਤੀ ਤੇ ਪਤਨੀ ਦੋਵੇਂ ਸ਼ਰੀਕ ਹੁੰਦੇ ਹਨ।

ਰਿਸ਼ਤੇਦਾਰੀ ਸਮਾਜਕ ਸੰਗਠਨ ਅਤੇ ਭਾਵਨਾਵਾਂ ਦਾ ਧੁਰਾ ਹੈ ਜੋ ਮਨੁੱਖ ਨੂੰ ਹਰੇਕ ਸਮਾਜਕ ਸਥਿਤੀ ਪ੍ਰਤਿ ਸੁਚੇਤ ਹੋਣ ਦੀ ਸੂਚਨਾ ਦੇਂਦਾ ਹੈ। ਰਿਸ਼ਤੇਦਾਰੀ ਦਾ ਸਮਾਜਕ ਕੰਮ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ—ਕਰਤੱਵ, ਅਧਿਕਾਰ ਅਤੇ ਬੰਦਸ਼ਾਂ।[20] ਆਦਮੀ ਅਤੇ ਔਰਤ ਇਕ ਦੂਜੇ ਦੇ ਸਾਥੀ ਹੋਣ ਦੇ ਨਾਤੇ ਬੱਚਿਆਂ ਦੇ ਜਨਮ ਦੁਆਰਾ ਸਮੂਹਾਂ ਵਿਚ ਰਹਿੰਦੇ ਹਨ। ਆਪਣੀਆਂ ਜ਼ਿੰਮੇਵਾਰੀਆਂ, ਬੰਦਸ਼ਾਂ ਅਤੇ ਕਰਤੱਵਾਂ ਆਦਿ ਨੂੰ ਬੱਚਿਆਂ ਤੇ ਲਾਗੂ ਕਰਕੇ ਉਨ੍ਹਾਂ ਨੂੰ ਸਮਾਜ ਵਿਚ ਵਿਚਰਨ ਯੋਗ ਬਣਾਉਂਦੇ ਹਨ। ਜਦੋਂ ਬੱਚਾ ਆਪਣੇ ਮਾਪਿਆਂ ਨੂੰ ਸਮਾਜਕ ਤੌਰ ਤੇ ਪ੍ਰਵਾਨ ਕਰ ਲੈਂਦਾ ਹੈ ਤਾਂ ਉਹ ਉਤਰਾਧਿਕਾਰਤਾ ਅਤੇ ਵਿਰਾਸਤ ਦੇ ਨਿਯਮ ਰਾਹੀਂ ਖ਼ੂਨੀ ਰਿਸ਼ਤੇ ਦੇ ਗਰੁੱਪ ਨਾਲ ਸੰਬੰਧਤ ਹੋ ਜਾਂਦਾ ਹੈ। ਪਰਿਸਥਿਤੀਆਂ ਦੇ ਅਧੀਨ ਕਈ ਵਾਰ ਕਈ ਲੋਕਾਂ ਨੂੰ ਇਨ੍ਹਾਂ ਤੋਹਫਿਆਂ ਤੋਂ ਵਾਂਝਿਆ ਵੀ ਰੱਖਿਆ ਜਾਂਦਾ ਹੈ ਪਰ ਆਮ ਤੌਰ ਤੇ ਹਰੇਕ ਆਦਮੀ ਕਿਸੇ ਗਰੁੱਪ ਜਾਂ ਰਿਸ਼ਤੇ ਦੀ ਮੈਂਬਰਸ਼ਿਪ ਲਈ ਦਾਅਵਾ (appeel) ਕਰ ਸਕਦਾ ਹੈ। ''ਕਈ ਵਿਦਵਾਨ ਇਨ੍ਹਾਂ ਤਿੰਨਾਂ ਉਤਰਾਧਿਕਾਰਤਾ, ਵਿਰਾਸਤ ਅਤੇ ਲਹੂ ਗਰੁੱਪ ਨੂੰ ਵੱਖ ਵੱਖ ਰੱਖਦੇ ਹਨ, ਪਰ ਹਰੇਕ ਸਮਾਜ ਵਿਚ ਇਹ ਤਿੰਨੇ ਇਕੋ ਹੀ ਸੇਧ ਵਿਚ ਚਲਦੇ ਹਨ ਅਤੇ ਇਕ ਦੂਜੇ ਨਾਲ ਪਰਸਪਰ ਸੰਬੰਧਿਤ ਹੁੰਦੇ ਹਨ।''[21]



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨਸੀ ਸੰਬੰਧ ਕਈ ਵਾਰ ਸੰਬੋਧਤਾ ਵਿਚ ਲੁਕੇ ਹੁੰਦੇ ਹਨ, ਇਹ ਪਵਿੱਤਰਤਾ ਦੇ ਕਾਰਣ ਕਰਕੇ ਵੀ ਹੋ ਸਕਦਾ ਹੈ। ਪਰ ਇਹ ਮੁਢਲੀ ਧਾਰਨਾ ਹੈ, ਆਧੁਨਿਕ ਸਮਾਜ ਵਿਚ ਜ਼ਰੂਰੀ ਨਹੀਂ ਕਿ ਪਤਨੀ ਆਪਣੇ ਪਤੀ ਨੂੰ ਪੁੱਤਰ ਨੂੰ ਮਾਧਿਅਮ ਬਣਾ ਕੇ ਹੀ ਬੁਲਾਵੇ। ਇਹੋ ਹਾਲਤ ਪਤੀ ਵਾਲੇ ਪਾਸੇ ਵੀ ਲਾਗੂ ਹੁੰਦੀ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪਤੀ ਪਤਣੀ ਸਾਂਝੇ ਨਵ-ਉਤਪਾਦਨ ਤੇ ਸੰਗ ਦੇ ਕਾਰਣ ਜੀਵ-ਵਿਗਿਆਨਕ ਸੰਬੰਧ ਰੱਖਦੇ ਹਨ, ਮਾਪਿਆਂ ਤੇ ਬੱਚਿਆਂ ਦਾ ਪੁਤਰੀਕਰਣ (filiation) ਰਾਹੀਂ ਸਿੱਧਾ ਸੰਬੰਧ ਹੁੰਦਾ ਹੈ ਤੇ ਭੈਣ ਭਰਾ ਸਾਂਝੇ ਮਾਪਿਆਂ ਰਾਹੀਂ ਇਕ ਦੂਜੇ ਨਾਲ ਸੰਬੰਧਿਤ ਹੁੰਦੇ ਹਨ। ਇਸ ਰਿਸ਼ਤੇਦਾਰੀ ਕਾਰਣ ਆਦਮੀ ਦੇ ਵਿਆਹ ਸਮੇਂ ਉਸ ਦੀ ਚੋਣ ਤੇ ਕਈ ਪ੍ਰਕਾਰ ਦੀਆਂ ਬੰਦਸ਼ਾਂ ਲੱਗੀਆਂ ਹੁੰਦੀਆਂ ਹਨ। ਭੋਗ ਵਿਵਰਜਣ ਦੇ ਆਧਾਰ ਤੇ ਵਿਸ਼ਵ ਪੱਧਰ ਦੀ ਮਨਾਹੀ ਹੈ। ਇਸ ਭੋਗ ਵਿਵਰਜਣ ਦੇ ਅੰਤਰਗਤ ਕਿਹੜੀ ਕ੍ਰਿਆ ਕਾਰਜਸ਼ੀਲ ਹੈ ਇਸ ਬਾਰੇ ਵੱਖ ਵੱਖ ਰਾਵਾਂ ਹਨ। ਵੇਸਟਰ ਮਾਰਕ ਨੇ ਇਹ ਤਰਕ ਪ੍ਰਗਟਾਇਆ ਸੀ ਕਿ ਜਿਨ੍ਹਾਂ ਲੋਕਾਂ ਦਾ ਪਾਲਣ ਪੋਸਣ (ਭਾਈ ਭੈਣ ਦੇ ਸਮਾਨ) ਇਕੱਠਾ ਹੀ ਹੁੰਦਾ ਹੈ, ਉਹ ਇਕ ਦੂਜੇ ਨਾਲ ਇੰਨੇ ਪਰਿਚਿਤ ਹੁੰਦੇ ਹਨ ਕਿ ਜਵਾਨ ਹੋਣ ਤੇ ਉਨ੍ਹਾਂ ਵਿਚ ਲਿੰਗ-ਆਕਰਸ਼ਣ ਹੁੰਦਾ ਹੀ ਨਹੀਂ।[22] ਪਰ ਇਹ ਗੱਲ ਇੰਨੀ ਢੁਕਦੀ ਨਹੀਂ ਜਦ ਪਰਿਵਾਰਕ ਵਿਕਾਸ ਦੇ ਮੁੱਢਲੇ ਪੜਾਅ ਤੇ ਭੈਣ ਭਰਾ ਵਿਚ ਵਿਆਹ ਹੁੰਦਾ ਸੀ ਉਦੋਂ ਕਿਵੇਂ ਲਿੰਗ-ਆਕਰਸ਼ਣ ਹੁੰਦਾ ਸੀ। ਕਾਮ ਕੁਦਰਤੀ ਜਜ਼ਬਾ ਹੈ, ਇਹ ਰੋਕਿਆ ਨਹੀਂ ਜਾ ਸਕਦਾ। ਵੱਖ ਵੱਖ ਨਿਯਮਾਂ ਦੀ ਹੋਂਦ ਵੀ ਅਜਿਹਾ ਸੋਚਣ ਲਈ ਮਜ਼ਬੂਰ ਨਹੀਂ ਕਰ ਸਕਦੀ। ਪਰਿਵਾਰ ਵਿਚ ਅਧਿਕਾਰਾਨਾ ਬਣਤਰ ਕਾਰਣ ਲਿੰਗ ਸੰਬੰਧ ਨਹੀਂ ਹੋ ਸਕਦੇ। ਜੇਕਰ ਅਜਿਹਾ ਹੁੰਦਾ ਹੈ ਤਾਂ ਪਤਨੀਆਂ ਤੋਂ ਉਪਜੀ ਈਰਖਾ ਤਬਾਹੀ ਸਾਬਤ ਹੋ ਸਕਦੀ ਹੈ"।[23] ਇਹ ਗੱਲ ਬਿਲਕੁਲ ਪਰਿਵਾਰਕ ਵਰਜਿਤ ਭੋਗਾਂ ਦੇ ਅਨੁਕੂਲ ਹੈ। ਲੈਵੀ ਸਤ੍ਰਾਸ ਨੇ ਵੀ ਇਨ੍ਹਾਂ ਵਰਜਿਤ ਸੰਬੰਧਾਂ ਦਾ ਵਰਣਨ ਕੀਤਾ ਹੈ ਉਸ ਅਨੁਸਾਰ :

> ਅਸੀਂ ਨਿਕਟ ਸੰਬੰਧੀਆਂ ਦੇ ਵਿਚ ਵਿਵਾਹਾਂ ਨੂੰ ਵਰਜਿਤ ਕਰਕੇ ਆਪਣੇ ਆਪ ਨੂੰ ਇਹ ਸੰਤੋਸ਼ ਦੇ ਦੇਂਦੇ ਹਾਂ ਕਿ ਇਸ ਨਾਲ ਕੁਟੰਬ ਆਪਣੇ ਅਲੱਗ ਅਲੱਗ ਘੇਰੇ ਵਿਚ ਹੀ ਬੰਦ ਨਹੀਂ ਰਹਿ ਜਾਣਗੇ ਅਤੇ ਕਰਮਵਾਰ ਆਪਣੇ ਆਪ ਨੂੰ ਬਹੁ ਸੰਖਿਅਕ ਆਤਮ ਵਿਲੰਬਤ ਇਕਾਈਆਂ ਵਿਚ ਸੰਗਠਿਤ ਨਹੀਂ ਕਰ ਲੈਣਗੇ।[24]

ਲੈਵੀ ਸਤ੍ਰਾਸ ਨੇ ਜਿਹੜੀ ਗੱਲ ਕੁਟੰਬ ਦੀ ਫੈਲਣ ਯੋਗਤਾ ਬਾਰੇ ਕਹੀ ਹੈ ਉਹ ਬਿਲਕੁਲ ਸਮਾਜਕ ਸੰਰਚਨਾ ਦੇ ਅਨੁਕੂਲ ਹੈ। ਇਸਤਰੀਆਂ ਦੀ ਅਦਲਾ ਬਦਲੀ ਹੀ ਸਮਾਜਕ ਸੰਰਚਨਾ ਦਾ ਆਧਾਰ ਹੈ। ਇਹ ਸਾਂਸਕ੍ਰਿਤਿਕ ਜੀਵਨ ਦਾ ਪ੍ਰਮੁੱਖ ਲੱਛਣ ਹੈ। ਜੇਕਰ ਇਹ ਵਰਜਿਤ ਪਰਿਵਾਰਕ ਵਿਭਚਾਰ ਨਾ ਹੋਣ ਤਾਂ ਪਰਿਵਾਰ ਵਿਚ ਸੰਬੰਧਾਂ ਤੇ ਪਦਵੀਆਂ ਵਿਚ ਗੜਬੜ ਮੱਚ ਜਾਵੇਗੀ ਜਿਸ ਨਾਲ ਪਰਿਵਾਰ ਦੀ ਕਿਰਿਆਵੀ ਯੋਗਤਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖਤਮ ਹੋ ਜਾਵੇਗੀ। ਇਹ ਵਰਜਿਤ ਪਰਿਵਾਰਕ ਭੋਗ ਪਰਿਵਾਰ ਦੀ ਸੰਰਚਨਾ ਲਈ ਅਨਿਵਾਰੀ ਹੁੰਦੇ ਹਨ। ਭੈਣ ਭਰਾ ਤੇ ਪਿਓ-ਪੁੱਤ, ਮਾਂ ਧੀ, ਆਦਿਕ ਹਰੇਕ ਪਰਿਵਾਰਕ ਜੁੱਟ ਵਿਚ ਗੰਧਲੀ ਮੱਚ ਜਾਵੇਗੀ ਤੇ ਲਿੰਗਾਤਮਕ ਸ਼ਰੀਰਾ ਜ਼ਰੂਰ ਹੀ ਪੈਦਾ ਹੋ ਜਾਵੇਗਾ। ਇਨ੍ਹਾਂ ਦੇ ਮੇਲ ਤੋਂ ਉਪਜੇ ਬੱਚਿਆਂ ਦੀਆਂ ਪਦਵੀਆਂ ਦਾ ਝਮੇਲਾ ਪਵੇਗਾ। ਉਦਾਹਰਣ ਵਜੋਂ ਭੈਣ-ਭਰਾ ਦੇ ਸੰਬੰਧਾਂ ਵਿਚੋਂ ਪੈਦਾ ਹੋਣ ਵਾਲੇ ਬੱਚੇ ਦੇ ਝਮੇਲੇ ਬਾਰੇ ਵੇਖਿਆ ਜਾ ਸਕਦਾ ਹੈ। ਭਰਾ ਇਸਤਰੀ ਦੇ ਬੱਚੇ ਦਾ ਪਿਤਾ ਹੀ ਨਹੀਂ, ਸਗੋਂ 'ਮਾਮਾ' ਵੀ ਹੋਵੇਗਾ। ਇਸੇ ਤਰ੍ਹਾਂ ਭੈਣ-ਆਪਣੇ ਬੱਚੇ ਦੀ ਮਾਂ ਹੀ ਨਹੀਂ, 'ਭੂਆ' ਵੀ ਹੋਵੇਗੀ। ਪਰਿਵਾਰ ਵਿਚ ਹੋਰ ਪਰਿਵਾਰ ਪੈਦਾ ਹੋ ਜਾਵੇਗਾ ਜਿਸ ਨਾਲ ਕੈਂਸਰ ਦੀ ਬਿਮਾਰੀ ਵਰਗਾ ਵਿਕਾਸ ਹੁੰਦਾ ਜਾਵੇਗਾ। ਇਸ ਦੇ ਨਾਲ ਹੀ ਪਿਤਾ ਪੁੱਤਰੀ ਦਾ ਕੁਟੰਬਕ ਭੋਗ ਲੜਕੀ ਨੂੰ ਅਧੀਨਗੀ ਦਾ ਪਦ ਦੇਵੇਗਾ। ਈਰਖਾ ਦੀ ਭਾਵਨਾ ਵੀ ਵਧੇਗੀ। ਇਸੇ ਲਈ ਪਰਿਵਾਰਕ ਭੋਗ ਦੀ ਮਨਾਹੀ ਹੋਂਦ ਵਿਚ ਆ ਚੁੱਕੇ ਸਾਰੇ ਲੋਕਚਾਰਾਂ ਨਾਲੋਂ ਪ੍ਰਬਲ ਲੋਕਾਚਾਰ ਹੈ।

ਕਈ ਸਭਿਆਚਾਰਾਂ ਵਿਚ ਆਪਣੀ ਜ਼ਾਤ ਦੇ ਵਿਚ ਪਰ ਗੋਤ ਤੋਂ ਬਾਹਰ ਰਿਸ਼ਤੇ ਕੀਤੇ ਜਾਂਦੇ ਹਨ ਜਦ ਕਿ ਕਈ ਸਮਾਜਾਂ ਵਿਚ ਅਜਿਹਾ ਨਹੀਂ। ਗੋਤ ਵਿਚ ਵਿਆਹ ਨਾ ਕਰਨ ਪਿੱਛੇ ਇਹ ਧਾਰਨਾ ਕੰਮ ਕਰ ਰਹੀ ਹੁੰਦੀ ਹੈ ਕਿ ਇਕ ਹੀ ਗੋਤ ਦੇ ਜੀਅ ਆਪਸ ਵਿਚ ਭੈਣ ਭਰਾ ਸਮਝੇ ਜਾਂਦੇ ਹਨ ਤੇ ਉਹ ਇਕੋ ਹੀ ਵਡਿਕੇ ਦੀ ਵੰਸ਼ ਮੰਨੇ ਜਾਂਦੇ ਹਨ।

ਇਸ ਤਰ੍ਹਾਂ ਰਿਸ਼ਤੇਦਾਰੀ ਮਨੁੱਖੀ ਸਮਾਜਾਂ ਵਿਚ ਵਿਲੱਖਣ ਰੋਲ ਅਦਾ ਕਰਦੀ ਹੈ। ਇਸ ਵਿਚ ਮਾਪੇ, ਬੱਚੇ, ਹੋਰ ਸਕੇ ਤੇ ਮਤਰੇਏ ਜਾਂ ਸੌਂਕਣ ਦੇ ਆਦਿ ਸਾਰੇ ਹੀ ਸੰਬੰਧ ਆ ਜਾਂਦੇ ਹਨ। ਕਿਹਾ ਜਾ ਸਕਦਾ ਹੈ ਕਿ "ਰਿਸਤੇਦਾਰੀ ਸਭਿਆਚਾਰਕ ਤੌਰ ਤੇ ਵਰਤੋਂ ਵਿਚ ਲਿਆਂਦੇ ਜਾ ਰਹੇ ਨਿਯਮਾਂ, ਜਿਨ੍ਹਾਂ ਵਿਚੋਂ ਵਿਆਹ, ਰਿਹਾਇਸ਼, ਵਿਰਾਸਤ ਅਤੇ ਉਤਰਾਧਿਕਾਰਤਾ ਦੇ ਨਿਯਮ ਜਿਹੜੇ ਕਿ ਵਿਅਕਤੀਆਂ ਅਤੇ ਸਮੂਹਾਂ ਦੇ ਇਕ ਦੂਜੇ ਪ੍ਰਤਿ ਸੰਬੰਧਾਂ ਨੂੰ ਸਮਾਜ ਵਿਚ ਬੰਨ੍ਹਦੇ ਹਨ, ਦਾ ਸੁਮੇਲ ਹੈ।[25]

ਰਿਸ਼ਤਿਆਂ ਦਾ ਮਹੱਤਵਪੂਰਣ ਲੱਛਣ, ਇਨ੍ਹਾਂ ਦਾ ਦਾਇਰਾ ਹੈ। ਇਸ ਪ੍ਰਣਾਲੀ ਵਿਚ ਨਿਸ਼ਚਿਤ ਸਮਾਜਕ ਸਮੂੰਹਾਂ ਦੀ ਸ਼ਮੂਲੀਅਤ ਦੇ ਨਾਲ ਸਭ ਤੋਂ ਪਹਿਲਾ ਸਮੂੰਹ ਘਰੋਗੀ ਪਰਿਵਾਰ ਹੁੰਦਾ ਹੈ। ਇਹ ਪਰਿਵਾਰ ਮੁੱਢਲੇ ਪਰਿਵਾਰ ਦੇ ਸਮਾਨ ਵੀ ਹੋ ਸਕਦਾ ਹੈ ਅਤੇ ਸੌ ਜਾਂ ਸੌ ਤੋਂ ਵੱਧ ਵਿਅਕਤੀਆਂ ਦਾ ਸਮੂੰਹ ਵੀ ਹੋ ਸਕਦਾ ਹੈ। ਇਕ ਆਦਮੀ ਦੇ ਬਹੁਤ ਸਾਰੇ ਇਥੋਂ ਤਕ ਕਿ ਸੈਂਕੜੇ ਹੀ ਰਿਸ਼ਤੇਦਾਰ ਹੋ ਸਕਦੇ ਹਨ ਜਿਨ੍ਹਾਂ ਨੂੰ ਬਾਪ, ਭਰਾਵਾਂ, ਮਾਮਿਆਂ ਆਦਿ ਦੇ ਵਰਗਾਂ ਵਿਚ ਰੱਖਿਆ ਜਾ ਸਕਦਾ ਹੈ। ਪਰੰਤੂ ਕਈ ਅਜਿਹੇ ਭਿੰਨ ਭਿੰਨ ਢੰਗ ਵੀ ਮਿਲਦੇ ਹਨ ਜਿਨ੍ਹਾਂ ਅਨੁਸਾਰ ਵਰਗੀਕਰਣਾਤਮਕ ਸਿਧਾਂਤ ਨੂੰ ਲਾਗੂ ਕੀਤਾ ਜਾ ਸਕਦਾ ਹੈ। ਇਨ੍ਹਾਂ ਰਿਸ਼ਤਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕਈ ਸਭਿਆਚਾਰਾਂ ਵਿਚ ਤਾਂ ਗਿਣਤੀ ਮਿਣਤੀ ਦੇ ਸੰਬੋਧਨੀ ਸ਼ਬਦਾਂ ਰਾਹੀਂ ਹੀ ਇਨ੍ਹਾਂ ਦਾ ਪ੍ਰਗਟਾਉ ਕੀਤਾ ਜਾਂਦਾ ਹੈ, ਜਿਵੇਂ ਯੂਰਪੀਨ ਸਭਿਆਚਾਰਾਂ ਵਿਚ। ੨੮ ਕਈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰਾਂ ਵਿਚ ਇਹ ਸੰਬੋਧਨੀ ਸ਼ਬਦ ਬਹੁਤ ਜ਼ਿਆਂਦਾ ਹਨ, ਜਿਵੇਂ ਪੰਜਾਬੀ ਸਭਿਆਚਾਰ ਵਿਚ ਨਕੜਨਾਨੇ ਤੋਂ ਲੈ ਕੇ ਨਕੜਦੋਹਤਰੇ ਤਕ ਦੀ ਲਕੀਰ ਖਿੱਚੀ ਜਾ ਸਕਦੀ ਹੈ ਜਿਸ ਦੇ ਅੰਤਰਗਤ ਅਣਗਿਣਤ ਰਿਸ਼ਤੇ ਆ ਜਾਂਦੇ ਹਨ।

ਮਰਡੌਕ (Murdock) ਨੇ ਮੁੱਢਲੇ ਸੱਤ ਰਿਸ਼ਤੇ ਮੰਨੇ ਹਨ, ਜਿਨ੍ਹਾਂ ਵਿਚ ਉਹ ਮਾਂ, ਬਾਪ, ਭੈਣ, ਭਰਾ, ਪਤੀ/ਪਤਨੀ, ਧੀਆਂ ਅਤੇ ਪੁੱਤਰਾਂ ਨੂੰ ਰੱਖਦਾ ਹੈ। 35 ਕਿਸਮ ਦੇ ਗੌਣ ਅਤੇ 151 ਕਿਸਮ ਦੇ ਕੁੱਝ ਕੁ ਹੋਰ ਰਿਸ਼ਤੇ ਹਨ, ਪਰ ਔਸਤਨ ਉਹ ਕੇਵਲ 25 ਰਿਸ਼ਤੇ ਹੀ ਗਿਣਦਾ ਹੈ।[26]

ਰਿਸ਼ਤੇਦਾਰੀ ਢਾਂਚੇ ਦਾ ਗਿਣਨਾਤਮਕ ਪੱਖ ਬਹੁਤ ਵਿਸਤ੍ਰਿਤ ਹੈ, ਫਿਰ ਵੀ ਵਰਗੀ-ਕਰਣ ਦੀ ਵਿਧੀ ਰਾਹੀਂ ਇਸ ਸਮੱਸਿਆ ਨੂੰ ਸੁਲਝਾਇਆ ਜਾ ਸਕਦਾ ਹੈ। ਸਟੀਫਨ ਫਕਸ ਨੇ ਦੋ ਤਰ੍ਹਾਂ ਦੇ ਹੀ ਰਿਸ਼ਤੇ ਮੰਨੇ ਹਨ। ਪਹਿਲੇ ਉਹ ਰਿਸ਼ਤੇ ਜਿਹੜੇ ਮਾਪਿਆਂ ਅਤੇ ਬੱਚਿਆਂ ਵਿਚਕਾਰ ਹੁੰਦੇ ਹਨ, ਇਨ੍ਹਾਂ ਨੂੰ ਮੁੱਢਲੇ ਰਿਸ਼ਤੇ ਕਹਿੰਦਾ ਹੈ ਜਦ ਕਿ ਦੂਜੇ ਰਿਸ਼ਤੇ ਜੋ ਮੁੱਢਲੇ ਰਿਸ਼ਤਿਆਂ ਨਾਲ ਹੀ ਸੰਬੰਧਿਤ ਹੋ ਕੇ ਵਿਆਹ ਜਾਂ ਰਿਸ਼ਤੇਦਾਰੀ ਰਾਹੀਂ ਹੋਂਦ ਵਿਚ ਆਉਂਦੇ ਹਨ, ਉਹਨਾਂ ਨੂੰ ਗੌਣ ਕਿਹਾ ਹੈ ਜਿਵੇਂ ਪਿਤਾ ਦਾ ਭਰਾ (ਚਾਚਾ) ਜਾਂ ਮਤਰੇਈ ਮਾਂ ਆਦਿ।[27] ਡਾ. ਸੁਹਿੰਦਰ ਸਿੰਘ ਬੇਦੀ ਨੇ ਦੋ ਹੀ ਤਰ੍ਹਾਂ ਦੇ ਵਰਗਾਂ ਵਿਚ ਰਿਸ਼ਤਿਆਂ ਨੂੰ ਵੰਡਿਆ ਹੈ— (1) ਲਹੂ ਦੇ ਰਿਸ਼ਤੇ ਅਤੇ (2) ਅਲਹੂ ਦੇ ਰਿਸ਼ਤੇ। ਉਸ ਅਨੁਸਾਰ :

> ਲਹੂ ਦੇ ਰਿਸ਼ਤੇ ਉਸ ਨੂੰ (ਮਨੁੱਖ ਨੂੰ) ਰੱਬੋਂ ਦਾਤ ਵਜੋਂ ਮਿਲਦੇ ਹਨ ਜੋ ਸਹਿਜ ਭਾਵ ਵਿਚ ਹੀ ਉਸ ਦੇ ਜੀਵਨ ਦਾ ਅੰਗ ਬਣ ਜਾਂਦੇ ਹਨ। ਪਰ ਅਲਹੂ ਦੇ ਰਿਸ਼ਤੇ ਉਹ ਖੁਦ ਸਿਰਜਦਾ ਅਤੇ ਜੀਵਨ ਵਿਚ ਰਚਾਂਦਾ ਹੈ। ਪਹਿਲਿਆਂ ਨਾਲ ਉਹ ਜਨਮ ਸਦਕਾ ਬੱਝਿਆ ਹੁੰਦਾ ਹੈ ਅਤੇ ਦੂਜਿਆਂ ਨਾਲ ਮਨ ਸਦਕਾ।[28]

ਹਰੇਕ ਵਿਦਵਾਨ ਵਰਗੀਕਰਣ ਸੰਬੰਧੀ ਵੱਖ ਵੱਖ ਰਾਏ ਪ੍ਰਗਟਾਉਂਦਾ ਹੈ। ਕੋਈ ਇਨ੍ਹਾਂ ਨੂੰ ਤਿੰਨ ਵਰਗਾਂ ਵਿਚ ਵੰਡਦਾ ਹੈ ਅਤੇ ਕੋਈ ਚਾਰ ਵਰਗਾਂ ਵਿਚ। (Malcom Mcfee) ਨੇ ਤਿੰਨ ਤਰ੍ਹਾਂ ਦੇ ਰਿਸ਼ਤੇ ਮੰਨੇ ਹਨ :

1. ਜਨਮ ਨਾਲ ਸੰਬੰਧਿਤ ਰਿਸ਼ਤੇ।
2. ਵਿਆਹ ਦੁਆਰਾ ਹੋਂਦ ਵਿਚ ਆਉਣ ਵਾਲੇ ਰਿਸ਼ਤੇ।
3. ਰਿਸਤੇਦਾਰੀ ਜਿਵੇਂ ਗੋਦ ਲੈਣਾ, ਦਾਦਕਾ ਪਰਿਵਾਰ ਜਾਂ ਖੂਨ ਨਾਲ ਸੰਬੰਧਿਤ ਭਰਾਵਾਂ ਦੀ ਰਿਸ਼ਤੇਦਾਰੀ।[29]

ਖੂਨ ਨਾਲ ਭਰਾਵਾਂ ਦਾ ਰਿਸ਼ਤਾ ਇਨ੍ਹਾਂ ਹੋਰ ਰਿਸ਼ਤੇਦਾਰਾਂ ਦੇ ਵਰਗ ਵਿਚ ਨਹੀਂ ਰੱਖਿਆ ਜਾ ਸਕਦਾ, ਕਿਉਂਕਿ ਇਹ ਖੂਨ ਤੇ ਆਧਾਰਿਤ ਰਿਸ਼ਤਾ ਹੈ। ਲੈਵੀ ਸਤ੍ਰਾਸ ਨੇ ਵੀ ਤਿੰਨ ਹੀ ਪ੍ਰਕਾਰ ਦੇ ਰਿਸ਼ਤਿਆਂ ਦਾ ਉਲੇਖ ਕੀਤਾ ਹੈ। ਉਸ ਅਨੁਸਾਰ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਮਾਂ ਬਾਪ ਤੇ ਬੱਚਿਆਂ ਦਾ ਰਿਸ਼ਤਾ ।
2. ਵਿਆਹ ਨਾਲ ਸੰਬੰਧਿਤ ਰਿਸ਼ਤੇ; ਅਤੇ
3. ਪਰਿਵਾਰ ਤੋਂ ਬਾਹਰਲੇ ਰਿਸ਼ਤੇ (Siblings)[30]

ਏ. ਸੀ. ਮੇਅਰ ਇਕ ਹੀ ਪਰਿਵਾਰ ਦੇ ਮੈਂਬਰਾਂ ਨੂੰ ਅੱਡ ਘਰ ਬਣਾ ਕੇ ਰਹਿਣ ਤੇ ਘਰੋਂ ਬਾਹਰਲੇ (Siblings) ਰਿਸ਼ਤੇ ਮੰਨਦਾ ਹੈ ।[31] ਇਹ ਤਰਕ ਰਹਿਤ ਦਲੀਲ ਹੈ ਕਿਉਂਕਿ ਮੁਢਲੀ ਪਰਿਵਾਰਕ ਸੰਸਥਾ ਵਿਚ ਇਕ ਵਾਰ ਤੈਅ ਹੋ ਚੁੱਕਾ ਰਿਸ਼ਤਾ ਉਹੀ ਰਹਿੰਦਾ ਹੈ ਇਸ ਲਈ ਉਹ ਖੂਨ ਨਾਲ ਹੀ ਸੰਬੰਧਿਤ ਰਿਸ਼ਤੇਦਾਰ ਹੁੰਦੇ ਹਨ । ਭਾਵੇਂ ਵਿਆਹ ਕਰਵਾਉਣ ਉਪਰੰਤ ਉਨ੍ਹਾਂ ਤੋਂ ਨਵੀਂ ਰਿਸ਼ਤੇਦਾਰੀ ਦਾ ਮੁੱਢ ਜ਼ਰੂਰ ਬੱਝਦਾ ਹੈ ਪਰ ਉਨ੍ਹਾਂ ਨੂੰ ਮੁਢਲੀ ਪਰਿਵਾਰਕ ਮੈਂਬਰਸ਼ਿਪ ਤੋਂ ਖਾਰਜ ਨਹੀਂ ਕੀਤਾ ਜਾ ਸਕਦਾ । "ਸਿਧਾਂਤਕ ਤੌਰ ਤੇ ਇਹਨਾਂ ਦੀ ਕੋਈ ਹੱਦ ਨਹੀਂ,...ਪਰ ਜੇਕਰ ਪ੍ਰਵਾਣਿਤ ਰਿਸ਼ਤਿਆਂ ਦੀ ਕੋਈ ਹੱਦ ਨਹੀਂ ਤਾਂ ਹਰੇਕ ਆਦਮੀ ਹਰੇਕ ਦੂਜੇ ਆਦਮੀ ਦਾ ਸੰਬੰਧੀ ਬਣ ਜਾਏਗਾ" ।[32] ਇਸ ਲਈ ਜ਼ਰੂਰੀ ਹੈ ਕਿ ਵਰਗੀਕਰਣਾਤਮਕ ਸਿਧਾਂਤ ਅਨੁਸਾਰ ਕੁੱਝ ਗਰੁੱਪ ਬਣਾ ਲਏ ਜਾਣ । ਰਿਸ਼ਤੇਦਾਰੀ ਨੂੰ ਸਵੀਕਾਰਨ ਦਾ ਇਕ ਤਰੀਕਾ ਪਿਤਰੀਅਤ ਅਤੇ ਮਾਤਰੀਅਤ ਦੇ ਅਧਾਰ ਤੇ ਵੀ ਕੀਤਾ ਜਾਂਦਾ ਹੈ। ਪਿਤਰੀਅਤ ਦੇ ਆਧਾਰ ਤੇ ਆਦਮੀ ਆਪਣੇ ਪਿਤਰੀ ਸੰਬੰਧਾਂ ਜਿਵੇਂ ਕਿ ਉਸ ਦੇ ਪੁੱਤਰ ਧੀਆਂ, ਉਸ ਦੇ ਪੁੱਤਰ ਦੇ ਪੁੱਤਰ, ਉਨ੍ਹਾਂ ਦੇ ਪੁੱਤਰ, ਉਨ੍ਹਾਂ ਦੇ ਪੁੱਤਰਾਂ ਦੇ ਪੁੱਤਰ ਅਤੇ ਇਸੇ ਤਰ੍ਹਾਂ ਹੋਰ ਸੰਬੰਧਾਂ ਨਾਲ ਹੀ ਜੁੜ ਜਾਂਦਾ ਹੈ ਪਰ ਉਹ ਆਪਣੀਆਂ ਬੱਚੀਆਂ ਦੇ ਬੱਚੇ ਅਤੇ ਉਸ ਦੇ ਬੱਚੇ ਦੀਆਂ ਧੀਆਂ ਨਾਲੋਂ ਪੂਰੀ ਤਰ੍ਹਾਂ ਕੱਟਿਆ ਜਾਂਦਾ ਹੈ । ਏ. ਆਰ. ਰੈਡਕਲਿਫ ਬਰਾਊਨ ਦੇ ਸ਼ਬਦਾਂ ਵਿਚ :

> ਪਿਤਰ ਵੰਸ਼ੀ ਵੰਸ਼ ਵਿਚ ਪੁਸ਼ਤਾਂ ਦੀ ਗਿਣਤੀ ਕੋਈ ਵੀ ਹੋ ਸਕਦੀ ਹੈ ਪਰ ਮਾਤਰਵੰਸ਼ੀ ਵੰਸ਼ ਵਿਚ ਇਕ ਇਸਤਰੀ ਅਤੇ ਇਸਤਰੀ ਦੁਆਰਾ ਉਸ ਦੀ ਸਾਰੀ ਸੰਤਾਨ ਭਾਵ ਲੜਕੀਆਂ ਪੁਸ਼ਤਾਂ ਦੀ ਕਿਸੇ ਨਿਸ਼ਚਤ ਹੱਦ ਤੱਕ ਸ਼ਾਮਲ ਹੁੰਦੀ ਹੈ। ਇਕ ਵੰਸ਼ ਸਮੂਹ ਵਿਚ ਇਕ ਵੰਸ਼ ਦੇ ਉਹ ਸਾਰੇ ਮੈਂਬਰ ਸ਼ਾਮਲ ਹੁੰਦੇ ਹਨ ਜੋ ਇਕ ਵਿਸ਼ੇਸ਼ ਸਮੇਂ ਅੰਦਰ ਜੀਉਂਦੇ ਹਨ ।[33]

ਮਾਤਰੀਅਤ ਅਤੇ ਪਿਤਰੀਅਤ ਸਿਸਟਮਾਂ ਦੀ ਮੁਢਲੀ ਭਿੰਨਤਾ ਇਹ ਹੁੰਦੀ ਹੈ ਕਿ ਪਤਨੀ ਦੇਣ ਵਾਲੇ ਉੱਚਾ ਦਰਜਾ ਰੱਖਦੇ ਹਨ ਜਦ ਕਿ ਪਤਨੀ ਲੈਣ ਵਾਲੀ ਧਿਰ ਅਧੀਨ ਦਰਜਾ । "ਪਿਤਰੀਅਤ ਸੰਬੰਧ ਮਾਤਰੀਅਤ ਸੰਬੰਧਾਂ ਤੋਂ ਜ਼ਿਆਦਾ ਸਮਰਪਣ ਜਾਂ ਯਾਦਾਸ਼ਤ ਰੱਖਦੇ ਹਨ ਕਿਉਂਕਿ ਬਹੁਤ ਘਟ ਆਦਮੀ ਹੋਣਗੇ ਜਿਹੜੇ ਆਪਣੇ ਪਿਉ ਦੇ ਪਿਉ ਦੇ ਪਿਉ ਦੇ ਨਾਂ ਤੋਂ ਅਣਜਾਣ ਹੋਣ, ਪਰ ਬਹੁਤ ਥੋੜ੍ਹੇ ਹੋਣਗੇ ਜਿਹੜੇ ਆਪਣੀ ਮਾਤਾ ਦੀ ਮਾਤਾ ਦਾ ਨਾਂ ਜਾਣਦੇ ਹੋਣਗੇ" ।[34]



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁੱਝ ਰਿਸ਼ਤੇ ਸੰਭਾਵੀ ਵੀ ਹੋ ਸਕਦੇ ਹਨ ਕਿਉਂਕਿ ਇਹਨਾਂ ਰਿਸ਼ਤਿਆਂ ਵਿਚ ਕਿਸੇ ਕਾਰਣ ਫਿਰ ਤੋਂ ਕਾਇਮ ਹੋ ਜਾਣ ਦੀ ਸੰਭਾਵਨਾ ਲੁਪਤ ਹੁੰਦੀ ਹੈ। ਅਜਿਹੇ ਰਿਸ਼ਤੇ ਦਿਉਰ ਤੇ ਸਾਲੀ ਦੇ ਕਹੇ ਜਾ ਸਕਦੇ ਹਨ, ਜੋ ਆਪੋ ਆਪਣੀ ਜਗ੍ਹਾ ਪਤੀ ਪਤਨੀ ਬਣਨ ਦੀ ਸੰਭਾਵਨਾ ਰੱਖਦੇ ਹਨ।

ਕਰੋਬਰ ਨੇ ਰਿਸ਼ਤਿਆਂ ਦਾ ਵਰਗੀਕਰਣ ਬੜੇ ਵਿਸਤ੍ਰਿਤ ਰੂਪ ਵਿਚ ਕੀਤਾ ਹੈ; ਜਿਸ ਨੂੰ ਸਹੀ ਵਰਗੀਕਰਣ ਕਰਨ ਲਈ ਧਿਆਨ ਗੋਚਰ ਰੱਖਣਾ ਜ਼ਰੂਰੀ ਹੈ। ਉਸ ਅਨੁਸਾਰ :

1. ਉਸੇ ਪੀੜ੍ਹੀ ਜਾਂ ਵੱਖਰੀਆਂ ਪੀੜ੍ਹੀਆਂ ਦੇ ਲੋਕਾਂ ਵਿਚਕਾਰਲਾ ਅੰਤਰ।
2. ਖਾਨਦਾਨੀ ਅਤੇ ਅਸਿੱਧੇ ਤੌਰ ਤੇ ਨਾਲ ਨਾਲ ਵਾਲੇ ਸੰਬੰਧਾਂ ਵਿਚਲੇ ਅੰਤਰ ਵਾਲੇ ਰਿਸ਼ਤੇਦਾਰ।
3. ਇਕ ਹੀ ਪੀੜ੍ਹੀ ਨਾਲ ਸੰਬੰਧਿਤ ਲੋਕਾਂ ਦੀ ਉਮਰ ਵਿਚਲਾ ਅੰਤਰ।
4. ਰਿਸ਼ਤੇਦਾਰਾਂ ਦਾ ਲਿੰਗਾਤਮਕ ਰੂਪ।
5. ਬੁਲਾਰੇ ਦਾ ਸੈਕਸ।
6. ਜੁੜੇ ਹੋਏ ਰਿਸ਼ਤੇਦਾਰਾਂ ਦਾ ਸੈਕਸ।
7. ਖ਼ੂਨ ਦੇ ਰਿਸ਼ਤੇ ਤੇ ਵਿਆਹ ਨਾਲ ਹੋਂਦ ਵਿਚ ਆਉਣ ਵਾਲੇ ਸੰਬੰਧਾਂ 'ਚ ਅੰਤਰ।
8. ਰਿਸ਼ਤੇਦਾਰਾਂ ਨਾਲ ਜੋੜਨ ਵਾਲੀ ਜ਼ਿੰਦਗੀ ਦੀ ਹਾਲਤ।[35]

'ਵੈਬਸਟਰ ਡਿਕਸ਼ਨਰੀ' ਵਿਚ ਵੀ ਥੋੜ੍ਹੇ ਬਹੁਤੇ ਫ਼ਰਕ ਨਾਲ ਰਿਸ਼ਤਿਆਂ ਦਾ ਵਰਗੀਕਰਣ ਉਪਰੋਕਤ ਕਰੋਬਰ ਦੇ ਕੀਤੇ ਵਰਗੀਕਰਣ ਅਨੁਸਾਰ ਹੀ ਮਿਲਦਾ ਹੈ। ਪ੍ਰੋਫ਼ੈਸਰ ਐਸ. ਪੀ. ਆਰੀਆ ਨੇ ਪੰਜ ਪ੍ਰਕਾਰ ਦਾ ਵਰਗੀਕਰਣ ਕੀਤਾ ਹੈ ਜੋ ਪੰਜਾਬੀ ਰਿਸ਼ਤਿਆਂ ਦੇ ਐਨ ਅਨੁਕੂਲ ਢੁਕਵਾਂ ਹੈ। ਉਸ ਅਨੁਸਾਰ ਇਹ ਪੰਜ ਕਿਸਮਾਂ ਇਹ ਹਨ :

1. ਗੰਭੀਰ ਅਤੇ ਸਾਊ ਰਿਸ਼ਤੇ।
2. ਹਾਸੇ ਮਜ਼ਾਕ ਵਾਲੇ ਰਿਸ਼ਤੇ।
3. ਈਰਖਾਬਾਜ਼ੀ ਵਾਲੇ ਰਿਸ਼ਤੇ।
4. ਬੱਚਿਆਂ ਨਾਲ ਪਿਆਰ ਦੇ ਰਿਸ਼ਤੇ ਅਤੇ
5. ਲਿੰਗਾਤਮਕ ਸੰਬੰਧ।[36]

ਇਹ ਹਰੇਕ ਪ੍ਰਕਾਰ ਦੇ ਰਿਸ਼ਤੇ ਇਕ ਦੂਜੇ ਨਾਲ ਅੰਤਰ ਸੰਬੰਧਿਤ ਹੁੰਦੇ ਹਨ ਤੇ ਮਨੁੱਖੀ ਮਨ ਇਨ੍ਹਾਂ ਨੂੰ ਭੋਗਦਾ ਹੈ। ਭਾਵੇਂ ਰਿਸ਼ਤਾ-ਨਾਤਾ ਪ੍ਰਣਾਲੀਆਂ ਨੂੰ ਹਰੇਕ ਵਿਦਵਾਨ ਨੇ ਆਪੋ ਆਪਣੇ ਢੰਗ ਤੇ ਲਿਆਕਤ ਅਨੁਸਾਰ ਪ੍ਰਗਟਾਇਆ ਹੈ ਪਰ ਇਹ ਸਾਰੇ ਇਸ ਤੱਥ ਤੇ ਆਧਾਰਿਤ ਹੀ ਗੱਲ ਕਰਦੇ ਹਨ ਕਿ "ਕੁਝ ਲੋਕ ਇਕੋ ਹੀ ਪਿਤਰਾਂ ਦੇ ਅਧਿਕਾਰੀ ਹਨ ਅਤੇ ਕੁਝ ਲੋਕਾਂ ਦਾ ਦੂਸਰੇ ਲੋਕਾਂ ਨਾਲ ਵਿਆਹ ਰਾਹੀਂ ਸੰਬੰਧ ਬਣਿਆ ਰਹਿੰਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ" ।[37] ਭਾਵੇਂ ਇਹ ਰਿਸ਼ਤੇਦਾਰੀਆਂ ਬਹੁਤ ਘੱਟ ਤਬਦੀਲੀ ਗ੍ਰਹਿਣ ਕਰਦੀਆਂ ਹਨ ਪਰ ਜਿਉਂ ਜਿਉਂ ਆਰਥਿਕਤਾ ਵਿਚ ਖਿੰਡਾਅ ਪੈਦਾ ਹੁੰਦਾ ਜਾਂਦਾ ਹੈ ਤਿਵੇਂ ਤਿਵੇਂ ਇਹ ਰਿਸ਼ਤੇ ਵੀ ਧੁੰਦਲੇ ਪੈਂਦੇ ਜਾ ਰਹੇ ਹਨ। ਰਿਸ਼ਤੇ ਉਦੋਂ ਹੋਂਦ 'ਚ ਆਉਂਦੇ ਹਨ ਜਦੋਂ 'ਸਾਡੀ ਕੁੜੀ', 'ਘਰ ਦੀ ਧੀ' ਅਤੇ ਸੱਸ ਸਹੁਰੇ ਲਈ 'ਸਾਡੀ ਨੂੰਹ' ਬਣ ਜਾਂਦੀ ਹੈ। ਇਥੋਂ ਹੀ ਪਤੀ ਪਤਨੀ ਦੋ ਪ੍ਰਮੁੱਖ ਸੂਤਰ ਹੋਂਦ ਵਿਚ ਆਉਂਦੇ ਹਨ ਜਿਨ੍ਹਾਂ ਦੁਆਲੇ ਸਾਰਾ ਰਿਸ਼ਤੇਦਾਰੀ ਢਾਂਚਾ ਘੁੰਮਦਾ ਹੈ। ਇਸ ਸੰਬੰਧ ਰਾਹੀਂ ਹੀ ਨਸਲ ਨੂੰ ਅੱਗੇ ਤੋਰਿਆ ਜਾਂਦਾ ਹੈ। ਇਥੋਂ ਹੀ ਨਿਰਧਾਰਣ ਦੇ ਪਰਿਵਾਰ ਤੋਂ ਉਤਪਾਦਨ ਦੇ ਪਰਿਵਾਰ ਦੀ ਹੋਂਦ ਰਾਹੀਂ ਅੱਗੋਂ ਰਿਸ਼ਤੇ ਹੋਂਦ ਵਿਚ ਆਉਂਦੇ ਹਨ ਜਿਨ੍ਹਾਂ ਨੂੰ ਪ੍ਰਮੁੱਖ ਰੂਪ ਵਿਚ ਤਿੰਨ ਪ੍ਰਕਾਰ ਦੇ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਖੂਨ ਦੇ ਰਿਸ਼ਤੇ, ਜਿਨ੍ਹਾਂ ਵਿਚ ਮਾਂ, ਪਿਉ ਭੈਣ ਤੇ ਭਰਾ ਆਉਂਦੇ ਹਨ।
2. ਵਿਆਹ ਨਾਲ ਹੋਂਦ ਵਿਚ ਆਉਣ ਵਾਲੇ ਰਿਸ਼ਤੇ, ਜਿਨ੍ਹਾਂ ਵਿਚ ਪਤੀ, ਪਤਨੀ, ਸੱਸ, ਸਹੁਰਾ, ਦਰਾਣੀ, ਜਠਾਣੀ, ਦਿਉਰ, ਭਾਬੀ, ਜੀਜਾ, ਸਾਲੀ, ਜਵਾਈ ਆਦਿ ਆਉਂਦੇ ਹਨ।
3. ਹੋਰ ਸੰਬੰਧੀ ਜਿਹੜੇ ਪੀੜ੍ਹੀ ਤੇ ਭਾਵੁਕਤਾ ਨਾਲ ਸੰਬੰਧਿਤ ਰਿਸ਼ਤੇ, ਆਪਣੇ ਬਰਾਬਰ ਦੀ ਪੀੜ੍ਹੀ ਜਾਂ ਆਪਣੇ ਮਾਪਿਆਂ ਦੇ ਬਰਾਬਰ ਦੀ ਪੀੜ੍ਹੀ ਰਾਹੀਂ ਹੋਂਦ 'ਚ ਆਉਂਦੇ ਹਨ ਜਿਵੇਂ ਚਾਚਾ, ਤਾਇਆ, ਮਾਮਾ, ਮਾਸੀ, ਭੂਆ ਤੇ ਉਨ੍ਹਾਂ ਦੇ ਪੁੱਤ ਧੀ, ਜਠੀਆ, ਦਰੀਆ, ਜ਼ਠੀਅ, ਦਰੀਅ, ਦਾਦਾ, ਦਾਦੀ, ਨਾਨਾ ਨਾਨੀ ਆਦਿ।

ਸਾਰੀ ਵਿਚਾਰ ਵਿਮਰਸ਼ ਤੋਂ ਬਾਅਦ ਅਸੀਂ ਇਹ ਨਿਰਣਾ ਕੱਢ ਸਕਦੇ ਹਾਂ ਕਿ ਇਹ ਰਿਸ਼ਤੇਦਾਰੀ ਜੋ ਨਾਨਕਿਆਂ ਤੇ ਦਾਦਕਿਆਂ ਦੀ ਪਰੰਪਰਾਗਤ ਹੋਂਦ ਰਾਹੀਂ ਵਜੂਦ ਵਿਚ ਆਉਂਦੀ ਹੈ, ਇਸ ਵਿਚ ਹਰੇਕ ਰਿਸ਼ਤੇਦਾਰ ਦੇ ਕੁਝ ਅਧਿਕਾਰ, ਕਰਤੱਵ ਅਤੇ ਵਰਤੋਂ ਵਿਹਾਰ ਦੀਆਂ ਉਹ ਕ੍ਰਿਆਵਾਂ ਆਉਂਦੀਆਂ ਹਨ ਜਿਨ੍ਹਾਂ ਦਾ ਪ੍ਰਗਟਾਅ ਸਿੱਧੇ ਜਾਂ ਅਸਿੱਧੇ ਢੰਗ ਰਾਹੀਂ ਮਨੁੱਖ ਸਮਾਜਕ ਮੇਲ ਜੋਲ ਵਿਚ ਰਹਿੰਦੇ ਹੋਏ ਕਰਦੇ ਹਨ। ਭਾਵੇਂ ਰਿਸ਼ਤਿਆਂ ਦੀ ਮੁਕਾਬਲਤਨ ਮਹੱਤਤਾ ਆਰਥਿਕਤਾ ਤੇ ਨਿਰਭਰ ਹੁੰਦੀ ਹੈ, ਪਰ ਪਹਿਲੀ ਥਾਂ ਉਨ੍ਹਾਂ ਸਮਾਜਕ ਪ੍ਰਭਾਵਾਂ ਦੀ ਆਉਂਦੀ ਹੈ ਜੋ ਰਿਸ਼ਤੇਦਾਰੀ ਢਾਂਚੇ ਵਿਚ ਨਿਹਿਤ ਹਨ।

## ਹਵਾਲੇ ਅਤੇ ਟਿੱਪਣੀਆਂ


1. Felix M. Keesing, *Cultural Anthropology : The Science of Customs*, p. 271.
2. *International Encyclopaedia of the Social Sciences*, Vol. 8, p. 392.




CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. G. S. Ghurye, *Family and Kin*, p. 1.
4. ਭੂਪਿੰਦਰ ਸਿੰਘ ਖਹਿਰਾ ਦੁਆਰਾ ਉਧਰਿਤ 'ਭਾਵ ਲੋਕ', ਪੰਨੇ 153–54.
5. ਡਬਲਿਯੂ. ਐਚ. ਆਰ. ਰੀਵਰਜ, 'ਸਮਾਜਕ ਸਗੰਠਨ' (ਸੰਪ. ਡਬਲਿਯੂ. ਜੇ. ਪੈਰੀ, ਅਨੁ. ਪੀ. ਸੀ. ਪਾਠਕ), ਪੰਨਾ 29.
6. ਕਿੰਗਜਲੇ ਡੇਵਿਸ. 'ਮਨੁੱਖੀ ਸਮਾਜ' (ਅਨੁ. ਪ੍ਰਕਾਸ਼ ਸਿੰਘ ਜੰਮੂ) ਪੰਨਾ 469.
7. Levi Strauss, as quoted by Francis Korn, *Elementary Structures Recognised Levi Strauss on Kinship*, p. 36.
8. ਕਿੰਗਜਲੇ ਡੇਵਿਸ, ਉਹੀ ਰਚਨਾ, ਪੰਨਾ 465.
9. As quoted by Turxul E. Merria, *The Family in American Culture*, p. 33.
10. *Encyclopaedia Britanica*, Vol. 13, p. 372.

8255

11. 'ਸਮਾਜ' (ਅਨੁ. ਪਰਕਾਸ਼ ਸਿੰਘ ਜੰਮੂ), ਪੰਨਾ 376.
12. Duncen Mitchell, *A Diclitionary of Sociology*, p. 202.
13. *The Study Cultural Anthropology*, p. 108.
14. ਉਹੀ ਰਚਨਾ, ਪੰਨਾ 376.
15. ਕਿੰਗਜਲੇ ਡੈਵਿਸ, ਉਹੀ ਰਚਨਾ, ਪੰਨਾ 473.
16. ਏ. ਆਰ. ਰੈਡਕਲਿਫ ਬਰਾਊਨ, 'ਪ੍ਰਾਚੀਨ ਸਮਾਜ ਬਣਤਰ ਤੇ ਕਿਰਿਆ' (ਅਨੁ. ਬਲਦੇਵ ਸਿੰਘ), ਪੰਨਾ 153.
17. Stephen Fuchs, *The Origion of Man and His Culture*, p. 115.
18. A. N. M. Irshad Ali, *Family Kinship and Marriage Among the Muslims of India*, P.p. 1-2.
19. *Encyclopaedia Britanica*, Vol. 13, p. 372.
20. *Encyclopaedia of Religion and Ethics*, p. 705.
21. *Ibid*.
22. ਹੌਰਸ ਮਈਅਰ ਦੁਆਰਾ ਉਧਰਿਤ 'ਸਮਾਜਕ/ਮਾਨਵ ਵਿਗਿਆਨ ਕੀ ਭੂਮਿਕਾ' (ਅਨੁ. ਸਚਿਤਾ ਨੰਦ), ਪੰਨਾ 81.
23. Robin Fox, *Kinship and Marriage*, p. 62.
24. 'ਕੁਟੰਬ', ਮਾਨਵ ਸੰਸਕ੍ਰਿਤੀ ਤਥਾ ਸਮਾਜ' (ਸੰਪ. ਹੈਰੀ. ਐਲ. ਸ਼ੇਪੀਰੋ ਅਨੁ. ਰਾਮਾਨੁਜ ਲਾਲ ਸ੍ਰੀ ਵਾਸਤਵ), ਪੰਨੇ 78–79.
25. D. S. Greenwood & Others, *Nature, Culture and Human History*, p. 331.
26. G. P. Murdock, *Social Structure*, P.p. 96-99.
27. *Op. cit.*, p. 115.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

28. 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼', ਪੰਨਾ 46.
29. *Op. cit.*, p. 130.
30. *Structural Anthropology*, p. 46.
31. *Caste and Kinship in Central India*, p. 214.
32. *Encyclopaedia Britanica*, Vol. 13, p. 372.
33. ਉਹੀ ਰਚਨਾ, ਪੰਨਾ 82.
34. William J. Goode, 'The Family', *The Family* (Ed. Alex & Inkeles), P.p. 56-67.
35. As quoted by Elbert W. Stewart, *Evolving Life Style*, P.p. 384-85.
36. *A Sociological Study of Folklore*, P.p. 85-86.
37. Beryl Lieff Banderly & Others, *Discovering Culture*, p.142.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲੋਕ ਗੀਤਾਂ ਵਿਚ ਰਿਸ਼ਤਿਆਂ ਦਾ ਉਲੇਖ

ਸਾਹਿਤ ਸਭਿਆਚਾਰਕ ਪ੍ਰਸੰਗਾਂ ਦੀ ਬੁਣਤ ਹੋਣ ਦੇ ਨਾਤੇ ਸਮਾਜਕ ਸੰਰਚਨਾ ਅਨੁਕੂਲ ਆਪਣੇ ਫਰਜ਼ਾਂ ਦੀ ਪੂਰਤੀ ਕਰਦਾ ਹੈ। ਮਨੁੱਖ ਬਾਹਰੀ ਗੱਲ ਸਾਹਿਤ ਦਾ ਵਿਸ਼ਾ ਨਹੀਂ। ਸਮਾਜ ਵਿਚ ਵਿਚਰਦੇ ਵਿਅਕਤੀ ਇਕ ਦੂਜੇ ਦੀ ਸਹਿਹੋਂਦ ਰਾਹੀਂ ਹੀ ਆਪਣੇ ਜੀਵਨ ਦੀ ਕਾਰਜਸ਼ੀਲਤਾ ਨੂੰ ਉਜਾਗਰ ਕਰਦੇ ਹਨ। ਰਿਸ਼ਤੇ ਚਾਹੇ ਮਨੁੱਖ ਦੇ ਪਰਾਸਰੀਰਕ ਦੈਵੀ ਹੋਂਦ ਨਾਲ ਹੋਣ, ਚਾਹੇ ਕੁਦਰਤ ਨਾਲ ਜਾਂ ਵਿਅਕਤੀ ਵਿਸ਼ੇਸ਼ ਦੇ ਵਿਅਕਤੀ ਵਿਸ਼ੇਸ਼ ਨਾਲ, ਇਨ੍ਹਾਂ ਦੀ ਸਾਹਿਤ ਵਿਚ ਅਭਿਵਿਅੰਜਨਾ ਹੋਈ ਮਿਲਦੀ ਹੈ। ਹਰੇਕ ਸਮਾਜ ਵਿਚ ਟੋਟਮ ਤੇ ਟੈਬੂ ਦੀ ਕਸਮਕਸ਼ ਚੱਲਦੀ ਰਹਿੰਦੀ ਹੈ। ਕੁਦਰਤ ਜਾਂ ਪਰਮਾਤਮਾ ਨਾਲ ਖੁਲ੍ਹੇ-ਆਮ ਰਿਸ਼ਤਾ ਜੋੜਿਆ ਜਾ ਸਕਦਾ ਹੈ ਜਿਸ ਕਾਰਣ ਇਸ ਰਿਸ਼ਤੇ ਵਿਚ ਇਹ ਟੋਟਮ ਟੈਬੂ ਦੀ ਅਭਿਧਾਰਣਾ ਲਾਗੂ ਨਹੀਂ ਹੁੰਦੀ। ਮਨੁੱਖੀ ਸਮਾਜ ਵਿਚ ਹੀ ਵਰਜਿਤ ਕੰਮਾਂ ਰਾਹੀਂ ਪਰਿਵਾਰਕ ਹੋਂਦ ਤੋਂ ਅੱਗੇ ਰਿਸ਼ਤੇ ਹੋਂਦ 'ਚ ਆਉਂਦੇ ਹਨ ਜਿਸ ਨੂੰ ਸਮਾਜਕ ਬਣਤਰ ਦਾ ਪਹਿਲਾ ਤੇ ਮੂਲ ਤੱਤ ਮੰਨਿਆ ਜਾਂਦਾ ਹੈ। ਸਾਹਿਤ ਜਦੋਂ ਮਨੁੱਖੀ ਮਨ ਦੀਆਂ ਯੁਕਤਾਂ ਦਾ ਵਰਣਨ ਕਰਦਾ ਹੈ ਤਾਂ ਇਹ ਕਦੇ ਵੀ ਮਨੁੱਖੀ ਰਿਸ਼ਤੇਦਾਰੀ ਤੋਂ ਅਭਿੱਜ ਨਹੀਂ ਹੁੰਦਾ। ਲੋਕ ਸਾਹਿਤ ਤਾਂ ਨਿਰੋਲ ਮਨੁੱਖੀ ਹਿਰਦਿਆਂ ਦੀਆਂ ਸੰਵੇਦਨਾਵਾਂ, ਤਰੰਗਾਂ ਆਦਿ ਦਾ ਉਲੇਖ ਕਰਦਾ ਹੈ ਕਿਉਂਕਿ ਇਹ ਉਪਜ ਹੀ ਸਿੱਧੇ ਸਾਦੇ ਅਨਭੋਲ ਲੋਕਾਂ ਦੀ ਹੁੰਦੀ ਹੈ। ਲੋਕ ਸਾਹਿਤ ਦਾ ਰੂਪ ਲੋਕ ਗੀਤ ਤਾਂ ਹੋਰ ਵੀ ਜਨੁੱਖੀ ਜ਼ਿੰਦਗੀ ਦੇ ਸੱਚ ਨੂੰ ਬਿਆਨਦੇ ਹਨ। ਲੋਕ ਗੀਤਾਂ ਵਿਚ ਰਿਸ਼ਤੇਦਾਰੀ ਦਾ ਉਲੇਖ ਕੁਦਰਤੀ ਹੈ। ਇਸ ਦਾ ਕਾਰਣ ਇਹ ਹੈ ਕਿ ਸਮਾਜਕ ਬੰਦਸ਼ਾਂ ਤੋਂ ਤੰਗ ਆਏ ਲੋਕ ਆਪਣੀਆਂ ਭਾਵਨਾਵਾਂ ਦਾ ਵਿਵੇਚਨ ਲੋਕ ਗੀਤਾਂ ਰਾਹੀਂ ਹੀ ਕਰ ਸਕਦੇ ਹਨ।

ਅਸੀਂ ਵੇਖਦੇ ਹਾਂ ਕਿ ਹਰੇਕ ਲੋਕ ਗੀਤ ਜਾਂ ਤਾਂ ਕਿਸੇ ਮਾਨਵੀ ਰਿਸ਼ਤੇ ਦੀ ਸੰਕਟਮਈ ਸਥਿਤੀ 'ਚੋਂ ਉਪਜਿਆ ਹੈ ਤੇ ਜਾਂ ਦੁਖਾਂਤਕ ਜਾਂ ਸੁਖਾਂਤਕ ਸਥਿਤੀ 'ਚੋਂ। ਲੋਕ ਗੀਤ ਨਿਰੋਲ ਸਭਿਆਚਾਰਕ ਕਦਰਾਂ ਕੀਮਤਾਂ ਦਾ ਪ੍ਰਗਟਾਵਾ ਕਰਦੇ ਹਨ, ਇਥੇ ਲੁਕਾ ਛਿਪਾ ਵਾਲੀ ਗੱਲ ਕੋਈ ਨਹੀਂ ਹੁੰਦੀ। ਇਹ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੇ ਹਨ ਜੋ ਅੱਲੜ ਤੇ ਸਿੱਧੇ ਸਾਦੇ ਲੋਕ ਮਨਾਂ ਦੀਆਂ ਤਰੰਗਾਂ 'ਚੋਂ ਉਪਜ ਕੇ ਦਰਿਆ ਦੇ ਪਾਣੀ ਵਾਂਗ ਸਿੱਧੇ ਜਾਂ ਪੁੱਠੇ ਰੂਪ ਵਿਚ ਆਪਣਾ ਵਾਹਣ ਬਣਾਉਂਦੇ ਹੋਏ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਦਾ ਸਫਰ ਤੈਅ ਕਰਦੇ ਰਹਿੰਦੇ ਹਨ। ਡਾ. ਮਨੋਹਰ ਸ਼ਰਮਾ ਅਨੁਸਾਰ :

> ਲੋਕ ਗੀਤਾਂ ਵਿਚ ਜਨਜੀਵਨ ਦਾ ਸੁਭਾਵਿਕ ਅਰਥਾਤ ਸਰਲ ਰੂਪ ਪ੍ਰਗਟ ਹੁੰਦਾ ਹੈ। ਇਥੇ ਕਿਸੇ ਤਰ੍ਹਾਂ ਦੀ ਦਵੈਤ ਭਾਵ ਦਾ ਨਿਸ਼ਾਨ ਵੀ ਨਹੀਂ ਰਹਿੰਦਾ। ਕਿਸੇ ਪ੍ਰਦੇਸ਼ ਦੀ ਜਨਤਾ ਦੇ ਹਿਰਦੇ ਨੂੰ ਪਛਾਨਣ ਲਈ ਲੋਕ ਗੀਤ ਉੱਤਮ ਸਾਧਨ ਸਿੱਧ ਹੁੰਦੇ ਹਨ। ਅਜਿਹੇ ਗੀਤਾਂ ਵਿਚ ਲੋਕ ਹਿਰਦੇ ਦੀ ਆਸ਼ਾ, ਅਭਿਲਾਸ਼ਾ, ਚਾਅ, ਉਮੰਗ ਅਥਵਾ ਦੁੱਖ ਦਰਦ ਆਦਿ ਸਭ ਕੁਝ ਸੰਮਿਲਤ ਹੁੰਦਾ ਹੈ।[1]

ਲੋਕ ਗੀਤ ਹਰੇਕ ਸਭਿਆਚਾਰ ਵਿਚ ਮਿਲਦੇ ਪਰਿਵਾਰਾਂ ਦੇ ਇਕ ਦੂਜੇ ਪ੍ਰਤੀ ਹਾਸੇ, ਸਾੜੇ, ਈਰਖਾ, ਟਿਚਕਰਾਂ, ਕਟਾਖਸ਼, ਮੋਹ ਆਦਿ ਜੀਵਨ ਦੇ ਹਰੇਕ ਪੱਖ ਦੀ ਤਰਜਮਾਨੀ ਕਰਦੇ ਹਨ। ਜਦੋਂ ਡਾ. ਕ੍ਰਿਸ਼ਨ ਦੇਵ ਉਪਾਧਿਆਏ ਲੋਕ ਗੀਤਾਂ ਦੇ ਸੰਚਾਰ ਨੂੰ ਸੱਚ ਦਾ ਸੰਚਾਰ ਕਹਿੰਦਾ ਹੈ ਤਾਂ ਨਿਸ਼ਚੈ ਹੀ ਪੰਜਾਬੀ ਦੇ ਇਹ ਲੋਕ ਗੀਤ ਪੰਜਾਬੀ ਲੋਕ ਜੀਵਨ ਦੇ ਸ਼ੱਚ ਦਾ ਸੰਚਾਰ ਹਨ।[2] ਜਿਥੇ ਇਹ ਇਕ ਪਾਸੇ ਬਾਬਲ ਨੂੰ ਉਸ ਦੇ ਫਰਜ਼ ਦਾ ਅਹਿਸਾਸ ਕਰਵਾਉਂਦੇ ਹਨ ਉਥੇ ਧੀ ਨੂੰ ਵੀ ਬਾਪੂ ਦੀ ਮਰਜ਼ੀ ਬਗ਼ੈਰ ਘਰੋਂ ਪੈਰ ਪੁੱਟਣ ਦੀ ਆਗਿਆ ਨਹੀਂ ਦੇਂਦੇ। ਲੋਕ ਗੀਤਾਂ ਵਿਚ ਪਰਿਵਾਰਕ ਤੱਤਾਂ, ਸੰਬੰਧਾਂ ਤੇ ਸਥਿਤੀਆਂ ਦਾ ਸਪਸ਼ਟ ਉਲੇਖ ਹੋਇਆ ਮਿਲਦਾ ਹੈ। ਪਰਿਵਾਰਕ ਜੀਵਨ ਦੇ ਵਾਸਤਵਿਕ ਚਿੱਤਰ ਇਨ੍ਹਾਂ ਵਿਚ ਵਿਅਕਤ ਹੁੰਦੇ ਹਨ ਕਿਉਂਕਿ ਪਰਿਵਾਰ ਦਾ ਹਰੇਕ ਮੈਂਬਰ ਅੱਛੇ ਬੁਰੇ ਵਿਹਾਰਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਇਹੋ ਵਿਹਾਰ ਹੀ ਲੋਕ ਗੀਤਾਂ ਦਾ ਸੋਮਾ ਹੋ ਫੁਟਦੇ ਹਨ। "ਜਿਸ ਤਰ੍ਹਾਂ ਲੋਕ ਗੀਤਾਂ ਦੀ ਰਚਨਾ ਆਪਣੇ ਆਪ ਹੁੰਦੀ ਹੈ, ਉਸੇ ਤਰ੍ਹਾਂ ਹੀ ਇਹ ਗੀਤ ਵੀ ਪੰਜਾਬੀਆਂ ਦੇ ਰਿਸ਼ਤਿਆਂ ਦਾ ਭਾਵੁਕ ਤੇ ਆਪ ਮੁਹਾਰਾ ਪ੍ਰਗਟਾਉ ਹਨ। ਜਿਸ ਤਰ੍ਹਾਂ ਇਨ੍ਹਾਂ ਦੇ ਲੋਕ ਜੀਵਨ ਵਿਚ ਸੁਭਾਵਕਕਤਾ ਹੁੰਦੀ ਹੈ। ਉਸ ਤਰ੍ਹਾਂ ਹੀ ਇਨ੍ਹਾਂ ਦੀ ਰਚਨਾ ਵੀ ਬੜੇ ਸੁਭਾਵਕ ਰੂਪ ਵਿਚ ਹੋਈ ਹੈ"।[3] ਸਾਰੀ ਸਥਿਤੀ ਪ੍ਰਤੀ ਰਚੇਤਾ ਸੁਚੇਤ ਹੋਣ ਕਾਰਣ ਉਹ ਅਨੁਭੂਤੀਆਂ ਦੇ ਆਵੇਗ ਵਿਚ ਆ ਕੇ ਹੀ ਗੀਤ ਦੀ ਰਚਨਾ ਕਰ ਦੇਂਦਾ ਹੈ ਜਿਥੇ ਪਰਿਵਾਰ ਹਰੇਕ ਸਮੇਂ ਵਿਦਮਾਨ ਹੁੰਦਾ ਹੈ। ਲੋਕ ਗੀਤਾਂ ਵਿਚ ਪਿਆਰ ਅਨੁਭੂਤੀ ਦੀ ਸਿਰਜਣਾਤਮਕ ਸ਼ਕਤੀ ਨੂੰ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ। ਇਸ ਪਿਆਰ ਅਨੁਭੂਤੀ ਵਿਚ ਸੰਯੁਕਤ ਪਰਿਵਾਰ ਹੋਰ ਵੀ ਕੱਝਵੀਂ ਇਕਾਈ ਬਣਦਾ ਹੈ। ਕੁਟੰਬੀਆਂ ਅਤੇ ਸੰਬੰਧੀਆਂ ਦੀ ਸ਼ਰਧਾ, ਪ੍ਰੇਮ ਅਤੇ ਇੱਜ਼ਤ ਆਦਿ ਭਾਵ-ਨਾਤਮਕ ਅਨੁਭੂਤੀਆਂ ਹਰੇਕ ਵਿਅਕਤੀ ਵਿਚ ਵਿਦਮਾਨ ਹੁੰਦੀਆਂ ਹਨ। ਮਾਂ ਪੁੱਤਰ ਦਾ ਅਟੁੱਟ ਪ੍ਰੇਮ, ਪਿਤਾ ਅਤੇ ਪੁੱਤਰ ਦੀ ਆਤਮਤਾ, ਨੂੰਹ-ਸੱਸ ਦਾ ਵਾਦ-ਵਿਵਾਦ, ਪਤੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਤਨੀ ਦੀ ਸਨੇਹਤਾ ਤੇ ਸਹਿਣਸ਼ੀਲਤਾ, ਨਣਦ ਭਰਜਾਈ ਦੀ ਲਾਗਤਬਾਜ਼ੀ ਤੇ ਸੁਲਾਹ, ਦਿਉਰ ਭਾਬੀ ਅਤੇ ਜੀਜੇ ਸਾਲੀ ਦਾ ਮਖੌਲ ਆਦਿ ਹਰੇਕ ਪੱਖ ਨੂੰ ਹੀ ਲੋਕ ਗੀਤ ਆਪਣੇ ਕਲਾਵੇ ਵਿਚ ਬੰਨ੍ਹਦੇ ਹਨ। ਇਹ ਗੀਤ ਜੀਵਨ ਦੇ ਸੱਚੇ ਸੁੱਚੇ ਚਿੱਤਰ ਹਨ। ਸਾਂਝੇ ਵਲਵਲਿਆਂ ਦੇ ਚਿੱਤਰ ਜਿਹੜੇ ਮਨੁੱਖ ਨੂੰ ਮਨੁੱਖ ਨਾਲ ਜੋੜਦੇ ਹਨ। ਮਹਿੰਦਰ ਸਿੰਘ ਰੰਧਾਵਾ ਤੇ ਦਵਿੰਦਰ ਸਤਿਆਰਥੀ ਨੇ ਲੋਕ ਗੀਤਾ ਵਿਚ ਪੇਸ਼ ਰਿਸ਼ਤਿਆਂ ਦਾ ਬੜਾ ਯਥਾਰਥਕ ਚਿੱਤਰ ਖਿੱਚਿਆ ਹੈ। ਉਨ੍ਹਾਂ ਅਨੁਸਾਰ :

> ਲੋਕ ਗੀਤਾਂ ਵਿਚ ਕਿਵੇਂ ਮਾਵਾਂ ਆਪਣੇ ਪੁੱਤਰਾਂ ਦੇ ਮਿਲਾਪ ਤੇ ਵਿਛੋੜੇ ਦੀ ਕਥਾ ਛੇੜਦੀਆਂ ਹਨ; ਕਿਵੇਂ ਕੋਈ ਰੋਂਦਾ ਬਾਬਲ ਧੀ ਦੀ ਡੋਲੀ ਤੋਰਦਾ ਹੈ; ਕਿਵੇਂ ਕੋਈ ਦੂਰ ਵਰਨਾਈ ਧੀ ਕਾਗ ਉਡਾਉਂਦੀ ਹੈ ਤੇ ਪੇਕੇ ਘਰ ਸੁਨੇਹਾ ਭੇਜਣ ਲਈ ਹੰਝੂ ਕੇਰਦੀ ਹੈ, ਕਿਵੇਂ ਉਹ ਕਾਂ ਦੀ ਚੁੰਝ ਸੋਨੇ ਨਾਲ ਮੜ੍ਹਨ ਦਾ ਵਚਨ ਦਿੰਦੀ ਹੈ; ਕਿਵੇਂ ਕੋਈ ਬ੍ਰਿਹੋਂ ਕੁੱਠੀ ਤਾਰੇ ਗਿਣ ਗਿਣ ਰਾਤ ਵਿਹਾਂਦੀ ਹੈ; ਚੀਰਿਆਂ ਵਾਲੇ ਵੀਰ ਕਿਵੇਂ ਨਦੀਆਂ ਚੀਰ ਕੇ ਭੈਣਾਂ ਨੂੰ ਮਿਲਣ ਆਉਂਦੇ ਹਨ; ਇਹ ਸਭ ਕੁਝ ਤੇ ਹੋਰ ਵੀ ਅਨੇਕ ਪਰਸੰਗ ਸਭਿਅਤਾ ਦੀ ਕਹਾਣੀ ਦੇ ਪੰਨੇ ਹਨ।[4]

ਜਿਸ ਪ੍ਰੇਮ ਭਾਵਨਾ ਨਾਲ ਸੰਯੁਕਤ ਪਰਿਵਾਰਾਂ ਦਾ ਸੰਗਠਨ ਹੋਇਆ ਹੈ ਉਸ ਦਾ ਅਸਲੀ ਰੂਪ ਲੋਕ ਗੀਤਾਂ ਵਿਚ ਹੀ ਮਿਲਦਾ ਹੈ। ਇਕ ਪਰਿਵਾਰ 'ਚ ਗਮੀ ਖੁਸ਼ੀ ਸਾਂਝੀ ਹੁੰਦੀ ਹੈ। ਪਰਿਵਾਰ ਦੀ ਸਾਊ ਵਹੁਟੀ ਪਰਿਵਾਰ ਦੇ ਸਾਰੇ ਜੀਆਂ ਪ੍ਰਤੀ ਸਨੇਹ ਸ਼ਰਧਾ ਅਤੇ ਸਨਮਾਨ ਪ੍ਰਗਟਾਉਂਦੀ ਹੈ। ਡਾ. ਸੁਹਿੰਦਰ ਸਿੰਘ ਬੇਦੀ ਦੇ ਸ਼ਬਦਾਂ ਵਿਚ "ਲੋਕ ਗੀਤ ਕਿਸੇ ਜ਼ਾਤੀ ਦੇ ਉਹ ਮਨੋਭਾਵ ਹੁੰਦੇ ਹਨ, ਜੋ ਨਾ ਕੇਵਲ ਦਿਲ ਡੂੰਘਾਣਾਂ ਵਿਚੋਂ ਨਿਕਲੇ ਸ਼ਬਦਾਂ ਦਾ ਬਾਣਾ ਪਹਿਨ ਲੈਂਦੇ ਹਨ, ਸਗੋਂ ਜ਼ਾਤੀ ਦੇ ਸਮੁੱਚੇ ਜੀਵਨ ਦਾ ਪਰਛਾਵਾਂ ਹੁੰਦੇ ਹਨ"।[5] ਇਸ ਸਮੁੱਚੇ ਜੀਵਨ ਅਧੀਨ ਰਿਸ਼ਤੇਦਾਰੀ ਦਾ ਹਰੇਕ ਤੰਦ ਆ ਸ਼ਾਮਿਲ ਹੁੰਦਾ ਹੈ। ਸਮਾਗਮੀ ਗੀਤਾਂ ਤੋਂ ਇਲਾਵਾਂ ਉਦਗਾਰਾਂ ਤੇ ਮਨੋਭਾਵਾਂ ਨਾਲ ਭਰਪੂਰ ਗੀਤ ਹੁੰਦੇ ਹਨ ਜਿਨ੍ਹਾਂ ਤੋਂ ਸਮਾਜਕ ਰਿਸ਼ਤਿਆਂ, ਸੰਬੰਧਾਂ ਆਪਸੀ ਪ੍ਰੇਮ ਪਿਆਰ, ਰੋਸੇ, ਮਨੋਵੇਂ, ਸੱਸ ਨੂੰਹ ਦੇ ਸੰਬੰਧ, ਨਣਾਨ ਭਰਜਾਈ ਦੇ ਗਿਲੇ, ਦੇਵਰ ਭਾਬੀ ਦੇ ਹਾਸੇ ਠੱਠੇ ਸੱਭੋ ਕੁੱਝ ਬਾਰੇ ਗਿਆਨ ਹੋ ਜਾਂਦਾ ਹੈ।[6] ਇਸ ਤਰ੍ਹਾਂ ਸਿੱਧੇ ਸਾਦੇ ਲੋਕਾਂ ਦੀਆਂ ਮਨੋਤਰੰਗਾਂ, ਕੌੜੀਆਂ ਸਚਾਈਆਂ ਦਾ ਰੂਪ ਧਾਰਨ ਕਰਦੀਆਂ ਹਨ। ਇਨ੍ਹਾਂ ਕੌੜੀਆਂ ਸਚਾਈਆਂ ਰਾਹੀਂ ਰਿਸ਼ਤੇ-ਦਾਰੀ ਦਾ ਸਹੀ ਸਰੂਪ ਉਘੜ ਕੇ ਸਾਹਮਣੇ ਆਉਂਦਾ ਹੈ ਜਿਸ ਤੋਂ ਹਰੇਕ ਰਿਸ਼ਤੇ ਦੀ ਪ੍ਰਕਿਰਤੀ ਬਾਰੇ ਜਾਣਿਆ ਜਾ ਸਕਦਾ ਹੈ। ਸਾਂਸਕ੍ਰਿਤਿਕ ਰਿਸ਼ਤਿਆਂ ਤੇ ਲੋਕ ਗੀਤਕ ਆਧਾਰਿਤ ਰਿਸ਼ਤਿਆਂ ਵਿਚ ਕੁਝ ਅੰਤਰ ਜ਼ਰੂਰ ਆ ਜਾਂਦਾ ਹੈ ਜਿਨ੍ਹਾਂ ਦਾ ਅਧਿਐਨ ਹਰੇਕ ਅਧਿਆਇ ਵਿਚ ਸਮੁੱਚੇ ਰੂਪ 'ਚ ਕੀਤਾ ਜਾਵੇਗਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਹਵਾਲੇ ਅਤੇ ਟਿੱਪਣੀਆਂ

1. 'ਲੋਕ ਸਾਹਿਤਯ ਕੀ ਸਾਂਸਕ੍ਰਿਤਿਕ ਪਰੰਪਰਾ', ਪੰਨਾ 88.
2. 'ਲੋਕ ਸਾਹਿਤਯ ਕੀ ਭੂਮਿਕਾ', ਪੰਨਾ 64.
3. ਬਲਦੇਵ ਸਿੰਘ, 'ਵਿਆਹ ਦੇ ਪੰਜਾਬੀ ਲੋਕ ਗੀਤ ਇਕ ਅਧਿਐਨ' (ਅਣਪ੍ਰਕਾਸ਼ਿਤ ਖੋਜ ਨਿਬੰਧ), ਪੰਨਾ 38.
4. 'ਪੰਜਾਬੀ ਲੋਕ ਗੀਤ', ਪੰਨੇ 94–95.
5. 'ਪੰਜਾਬ ਦਾ ਲੋਕ ਸਾਹਿਤ', ਪੰਨਾ 183.
6. ਉਹੀ, ਪੰਨਾ 185.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਵਿਆਹ ਨਾਲ ਸੰਬੰਧਤ ਰਿਸ਼ਤੇ

ਪਰਿਵਾਰ ਦਾ ਕਾਨੂੰਨੀ ਆਧਾਰ ਵਿਆਹ ਹੈ। ਵਿਆਹ ਤੋਂ ਪਰਿਵਾਰਾਂ ਦੇ ਮੁੱਢ ਰਾਹੀਂ ਰਿਸ਼ਤਿਆਂ ਦਾ ਪ੍ਰਵਾਹ ਚਲਦਾ ਹੈ। ਔਰਤ ਅਤੇ ਮਰਦ ਜਦ ਇਕ ਸਮਾਜਕ ਇਕਾਈ ਵਿਚ ਬੱਝਦੇ ਹਨ ਤਾਂ ਇਹ ਅੱਗੋਂ ਪੁਨਰਉਤਪਾਦਨ ਦੀ ਪ੍ਰਕਿਰਿਆ ਰਾਹੀਂ ਸਿਰਜਣਾਤਮਕ ਸ਼ਕਤੀ ਹੋ ਨਿਬੜਦੇ ਹਨ। 'ਔਰਤ ਅਤੇ ਮਰਦ ਵਾਸਤਵ ਵਿਚ ਰਲਕੇ ਇਕ ਵਿਸ਼ੇਸ਼ ਨੂੰ ਜਨਮ ਦੇਂਦੇ ਹਨ ਜੋ ਅੱਗੋਂ ਕਾਇਨਾਤ ਦੇ ਵਿਕਾਸ ਦਾ ਮੁੱਢ ਬੰਨ੍ਹਣ ਵਿਚ ਜੁੱਟਦੇ ਹਨ। ਵੱਖਰਾ ਮਰਦ ਅਤੇ ਵੱਖਰੀ ਔਰਤ ਦੋਵੇਂ ਵੱਖ ਵੱਖ ਰੂਪ ਵਿਚ ਕਿਸੇ ਕੰਮ ਦੇ ਨਹੀਂ ਹਨ''।[1] ਪਰ ਇਹ ਰਿਸ਼ਤਾ ਭਾਵੇਂ ਜੈਵਿਕ (Biological) ਹੈ ਪਰ ਵਿਆਹ ਤੋਂ ਬਿਨਾ ਇਸ ਨੂੰ ਸਮਾਜਕ ਪ੍ਰਵਾਨਗੀ ਨਹੀਂ ਮਿਲਦੀ। ਗੁਰਮੀਤ ਸਿੰਘ ਦੇ ਸ਼ਬਦਾਂ ਵਿਚ :

> ਕਾਮ ਮਰਦ ਅਤੇ ਇਸਤਰੀ ਦਾ ਇਕ ਕੁਦਰਤੀ ਜਜ਼ਬਾ ਹੈ, ਜਿਨਸੀ ਰਿਸ਼ਤਾ ਇਕ ਕੁਦਰਤੀ ਰਿਸ਼ਤਾ ਹੈ, ਇਸ ਵਿਚ ਕੋਈ ਅਸ਼ਲੀਲਤਾ ਨਹੀਂ। ਇਹ ਪੂਰਾ ਬਾਇਓਲੋਜੀਕਲ ਹੈ, ਘਰੋਗੀ ਜ਼ਿੰਦਗੀ ਦੇ ਪੂਰਨ ਸੁੱਖ ਦਾ ਸਾਧਨ ਹੈ। ਸਮਾਜਕ ਰੂਹਾਨੀ ਤੇ ਦੈਨਿਕ ਜ਼ਿੰਦਗੀ ਦਾ ਅਮਲੀ ਰਿਸ਼ਤਾ ਹੈ, ਇਸ ਤੋਂ ਨਾਂਹ ਜ਼ਿੰਦਗੀ ਤੋਂ ਇਨਕਾਰ ਤੁਲ ਹੈ। ਇਹ ਮਨੁੱਖ ਦੀ ਸਰੀਰਕ ਭੁੱਖ ਦਾ ਹੀ ਮਸਲਾ ਨਹੀਂ ਉਸ ਦੀ ਰੂਹ ਦਾ ਵੀ ਰੱਜ ਹੈ। ਇਸ ਦੀ ਪੂਰਤੀ ਦਾ ਰਾਹ ਸਮਾਜ ਸਥਾਪਿਤ ਵਿਆਹ ਦੀ ਰਸਮ ਹੈ।[2]

ਔਰਤ ਅਤੇ ਆਦਮੀ ਦੇ ਇਸ ਸਮਾਜਕ ਸੁਮੇਲ ਤੋਂ ਹੀ ਰਿਸ਼ਤੇਦਾਰੀਆਂ ਦਾ ਨਿਰੰਤਰ ਪ੍ਰਵਾਹ ਚਲ ਪੈਂਦਾ ਹੈ। ਇਸ ਲਈ ਵਿਆਹ ਹੀ ਰਿਸ਼ਤੇਦਾਰੀ ਦਾ ਕੇਂਦਰ ਬਿੰਦੂ ਬਣਦਾ ਹੈ। ਜਦੋਂ ਲੈਵੀ ਸਤ੍ਰਾਸ ਵਿਆਹ ਨੂੰ ਸੰਬੰਧਿਤ ਸਮੂਹਾਂ ਨਾਲ ਸੰਬੰਧਿਤ ਕਰਦਾ ਹੈ ਤਾਂ ਉਹ ਰਿਸ਼ਤੇਦਾਰੀਆਂ ਦੀ ਹੀ ਗੱਲ ਕਰ ਰਿਹਾ ਪ੍ਰਤੀਤ ਹੁੰਦਾ ਹੈ। ਉਸ ਅਨੁਸਾਰ :

> ਵਿਆਹ ਦਾ ਇਹ ਲਗਭਗ ਸਰਵਭੌਤਿਕ ਰੂਪ ਹੈ ਕਿ ਉਸ ਦੀ ਸ਼ੁਰੂਆਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਅਕਤੀਆਂ ਦੁਆਰਾ ਨਹੀਂ ਸੰਬੰਧਿਤ ਸਮੂਹਾਂ ਦੁਆਰਾ ਕੀਤੀ ਜਾਂਦੀ ਹੈ (ਕੁਟੰਬ, ਵੰਸ਼ਵਾਲੇ, ਕੁਲ ਆਦਿ) ਅਤੇ ਇਹ ਵਿਅਕਤੀਆਂ ਨੂੰ ਨਹੀਂ, ਉਨ੍ਹਾਂ ਦਾ ਪਹਿਲੇ ਅਤੇ ਉਨ੍ਹਾਂ ਉਪਰ ਸਮੂਹਾਂ ਨੂੰ ਇਕ ਬੰਧਨ ਵਿਚ ਬੰਨ੍ਹ ਦੇਂਦਾ ਹੈ।...ਜੇ ਵਿਆਹ ਕੁਟੰਬ ਨੂੰ ਉਤਪੰਨ ਕਰਦਾ ਹੈ ਫਿਰ ਤਾਂ ਇਹ ਇਕ ਜਾਂ ਅਧਿਕ ਕੁਟੰਬ ਹਨ ਜੋ ਪ੍ਰਮੁੱਖ ਕਾਨੂੰਨੀ ਵਿਧੀ ਨਾਲ ਆਪਸ ਵਿਚ ਸੰਬੰਧ ਸਥਾਪਿਤ ਕਰਨ ਲਈ ਵਿਆਹ ਨੂੰ ਉਤਪੰਨ ਕਰਦੇ ਹਨ।[3]

ਚਾਹੇ ਸਮੂਹ ਵਿਆਹ ਨੂੰ ਉਤਪੰਨ ਕਰਦੇ ਹਨ ਜਾਂ ਵਿਆਹ ਸਮੂਹ ਨੂੰ ਸੰਗਠਿਤ ਕਰਦਾ ਹੈ ਇਹ ਗੱਲ ਸਰਵ ਪ੍ਰਵਾਨਿਤ ਹੈ ਕਿ "ਵਿਆਹ ਇਕ ਮਰਦ ਤੇ ਔਰਤ ਵਿਚਕਾਰ ਸਮਾਜਕ ਤੌਰ ਤੇ ਪ੍ਰਵਾਨਿਤ ਰਿਸ਼ਤਾ ਹੈ, ਜਿਸ ਵਿਚ ਆਰਥਿਕ ਮਿਲਵਰਤਨ ਰਿਹਾਇਸ਼ ਅਤੇ ਸੰਭੋਗ ਦੀ ਵਿਵਸਥਾ ਹੈ"।[4]

ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਵਿਆਹ ਦਾ ਰਿਸ਼ਤਾ ਗੰਢਣ ਵੇਲੇ ਜਾਤਾਂ ਗੋਤਾਂ ਨੂੰ ਧਿਆਨ ਗੋਚਰੇ ਰੱਖਿਆ ਜਾਂਦਾ ਹੈ। ਲੈਵੀ ਸਤ੍ਰਾਸ ਪੰਜਾਬ ਦੇ ਜੱਟਾਂ ਬਾਰੇ ਲਿਖਦਾ ਹੈ ਕਿ "ਪੰਜਾਬ ਦੇ ਜੱਟ ਪ੍ਰਮੁੱਖ ਰਿਸ਼ਤੇ ਤੋਂ ਇਲਾਵਾ ਤਿੰਨ ਹੋਰ ਰਿਸ਼ਤਿਆਂ ਤੇ ਪਾਬੰਦੀ ਲਗਾਉਂਦੇ ਹਨ ਜਿਨ੍ਹਾਂ ਵਿਚ ਉਸ ਦੀ ਮਾਂ, ਉਸ ਦੀ ਮਾਂ ਦੀ ਮਾਂ ਅਤੇ ਉਸ ਦੇ ਪਿਉ ਦੀ ਭੈਣ ਦੇ ਪਤੀ ਦੀ ਗੋਤ ਸ਼ਾਮਿਲ ਹੈ"।[4] ਅਜੋਕੀ ਸਥਿਤੀ ਵਿਚ ਇਕੱਲੇ ਪਿਉ ਦੀ ਗੋਤ ਨੂੰ ਹੀ ਛੱਡਿਆ ਜਾਂਦਾ ਹੈ, (ਹੁਣ ਤਾਂ ਇਸ ਬੰਦਿਸ਼ ਦੇ ਟੁੱਟਣ ਦੀਆਂ ਮਿਸਾਲਾਂ ਵੀ ਮਿਲਣ ਲੱਗ ਗਈਆਂ ਹਨ) ਜਿਸ ਕਾਰਣ ਲੈਵੀ ਸਤ੍ਰਾਸ ਦੀ ਗੱਲ ਵਰਤਮਾਨ ਸਭਿਆਚਾਰ ਤੇ ਪੂਰੀ ਤਰ੍ਹਾਂ ਨਹੀਂ ਢੁਕਵੀਂ। ਪਰ ਪੰਜਾਬੀ ਸਭਿਆਚਾਰ ਵਿਚ ਰਿਸ਼ਤੇ ਅੰਤਰ-ਜਾਤੀ ਨਹੀਂ ਕੀਤੇ ਜਾਂਦੇ। ਕੁੜੀ ਮੁੰਡੇ ਦੀ ਰਜ਼ਾਮੰਦੀ ਨੂੰ ਛਿੱਕੇ ਟੰਗ ਕੇ ਸਾਕ ਕੁੜਮਾਂ ਕੁੜਮਾਂ ਦੇ ਹੀ ਹੁੰਦੇ ਹਨ। ਮੁੰਡਾ ਤਾਂ ਸਿਰਫ਼ "ਪੱਚੀਆਂ ਪਿੰਡਾਂ ਦਾ ਪਟਵਾਰੀ" ਹੀ ਸੋਭਦਾ ਹੈ ਭਾਵੇਂ ਰੂਪਕ ਪੱਖ ਤੋਂ ਹੀਣਾ ਹੀ ਕਿਉਂ ਨਾ ਹੋਵੇ। ਇਸ ਕਰਕੇ "ਸਾਡੀ ਲੰਬੀ ਉਡਾਰੀ ਵੇ ਬਾਬਲ ਕਿਹੜੇ ਦੇਸ਼ ਜਾਣਾ" ਅਨੁਸਾਰ ਧੀਆਂ ਦਾ ਕੰਮ ਸਿਰਫ਼ ਉਡਾਰੀ ਮਾਰਨਾ ਹੈ ਕਿਸੇ ਹੋਰ ਦੀ ਸਾਕਾਦਾਰੀ ਵਿਸ਼ਾਲ ਕਰਨ ਲਈ। ਇਸ ਲੰਮੀ ਉਡਾਰੀ ਦੇ ਦੇਸ਼ ਦਾ ਪਤਾ ਨਾ ਹੋਣਾ ਪੰਜਾਬੀ ਮੁਟਿਆਰ ਦੇ ਵਿਆਹ ਦੀ ਅਨਿਸ਼ਚਤ ਸਥਿਤੀ ਹੋਣ ਦਾ ਪ੍ਰਗਟਾਵਾ ਹੈ। ਭਾਵੇਂ "ਇਸਤਰੀ ਇਕ ਦੀ ਭੈਣ ਤੇ ਦੂਸਰੇ ਦੀ ਪਤਨੀ ਹੁੰਦੀ ਹੈ ਅਤੇ ਉਹ ਦੋ ਵੰਸ਼ਾਨੁਕਰਮ ਸਮੂਹਾਂ ਨੂੰ ਜੋੜਦੀ ਹੈ। ਜਿਨ੍ਹਾਂ ਵਿਚ ਉਸ ਦੇ ਬਿਨਾ ਕੋਈ ਸਮਾਨ ਹਿਤ ਨਹੀਂ ਹੁੰਦਾ ਅਤੇ ਇਕ ਦੂਸਰੇ ਨਾਲ ਦੁਸ਼ਮਣੀ ਵੀ ਹੋ ਸਕਦੀ ਹੈ"।[6] ਫਿਰ ਵੀ ਉਸ ਨੂੰ ਗੋਲੀ ਹੀ ਬਣਕੇ ਰਹਿਣਾ ਪੈਂਦਾ ਹੈ। ਨਜਮ ਹੁਸੈਨ ਸੱਯਦ ਦੇ ਸ਼ਬਦਾਂ ਵਿਚ "ਪੇਕੇ ਘਰ ਧੀ ਬਾਪ ਦੀ ਗੋਲੀ ਹੁੰਦੀ ਹੈ, ਸਹੁਰੇ ਜਾ ਕੇ ਪਹਿਲਾਂ ਪਤੀ ਦੀ ਤੇ ਛੇਕੜਲੀ ਉਮਰੇ ਪੁੱਤਰ ਦੀ ਗੋਲੀ"।[7] ਮਨੂੰ (Manu) ਵਿਚ ਵੀ ਅਜੇਹੇ ਹੀ ਵਿਚਾਰ ਪ੍ਰਗਟਾਏ ਗਏ ਹਨ ਮਨੂੰ ਮੁਤਾਬਕ "ਔਰਤ ਲਈ ਕੋਈ ਸੁਤੰਤਰਤਾ ਨਹੀਂ। ਜ਼ਿੰਦਗੀ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਪੱਧਰ ਤੇ ਉਹ ਕੁਝ ਆਦਮੀ ਮੈਂਬਰਾਂ ਦੇ ਸਹਾਰੇ ਥੱਲੇ ਹੀ ਹੁੰਦੀ ਹੈ ਜਿਵੇਂ ਪਿਤਾਂ, ਪਤੀ ਤੇ ਪੁੱਤ ਦੇ ਅਧੀਨ" ।[8] ਔਰਤ ਦੀ ਅਜਿਹੀ ਦਸ਼ਾ ਦਾ ਕਾਰਣ ਹਾਣ ਨੂੰ ਹਾਣ ਨਾ ਮਿਲਣ ਦਾ ਕਾਰਣ ਹੀ ਨਹੀਂ ਸਗੋਂ ਪਰਿਸਥਿਤੀਆਂ ਦਾ ਦਬਾਉ ਵੀ ਹੈ। "ਹਾਣ ਨੂੰ ਹਾਣ ਮਿਲਣ ਦੀ ਸਖਸ਼ੀ ਆਜ਼ਾਦੀ ਔਰਤ ਨੂੰ ਬਿਲਕੁਲ ਨਹੀਂ। ਚਾਕ ਦਾ ਰਿਸ਼ਤਾ ਹੀਰ ਨਾਲ ਨਹੀਂ ਹੋ ਸਕਦਾ, ਜੇ ਹੁੰਦਾ ਹੈ ਤਾਂ ਰਹਿਤਲ ਦੀਆਂ ਕੀਮਤਾਂ ਤੋੜ ਕੇ। ਇਥੇ ਰਿਸ਼ਤਾ ਹੈ ਟਾਬਰੀ ਦਾ ਟਾਬਰੀ ਨਾਲ। ਸਖ਼ਸ਼ੀ ਆਜ਼ਾਦੀ ਲਈ ਕੋਈ ਥਾਂ ਨਹੀਂ। ਔਰਤ ਦੀ ਮਰਜ਼ੀ ਲਈ ਕੋਈ ਜਗ੍ਹਾ ਨਹੀਂ" ।[9] ਪਰ ਸਾਡੀ ਗੱਲ ਸਿਰਫ਼ ਇਕ ਨੁਕਤੇ ਦੁਆਲੇ ਹੀ ਨਹੀਂ ਘੁੰਮਦੀ ਸਮੁੱਚਾ ਪਰਿਵਾਰਕ ਸੰਗਠਨ ਸਾਡੇ ਵਿਸ਼ੇ ਦਾ ਖੇਤਰ ਹੈ। ਦਰਅਸਲ ਸਾਕ ਭਾਵੇਂ ਅਸਿੱਧੇ ਰੂਪ 'ਚ ਕੁੜਮਾਂ ਕੁੜਮਾਂ ਦੇ ਹੀ ਹੁੰਦੇ ਹਨ ਚਾਹੇ ਸਿੱਧੇ ਰੂਪ 'ਚ ਲੜਕੇ ਲੜਕੀ ਦਾ, ਗੱਲ ਤਾਂ ਇਹ ਹੈ ਕਿ ਔਰਤ ਇਕ ਕਠਪੁਤਲੀ ਹੈ ਜਿਸ ਦਾ ਸਿਰਫ਼ ਰੂਪ ਹੀ ਉਸ ਦੀ ਕਮਾਈ ਹੈ ਤੇ ਸਥਾਪਿਤ ਭਾਈਚਾਰੇ ਦੇ ਨੈਤਿਕ ਵਿਹਾਰ ਨਾਲ ਜੁੜਨਾ ਹੀ ਉਸ ਦੀ ਸੰਸਾਰਕ ਕਾਮਯਾਬੀ ਹੈ। ਜਿਸ ਕਾਰਣ ਉਸ ਨੂੰ "ਬਿਗਾਨੀ ਧੀ" ਦੇ ਰੂਪ 'ਚ ਨੂੰਹ ਬਣਕੇ ਦੂਸਰੇ ਘਰ ਆਉਣਾ ਹੀ ਪੈਂਦਾ ਹੈ, ਜਿਥੋਂ ਰਿਸ਼ਤੇਦਾਰੀ ਢਾਂਚਾ ਆਪਣਾ ਪਾਸਾਰ ਮੋਕਲਾ ਕਰਦਾ ਹੈ ਕਿਉਂਕਿ :

> ਖੁਸ਼ੀ ਅਤੇ ਗ਼ਮੀ ਵੇਲੇ ਸਭਿਆਚਾਰਕ ਜੁਗਤ ਬਦਲਦੀ ਹੈ। ਦੋਵੇਂ ਵੇਲੇ ਇਕ ਨਾ ਇਕ ਵਿਅਕਤੀ ਉਸ ਜਗਤ ਵਿਚ ਆਉਂਦਾ ਹੈ ਜਾਂ ਉਥੋਂ ਚਲਾ ਜਾਂਦਾ ਹੈ। ਇਕ ਵਿਅਕਤੀ ਨਾਲ ਸਾਰੇ ਦੀ ਸਾਰੀ ਜੁਗਤ ਨਵੇਂ ਸਿਰਿਉਂ ਵਿਉਂਤੀ ਜਾਂਦੀ ਹੈ...ਵਿਆਹ ਤੇ ਕਿਉਂਕਿ ਦੋ ਪਰਿਵਾਰਾਂ ਦੇ ਸੰਬੰਧ ਸਥਾਪਿਤ ਹੋਣੇ ਹੁੰਦੇ ਹਨ,. ਇਸ ਲਈ ਤਬਦੀਲੀ ਹੋਰ ਵੀ ਜ਼ਿਆਦਾ ਹੁੰਦੀ ਹੈ। ਇਕ ਮੁੰਡਾ ਕੁੜੀ ਜੋ ਸਿਰਫ਼ ਆਪਣੇ ਮਾਂ ਬਾਪ ਲਈ ਪੁੱਤ ਧੀ ਹਨ, ਵਿਆਹ ਤੋਂ ਬਾਅਦ ਮੁੰਡਾ-ਨੂੰਹ, ਧੀ-ਜੁਆਈ, ਜੀਜਾ-ਸਾਲੀ, ਭੈਣ-ਭਣਵਈਆ ਬਣ ਜਾਂਦੇ ਹਨ ।[10]

ਇਸ ਤੋਂ ਇਲਾਵਾ ਮਾਂ ਬਾਪ ਕੁੜਮ ਕੁੜਮਣੀ, ਸੱਸ ਸਹੁਰਾ ਬਣ ਜਾਂਦੇ ਹਨ ਅਤੇ ਭੈਣ ਭਰਾ ਨਣਾਨ ਦਿਉਰ ਅਤੇ ਸਾਲੀ ਸਾਲਾ ਬਣ ਜਾਂਦੇ ਹਨ। ਇਸੇ ਤਰ੍ਹਾਂ ਕੋਈ ਫੁੱਫੜ ਮਾਸੜ ਅਤੇ ਕੋਈ ਦਰਾਣੀ ਜਠਾਣੀ ਇਤਿਆਦਿ ਅਣਗਿਣਤ ਰਿਸ਼ਤੇ ਹੋਂਦ ਵਿਚ ਆ ਜਾਂਦੇ ਹਨ। ਇਸ ਤਰ੍ਹਾਂ ਵਿਆਹ ਦੀ ਰਸਮ ਬਾਅਦ ਲੜਕੀ ਇਕ ਔਰਤ ਵਿਚ ਤਬਦੀਲ ਹੋ ਜਾਂਦੀ ਹੈ ਜਾਂ ਪਤਨੀ ਬਣ ਜਾਂਦੀ ਹੈ। ਵਾਪਸ ਆਪਣੇ ਘਰ (ਪੇਕੇ ਘਰ) ਆਉਣ ਤੇ ਉਸ ਦਾ ਸੰਬੰਧੀਆਂ ਵਾਂਗ ਹੀ ਸਵਾਗਤ ਕੀਤਾ ਜਾਂਦਾ ਹੈ ।[11] ਜਦੋਂ ਨਵੀਂ ਵਿਆਹੀ ਕੁੜੀ 'ਦੂਸਰੇ ਘਰ' ਵਹੁਟੀ ਦੇ ਰੂਪ 'ਚ ਆਉਂਦੀ ਹੈ ਤਾਂ ਉਸ ਨੂੰ ਆਪਣੀ ਸ਼ਖ਼ਸੀਅਤ ਉਸ ਘਰ ਦੇ ਵਾਤਾਵਰਣ ਮੁਤਾਬਿਕ ਹੀ ਢਾਲਣੀ ਪੈਂਦੀ ਹੈ। ਇਸ ਤਰ੍ਹਾਂ ਉਹ ਵੰਡੀ ਜਾਂਦੀ ਹੈ ਭਾਵੇਂ ਸਾਰੀ ਜ਼ਿੰਦਗੀ ਉਸ ਨੇ ਸਹੁਰੇ ਘਰ ਹੀ ਬਿਤਾਉਣੀ ਹੁੰਦੀ ਹੈ ਪਰ ਫਿਰ ਵੀ ਉਹ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਕਿਆਂ ਨੂੰ ਭੁਲਾ ਨਹੀਂ ਸਕਦੀ। ਡਾ. ਸੁਹਿੰਦਰ ਸਿੰਘ ਬੇਦੀ ਇਸ ਨੂੰ ਦੁਪਾਸੀ ਵੰਡੀ ਸ਼ਖਸੀਅਤ ਦਾ ਪ੍ਰਗਟਾਵਾ ਦੱਸਦਾ ਹੈ। ਉਸ ਅਨੁਸਾਰ :

> ਵਿਆਹੀ ਇਸਤਰੀ ਦਾ ਜੀਵਨ ਦੋ ਚੂਲਾਂ ਪੇਕੇ ਤੇ ਸਹੁਰੇ ਦੁਆਲੇ ਘੁੰਮਦਾ ਹੈ। ਪੇਕਿਆਂ ਵਿਚ ਉਸ ਦੇ ਆਪਣੇ ਲਹੂ ਦੀ ਮਹਿਕ ਹੁੰਦੀ ਹੈ ਤੇ ਸਹੁਰਿਆਂ ਵਿਚ ਪਤੀ ਦੇ ਲਹੂ ਦੀ। ਇਕ ਵਿਚ ਉਸ ਦਾ ਦਿਲ ਹੁੰਦਾ ਹੈ ਤੇ ਦੂਜੇ ਵਿਚ ਪ੍ਰਾਣ।[12]

ਆਪਣੀ ਸ਼ਖ਼ਸੀਅਤ ਨੂੰ ਉਸ ਨੂੰ ਨਵੇਂ ਵਾਤਾਵਰਣ ਮੁਤਾਬਿਕ ਢਾਲਣਾ ਹੀ ਪੈਂਦਾ ਹੈ। ਇਸੇ ਲਈ ਲੋਕ ਗੀਤ ਦੀ ਸਿਰਜਣਾ ਹੋਈ ਹੈ :

> ਡੁੱਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ,
> ਚੁੱਕ ਕੇ ਝੋਲੀ ਵਿਚ ਪਾ ਲੈ।
> ਆਸੇ ਪਾਸੇ ਮਿੱਟੀ ਨਾ ਲੱਗ ਜੇ,
> ਝਾੜ ਪੂੰਝ ਕੇ ਖਾ ਲੈ।
> ਲੜ ਛੱਡ ਮਾਪਿਆਂ ਦਾ,
> ਤੂੰ ਮੋਹ ਸਹੁਰਿਆਂ ਵਿਚ ਪਾ ਲੈ।

ਮਹਿੰਦਰ ਸਿੰਘ ਰੰਧਾਵਾ ਤੇ ਸਤਿਆਰਥੀ ਨੇ ਨਵ-ਵਿਆਹੁਤਾ ਲੜਕੀ ਦੇ ਦੁਪਾਸੜ ਕਿਰਦਾਰ ਨੂੰ ਇਉਂ ਉਘਾੜਿਆ ਹੈ :

> ਪੰਜਾਬੀ ਇਸਤਰੀਆਂ ਦੀਆਂ ਦੋ ਜਾਨਾਂ ਤੇ ਦੋ ਦਿਲ ਹਨ, ਸਹੁਰੇ ਘਰ ਵਾਸਤੇ ਤੇ ਪੇਕੇ ਘਰ ਵਾਸਤੇ। ਉਸ ਦਾ ਮਨ ਦੋਹਾਂ ਵਿਚਕਾਰ ਵੰਡਿਆ ਰਹਿੰਦਾ ਹੈ ਤੇ ਉਹ ਸਾਰਾ ਭਾਰ ਇਕ ਪਾਸੇ ਨਹੀਂ ਪਾ ਸਕਦੀ। ਉਹ ਦੋਹਾਂ ਦੇ ਆਸਰੇ ਜੀਉਂਦੀ ਹੈ ਤੇ ਦੋਹਾਂ ਵਿਚੋਂ ਕਿਸੇ ਇਕ ਥਾਂ ਦੀ ਵੱਧ ਤੋਂ ਵੱਧ ਖੁਸ਼ੀ ਵੀ ਉਸਦੇ ਮਨ ਨੂੰ ਦੂਜੇ ਪਾਸਿਉਂ ਤੋੜ ਨਹੀਂ ਸਕਦੀ। ਸਹੁਰੇ ਘਰ ਵਿਚ ਉਸ ਦੇ ਦਿਲ ਦਾ ਵਾਲੀ ਉਸ ਦਾ ਪਤੀ ਹੁੰਦਾ ਹੈ ਪਰ ਪੇਕੇ ਘਰ ਦੇ ਦਿਸਹੱਦੇ ਤੇ ਸਭ ਤੋਂ ਬਹੁਤੀ ਲਿਸ਼ਕ ਉਸ ਦੇ ਵੀਰ ਦੀ ਹੈ।[13]

ਭਾਵੇਂ ਇਸਤਰੀ ਦਾ ਮਨ ਦੁਵੱਲੀ ਰਿਸ਼ਤੇਦਾਰੀ 'ਚ ਸਮਾ ਜਾਂਦਾ ਹੈ ਪਰ ਵਿਆਹ ਪ੍ਰਕਿਰਿਆ ਰਾਹੀਂ ਉਸ ਵਾਸਤੇ ਸਭ ਕੁਝ ਉਸ ਦਾ ਪਤੀ ਹੋ ਜਾਂਦਾ ਹੈ ਤੇ ਪਤੀ ਵਾਸਤੇ ਉਹ। ਕਿਉਂਕਿ ਉਹ ਵਿਆਹ ਦੇ ਕਾਨੂੰਨ ਰਾਹੀਂ ਇਕ ਹੋ ਜਾਂਦੇ।[14] ਇਸ ਤਰ੍ਹਾਂ ਪਤੀ ਪਤਨੀ ਦਾ ਰਿਸ਼ਤਾ ਅਜਿਹੇ ਦੋ ਸੂਤਰ ਹਨ ਜਿਨ੍ਹਾਂ ਦੁਆਲੇ ਸਾਰਾ ਰਿਸ਼ਤੇਦਾਰੀ ਢਾਂਚਾ ਘੁੰਮਦਾ ਹੈ। ਇਸ ਅਧਿਆਇ ਵਿਚ ਅਸੀਂ ਵਿਆਹ ਰਾਹੀਂ ਹੋਂਦ 'ਚ ਆਉਣ ਵਾਲੇ ਪ੍ਰਮੁੱਖ ਰਿਸ਼ਤਿਆਂ ਦਾ ਵਰਣਨ ਤਰਤੀਬਵਾਰ ਕਰਾਂਗੇ ਤਾਂ ਕਿ ਇਨ੍ਹਾਂ ਦੀ ਪ੍ਰਕਿਰਤੀ ਸਪੱਸ਼ਟ ਹੋ ਸਕੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਪਤੀ-ਪਤਨੀ ਦਾ ਰਿਸ਼ਤਾ :

ਪਤੀ-ਪਤਨੀ ਦੇ ਸੰਜੋਗ ਤੋਂ ਰਿਸ਼ਤਿਆਂ ਦਾ ਪ੍ਰਵਾਹ ਚੱਲਦਾ ਹੈ। "ਆਦਮੀ ਅਤੇ ਇਸਤਰੀ ਜੀਵਨ ਦੀਆਂ ਸੰਪੂਰਨ ਇਕਾਈਆਂ ਹਨ। ਇਕ ਤੋਂ ਬਿਨਾ ਦੂਸਰੇ ਦੀ ਸਥਿਤੀ ਅਪੂਰਣ ਹੈ, ਅਸੰਭਵ ਹੈ। ਦੋਹਾਂ ਦੇ ਸੰਜੋਗ ਨਾਲ ਹੀ ਸ੍ਰਿਸ਼ਟੀ ਦਾ ਨਿਰਮਾਣ ਹੁੰਦਾ ਹੈ"।[15] ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਇਹ ਰਿਸ਼ਤਾ ਆਸਾਵਾਂ ਹੀ ਰਿਹਾ ਹੈ ਭਾਵੇਂ ਪੱਛਮੀ ਪ੍ਰਭਾਵਾਂ ਸਦਕਾ ਕੁੱਝ ਸਾਵਾਂਪਣ ਵੀ ਆ ਗਿਆ ਹੈ, ਪਰ ਪ੍ਰਮੁੱਖ ਰੂਪ ਵਿਚ ਇਹ ਅਜੇ ਵੀ ਅਸਾਵਾਂ ਹੀ ਹੈ। ਪਰਾ-ਇਤਿਹਾਸਕ ਕਾਲ ਤੋਂ ਹੀ ਔਰਤ ਮਨੁੱਖ ਦੀ ਅਧੀਨਗੀ ਸਹਿੰਦੀ ਆਈ ਹੈ। ਔਰਤ ਨਾਲ ਸੰਬੰਧਿਤ ਹੋਰ ਰਿਸ਼ਤੇ ਵੀ ਅਧੀਨਗੀ ਦੇ ਹੀ ਹਨ ਜਦ ਕਿ ਮਰਦ ਨਾਲ ਸੰਬੰਧਿਤ ਉੱਚ-ਦਰਜੇ ਦੇ "ਪੰਜਾਬੀ ਗੀਤਾਂ ਵਿਚ ਔਰਤ ਚਾਹੇ ਉਹ ਮਾਂ, ਧੀ, ਭੈਣ ਤੇ ਪਤਨੀ ਦੇ ਰੂਪ ਵਿਚ ਹੋਵੇ ਉਹ ਗੁਲਾਮ ਹੀ ਹੈ। ਉਹ ਟਾਬਰੀ ਦੇ ਜੋੜ ਜੋੜਨ, ਢਹਿੰਦਿਆਂ ਮਾਲਕਾਂ ਨੂੰ ਥੰਮਣ ਤੇ ਵਧਦੀਆਂ ਮਾਲਕੀਆਂ ਨੂੰ ਹੋਰ ਵਧਾਉਣ ਦੇ ਕੰਮ ਆਉਂਦੀ ਹੈ"।[16] ਅਧੀਨਗੀ ਦੀ ਪਦਵੀ ਕਾਰਣ ਧੀ ਦਾ ਸਾਕ ਕਰਨ ਵੇਲੇ ਆਪਣੇ ਤੋਂ ਥੋੜ੍ਹੀ ਮਾੜੀ ਆਰਥਿਕ ਹਾਲਤ ਵਾਲਾ ਘਰ ਵੀ ਪਸੰਦ ਕੀਤਾ ਜਾਂਦਾ ਹੈ ਤਾਂ ਕਿ ਵੇਲੇ ਕੁਵੇਲੇ ਧੀ ਦਾ ਦੁੱਖ ਵੰਡਾਇਆ ਜਾ ਸਕੇ। 'ਧੀਆਂ ਵਾਲਿਆਂ ਦੇ ਸਿਰ ਹਮੇਸ਼ਾਂ ਨੀਵੇਂ ਹੁੰਦੇ ਹਨ' ਅਖੌਤ ਵੀ ਉਪਰੋਕਤ ਮਤ ਦੀ ਹੀ ਪੁਸ਼ਟੀ ਕਰਦੀ ਹੈ। ਜਿਥੇ ਕਿਤੇ ਵੱਟੇ ਦੇ ਸਾਕ ਦੀ ਪ੍ਰਥਾ ਪ੍ਰਚਲਿਤ ਹੈ, ਉਥੇ ਔਰਤ ਦੀ ਹਾਲਤ ਇੰਨੀ ਤਰਸਯੋਗ ਨਹੀਂ ਪਰ ਉਥੇ ਅਜੋੜ ਵਿਆਹ ਹੋਣ ਕਰਕੇ ਉਸ ਦੀ ਹਾਲਤ ਹੋਰ ਵੀ ਪਤਲੀ ਹੋ ਜਾਂਦੀ ਹੈ। ਪੰਜਾਬੀ ਸਭਿਆਚਾਰ ਵਿਚ ਵੱਟੇ ਦੇ ਸਾਕ ਦੀ ਪ੍ਰਥਾ ਇੱਕਾ ਦੁੱਕਾ ਕਬੀ-ਲਿਆਂ ਵਿਚ ਹੀ ਹੈ, ਆਮ ਤੌਰ ਤੇ ਵਿਆਹ ਪੁੰਨ ਦੇ ਹੀ ਹੁੰਦੇ ਹਨ। ਗੱਲ ਇਕਪਾਸੜ ਨਹੀਂ, ਪਤੀ ਪਤਨੀ ਦੋਵੇਂ ਸਾਰੀ ਉਮਰ ਸਹਿਯੋਗੀ ਬਣਕੇ ਵਿਚਰਦੇ ਹਨ ਜਿਸ ਕਾਰਣ ਰਿਸਤਾ ਸੁਖਾਵਾਂ ਹੀ ਰਹਿੰਦਾ ਹੈ।

ਲੋਕ ਗੀਤਾਂ ਵਿਚ ਪਤੀ ਵਲੋਂ ਪਤਨੀ ਦੇ ਪ੍ਰਸ਼ਨਾਂ ਦਾ ਕਿਤੇ ਕਿਤੇ ਹੁੰਗਾਰਾ ਹੀ ਮਿਲਦਾ ਹੈ। ਗੀਤਾਂ ਵਿਚ ਸ਼ਿਕਵੇ ਸ਼ਕਾਇਤਾਂ ਪਤਨੀ ਵਲੋਂ ਹੀ ਹੋਏ ਹਨ। ਇਹ ਇਸ ਕਰਕੇ ਕਿ ਮਨੁੱਖ ਪ੍ਰਧਾਨ ਸਮਾਜ ਵਿਚ ਆਦਮੀ ਦਾ ਸੰਜੋਗ ਤਾਂ ਯਕੀਨਣ ਹੈ, ਜਦ ਕਿ ਔਰਤ ਦੀ ਸਥਿਰਤਾ ਅਯਕੀਨਣ। ਇਸੇ ਲਈ ਔਰਤ ਵੱਲੋਂ ਕਦੇ ਆਪਣੇ ਬਾਪ ਨੂੰ ਤਰਲੇ ਪਾਏ ਗਏ ਹਨ ਕਿ ਵਰ ਚੰਗਾ ਟੋਲੇ, ਕਦੇ ਆਪਣੇ ਪਤੀ ਦੇ ਔਗੁਣਾਂ ਦਾ ਇਜ਼ਹਾਰ ਕੀਤਾ ਗਿਆ ਹੈ ਤੇ ਕਦੇ ਘਰ ਦੇ ਹੋਰ ਕਿਸੇ ਜੀਅ ਪ੍ਰਤਿ ਸ਼ਿਕਵੇ ਸ਼ਿਕਾਇਤਾਂ। ਆਮ ਸਮਾਜਕ ਜ਼ਿੰਮੇਵਾਰੀਆਂ, ਜੋ ਪਤੀ ਪਤਨੀ ਦੀਆਂ ਹੁੰਦੀਆਂ ਹਨ ਉਨ੍ਹਾਂ ਦਾ ਜ਼ਿਕਰ ਨਾਮਾਤਰ ਹੀ ਹੈ। ਵਿਸਤ੍ਰਿਤ ਵਰਣਨ ਪਤੀ ਨੂੰ ਘਰੇ ਕਮਾਈ ਕਰਨ, ਲਾਈਲਗ ਨਾ ਹੋਣ, ਖਾਹਿਸ਼ਾਂ ਪੂਰੀਆਂ ਕਰਨ ਆਦਿ ਦਾ ਹੀ ਮਿਲਦਾ ਹੈ। ਪਤੀ ਵੱਲੋਂ ਕਿਸੇ ਗੱਲ ਦਾ ਘੱਟ ਹੀ ਹੁੰਗਾਰਾ ਮਿਲਣਾ ਜਾਗੀਰਦਾਰੀ ਰੁਚੀਆਂ ਦਾ ਪ੍ਰਤੀਕ ਹੈ। ਗੀਤਾਂ ਵਿਚ ਔਰਤ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਿਤੀ ਮਰਦ ਦੇ ਮੁਕਾਬਲੇ ਗ਼ੁਲਾਮੀ ਵਾਲੀ ਤੇ ਹੀਣ ਹੋਣ ਦਾ ਪ੍ਰਮੁੱਖ ਕਾਰਣ ਮਰਦ ਪ੍ਰਧਾਨ ਸਮਾਜ ਵਿਚ ਸਾਰੇ ਆਰਥਿਕ ਤੇ ਉਤਪਾਦਨ ਸਾਧਨਾਂ ਤੇ ਮਨੁੱਖ ਦਾ ਕਬਜ਼ਾ ਅਤੇ ਔਰਤ ਦਾ ਆਰਥਿਕ ਤੌਰ ਤੇ ਗ਼ੁਲਾਮ ਹੋਣਾ ਹੈ। ਬੁਰਜੂਆ ਸਮਾਜ ਵਿਚ ਔਰਤ ਦਾ ਦਰਜਾ ਪਰਿਵਾਰ ਵਿਚ ਘਟੀਆ ਹੈ। ਕਾਰਲ ਮਾਰਕਸ ਨੇ ਆਪਣੇ ਸਮੇਂ ਵਿਚ ਲਿਖਿਆ ਸੀ ਕਿ :

> ਬੁਰਜ਼ਆਜ਼ੀ ਨੇ ਪਰਿਵਾਰ ਦੇ ਮੁੱਖ ਤੋਂ ਭਾਵੁਕ ਰਿਸ਼ਤਿਆਂ ਦੀ ਚਾਦਰ ਲਾਹ ਸੁੱਟੀ ਸੀ ਅਤੇ ਪਰਿਵਾਰਕ ਰਿਸ਼ਤੇ ਬਸ ਮੁਦਰਾ ਹੋ ਕੇ ਰਹਿ ਗਏ ਸਨ ਕਿਉਂ ਜੋ ਸਦੀਆਂ ਤੋਂ ਲੈ ਕੇ ਮਰਦ ਸਰਮਾਏਦਾਰ ਸਮਾਜ ਦੀ ਆਰਥਕ ਜ਼ਿੰਦਗੀ ਦਾ ਧੁਰਾ ਰਿਹਾ ਹੈ। ਔਰਤ ਵਿਆਹੁਤਾ ਜੀਵਨ ਵਿਚ ਅਧੀਨ ਦਰਜ਼ੇ ਤੇ ਹੀ ਰਹੀ ਹੈ, ਇਸ ਵਿਵਹਾਰ ਦੀ ਕਮਜ਼ੋਰ ਸਾਂਝੀਦਾਰ।[17]

ਹਰੇਕ ਮਨੁੱਖੀ ਜੀਵ ਦੀ ਮੁੱਢਲੀ ਬਿਰਤੀ ਹੈ ਕਿ ਉਸ ਦਾ ਸਾਂਝੀਦਾਰ ਸਾਥੀ ਸਰਬ-ਗੁਣ ਸੰਪੰਨ ਹੋਵੇ। ਇਸਤਰੀ ਦਾ ਬਾਬਲ ਨੂੰ ਮਿੰਨਤਾਂ ਕਰਨਾ ਕਿ ਉਹ ਚੰਗਾ ਵਰ ਟੋਲੇ, ਇਸੇ ਰੁਚੀ ਦਾ ਪ੍ਰਗਟਾਵਾ ਹੈ :

ਕਾਲਾ ਭੂੰਡ ਨਾ ਸਹੇੜੀ ਮੇਰੇ ਬਾਬਲਾ,
ਘਰ ਦਾ ਮਾਲ ਡਰੂ।

ਜਾਗੀਰਦਾਰੀ ਸਮਾਜ ਵਿਚ ਤਾਂ ਧੀ 'ਮਾਲ' ਨੂੰ ਹੀ ਮਾਧਿਅਮ ਬਣਾ ਕੇ ਬਾਪੂ ਨੂੰ ਆਪਣਾ ਕਾਲਾ ਕੰਤ ਨਾ ਸਹੇੜਨ ਦੀ ਰਾਏ ਹੀ ਦੇ ਸਕਦੀ ਹੈ ਪਰ ਬਾਬਲ ਦਾ ਅੱਗੋਂ ਕਹਿਣਾ :

ਪੁੱਤ ਬਖਤਾਵਰਾਂ ਦੇ ਕਾਲੇ
ਵੇਖੀਂ ਧੀਏ ਨਿੰਦ ਨ ਦਈਂ।

ਧੀ ਨੂੰ ਸੁਖੀ ਵੱਸਦੀ ਵੇਖ ਕੇ ਹੀ ਰਾਜ਼ੀ ਹੋਣਾ ਹੈ, ਭਾਵੇਂ ਧੀ ਦੀ ਪਸੰਦ ਨੂੰ ਕੋਈ ਥਾਂ ਨਹੀਂ। ਤੇ ਮੱਲੋਮੱਲੀ ਮਾਲਕ ਨੂੰ ਨਾ ਨਿੰਦਣ ਦੀ ਧਾਰਣਾ ਉਸ ਦੀ ਚੇਤਨਾ ਦਾ ਅੰਗ ਬਣ ਜਾਂਦੀ ਹੈ :

ਭਾਵੇਂ ਹੋਵੇ ਕੰਬਲੀ ਤੋਂ ਕਾਲਾ,
ਨਿੰਦੀਏ ਨਾ ਮਾਲਕ ਨੂੰ।

ਔਰਤ ਆਪਣੀ ਇਸ ਸਥਿਤੀ ਵਿਚ ਰਹਿੰਦੀ ਹੋਈ ਵੀ ਵਿਰੋਧੀ ਚੌਗਿਰਦੇ ਤੋਂ ਸਥਾਪਤੀ ਦੇ ਭਾਵਾਂ ਦਾ ਵਿਰੇਚਨ ਹੀ ਕਰਦੀ ਹੈ, ਵਿਰੋਧ ਦੇ ਭਾਵਾਂ ਦਾ ਨਹੀਂ। ਕਿਤੇ ਕਿਤੇ ਉਹ ਵਿਸਥਾਪਤੀ ਦਾ ਸੁਰ ਜ਼ਰੂਰ ਉਚਾਰਦੀ ਹੈ :

ਜਾਂ ਮਰ ਜਾਏ ਮੰਗੇਤਰ ਮੇਰਾ,
ਜਾਂ ਬਾਪੂ ਮੈਂ ਮਰ ਜਾਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਉਸ ਦੇ ਗੀਤਾਂ ਦੀ ਮੂਲ ਸੁਰ ਵਿਸਥਾਪਤੀ ਦੀ ਨਾ ਹੋ ਕੇ ਸਥਾਪਤੀ ਦੀ ਹੀ ਹੈ :

ਤੇਰਾ ਵੇ ਸਹੇੜ ਬਾਬਲਾ,
ਸਾਥੋਂ ਹਾਏ ਨਿੰਦਿਆ ਨਾ ਜਾਏ ।

ਸਹੇੜ ਦਾ ਨਿੰਦਣਾ ਪੰਜਾਬੀ ਦੇ ਗੀਤਾਂ ਵਿਚ ਤਾਂ ਸੰਭਵ ਹੋ ਸਕਦਾ ਹੈ ਪਰ ਪੰਜਾਬੀ ਸੰਸਕ੍ਰਿਤੀ ਵਿਚ ਮੁਮਕਿਨ ਨਹੀਂ ।[18] ਉਹ "ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਬਣਾ-ਈਆਂ ਜੋੜੀਆਂ" ਦੀ ਸੁਰ ਰਾਹੀਂ ਕਰਮਾਂ ਦੀ ਗੱਲ ਕਰਕੇ ਹੀ ਮਨ ਨੂੰ ਧਰਵਾਸ ਦਿੰਦੀ ਹੈ । ਸਥਿਤੀ ਨਾਲ ਸਮਝੌਤਾ ਹੀ ਉਸ ਦੀ ਅਵਸਥਾ ਦਾ ਕਲਿਆਣ ਹੈ । ਸਵੀਕ੍ਰਿਤੀ ਤਾਂ ਧੀ ਦੀ ਮਜ਼ਬੂਰੀ ਹੈ । ਅਣਜੋੜ ਹੀ "ਪਤੀ ਪਰਮੇਸ਼ਰ" ਦਾ ਸਰੂਪ ਧਾਰ ਕੇ ਉਸ ਦੀ ਅੰਤਰਚੇਤਨਾ ਦਾ ਭਾਗ ਬਣ ਜਾਂਦਾ ਹੈ ।

ਪਤਨੀ ਆਪਣੇ ਪਤੀ ਦਾ ਸਭ ਕੁਝ ਹੋਣ ਦੇ ਨਾਤੇ ਸਹੁਰੇ ਘਰ ਦੀ ਕੋਈ ਵੀ ਮਜ਼ਬੂਰੀ ਜਾਂ ਤਕਲੀਫ਼ ਦਾ ਇਜ਼ਹਾਰ ਪਤੀ ਪਾਸ ਹੀ ਕਰਦੀ ਹੈ । ਦੂਜੇ ਪਾਸੇ ਪਤੀ ਉਸ ਦੇ ਦਿਲ ਦਾ ਹਰੇਕ ਭੇਤ ਜਾਨਣਾ ਚਾਹੁੰਦਾ ਹੈ :

ਤ੍ਰਿੱਕਰ ਹੇਠ ਖਲੋਤੀਏ, ਕਿਉਂ ਹੋਈ ਏਂ ਦਿਲਗੀਰ ਕੁੜੇ ।

ਤਾਂ ਅੱਗੋਂ ਜਵਾਬ ਮਿਲਦਾ ਹੈ :

ਕੀਕਣ ਬੋਲਾਂ ਮਾਹੀ ਵੇ,
ਕੰਨਾਂ ਤੋਂ ਮੈਂ ਬੁਚੀ ਆਂ ।

ਇਸ ਮੰਗ ਨੂੰ ਸਵੀਕ੍ਰਿਤੀ ਪ੍ਰਦਾਨ ਕਰਨਾ ਪਤੀ ਆਪਣਾ ਫਰਜ਼ ਸਮਝਦਾ ਹੈ :

ਕਾਂਟੇ ਘੜਾਵਾਂ ਤੇਰੇ ਕੰਨੀਂ ਪਾਵਾਂ,
ਸੇਜ ਵਿਛਾਵਾਂ, ਘੁੱਟ ਗਲ ਲਾਵਾਂ

ਇਥੇ ਆ ਕੇ ਸਾਰੇ ਗਿਲੇ ਸ਼ਿਕਵੇ ਦੂਰ ਹੋ ਜਾਂਦੇ ਹਨ । ਪਤੀ ਪਤਨੀ ਦਾ ਜੀਵਨ ਸਾਥੀ ਹੈ । ਜੇਕਰ ਪਤੀ ਦੇ ਘਰ ਵਾਲੇ ਪਤਨੀ ਨੂੰ ਘੂਰ ਘੂਰ ਵੇਖਣ ਤਾਂ ਉਸ ਦਾ ਪਤੀ ਹੀ ਉਸ ਦੀ ਤਰਫਦਾਰੀ ਕਰ ਸਕਦਾ ਹੈ, ਪਰ ਜੇਕਰ ਉਹ ਵੀ ਪੱਖ ਪੂਰਨੋਂ ਅਸਮਰਥ ਹੈ ਤਾਂ ਪਤਨੀ ਉਸ ਦੀ ਬੁਜ਼ਦਿਲੀ ਸਾਕਾਰ ਕਰਦੀ ਹੈ :

ਅਸਾਂ ਪੇਕੇ ਜਾਣਾ ਏ ਮੁੜਕੇ ਨਾ ਆਣਾ ਏ ।
ਸੱਸ ਝਿੜਕੇ ਸਹੁਰਾ ਮੂੰਹ ਫਿਟਕਾਰੇ ।
ਦਿਉਰ ਅਵੱਲੜਾ ਅੱਖੀਆਂ ਮਾਰੇ ।
ਚੀਰੇ ਵਾਲੇ ਨੂੰ ਗੱਲ ਵੀ ਨਾ ਆਵੇ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੱਲ ਕਰੇਂਦਾ ਅਈ, ਅਈ, ਅਈ,
ਇਸੇ ਗੱਲੇ ਮੈਂ ਸੜ ਬਲ ਗਈ।

ਨਿਆਣਾ/ਬੁੱਢਾ/ਅਣਜੋੜ ਪਤੀ ਮਾਪਿਆਂ ਦੀ ਸਹੇੜ ਹੋਣ ਕਰਕੇ ਸਵੀਕਾਰਿਆ ਤਾਂ ਜਾਂਦਾ ਹੈ ਪਰ "ਹਾਣ ਨੂੰ ਹਾਣ ਮੁੱਢ ਤੋਂ ਪਿਆਰਾ ਹੈ। ਹੁਸਨਾਂ ਤੇ ਇਸ਼ਕਾਂ ਦੇ ਜੋੜ ਧੁਰਾਂ ਤੋਂ ਚਲੇ ਆਉਂਦੇ ਹਨ, ਪਰ ਜੀਵਨ ਦੀ ਅਮੁੱਕ ਭਾਲ ਜਦੋਂ ਦਿਲਾਂ ਚੋ ਦੋ ਹਾਣੀਆਂ ਕੋਲ ਆ ਕੇ ਖਲੋਂਦੀ ਹੈ, ਜੀਵਨ ਸਾਰਥਕ ਜਾਪਦਾ ਹੈ"।[19] ਇਸ ਅਜੋੜ ਰਿਸ਼ਤੇ ਦਾ ਅਚੇਤ ਤੌਰ ਤੇ ਵਿਰੋਧ ਕੀਤਾ ਜਾਂਦਾ ਹੈ ਪਰ ਦੋਸ਼ੀ ਕੌਣ ਹੈ? ਗੀਤਾਂ ਤੋਂ ਸਪਸ਼ਟ ਹੈ :

ਮਾਪਿਆਂ ਮੇਰਿਆਂ ਵੈਰ ਕਮਾਇਆ,
ਦੇ ਕੇ ਚਾਰ ਕੁ ਲਾਵਾਂ।
ਬੁਸ ਬੁਸ ਕਰਦਾ ਸੇਜੇ ਚੜ੍ਹਦਾ,
ਮੈਂ ਕੀਕੂੰ ਸਮਝਾਵਾਂ।
ਕੰਤ ਨਿਆਣੇ ਦੇ ਦੁਖੜੇ ਕੀਹਨੂੰ ਸੁਣਾਵਾਂ।...

ਵਿਆਹ ਕਰਵਾਇਆ ਭਰਮ ਗਵਾਇਆ,
ਹਾਣ ਦਾ ਮੁੰਡਾ ਨਾ ਥਿਆਇਆ,
ਮੇਰੇ ਮਾਪਿਆਂ ਨੇ ਗਲ 'ਚ ਕਲੀਂਡਰ ਪਾਇਆ।...

ਸੁਣ ਵੇ ਤਾਇਆ ਸੁਣ ਵੇ ਚਾਚਾ, ਸੁਣ ਵੇ ਬਾਬਲਾ ਲੋਭੀ,
ਰੰਗ ਦੇ ਕਾਲੇ ਨੂੰ ਤੈਂ ਮੈਂ ਕੂੰਜ ਕਿਉਂ ਡੋਬੀ।

ਸਾਰੀ ਸਥਿਤੀ 'ਚ ਝੋਰਾ ਉਪਜਦਾ ਹੈ। ਪਰ ਬੇਵਸ ਲੜਕੀ ਆਪਣੀਆਂ ਤਰੰਗਾਂ ਦਾ ਵਿਰੇਚਨ ਗੀਤਾਂ ਰਾਹੀਂ ਹੀ ਕਰ ਸਕਦੀ ਹੈ, ਕ੍ਰਾਂਤੀਕਾਰੀ ਰੂਪ 'ਚ ਨਹੀਂ।

ਟਕਾ ਵਿਆਹ ਦੀ ਪ੍ਰਥਾ ਤੋਂ ਬਿਨਾ ਮਾਪਿਆਂ ਦੀ ਗਰੀਬੀ ਜਾਂ ਸਵਾਰਥਾਧੀਨ ਧੀ ਨੂੰ ਪੈਸੇ ਲੈ ਕੇ ਵਿਹਾਹੁਣਾ ਧੀ ਲਈ ਅਤਿਅੰਤ ਦੁਖਦਾਈ ਘਟਨਾ ਹੋ ਨਿਬੜਦਾ ਹੈ ਜਿਥੇ ਉਹ ਆਪਣੀ ਸਥਿਤੀ ਦਾ ਇਜ਼ਹਾਰ ਇਉਂ ਕਰਦੀ ਹੈ :

ਸੁਣ ਵੇ ਤਾਇਆ, ਸੁਣ ਵੇ ਚਾਚਾ, ਸੁਣ ਵੇ ਬਾਬਲਾ ਲੋਭੀ,
ਦਾਰੂ ਪੀਣੇ ਨੂੰ ਮੈਂ ਕੂੰਜ ਕਿਉਂ ਡੋਬੀ।...

ਸੁਤੀ ਪਈ ਦੇ ਸਿਰਹਾਣੇ ਰਿੱਛ ਬਨ ਕੇ,
ਪੰਜ ਸੌ ਗਿਣਾ ਲਿਆ ਮਾਪਿਆਂ।

ਪਤੀ ਘਰ ਦਾ ਮਾਲਕ ਹੋਣ ਕਰਕੇ ਸਾਰੀਆਂ ਆਰਥਿਕ ਸੁਵਿਧਾਵਾਂ ਪ੍ਰਦਾਨ ਕਰਨ ਵਾਲਾ ਪਾਤਰ ਹੈ ਜਦ ਕਿ ਪਤਨੀ ਘਰ ਅਤੇ ਬੱਚਿਆਂ ਦੀ ਸਾਂਭ ਕਰਦੀ ਹੈ। ਪਰ ਵੈਲੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਲਕ ਨਾ ਘਰ ਜੋਗਾ ਨਾ ਬਾਹਰ ਜੋਗਾ। ਔਰਤ ਲਈ ਅਜਿਹੇ ਆਦਮੀ ਨਾਲ ਪਰਨਾਏ ਜਾਣ ਨਾਲੋਂ ਪੇਕੇ ਘਰ ਰਹਿ ਕੇ ਹੀ ਕੰਮ ਕਰਨਾ ਬੇਹਤਰ ਹੈ :

ਮਾਏ ਨੀ ਮੈਨੂੰ ਰੱਖ ਲਿਆ ਕੁਆਰੀ,
ਕੱਤਿਆ ਕਰੂੰਗੀ ਗੋਹੜਾ।
ਵੈਲੀ ਮਾਲਕ ਦਾ ਲੱਗ ਗਿਆ ਹੱਡਾਂ ਨੂੰ ਝੋਰਾ।

ਪਰਨਾਏ ਜਾਣ ਬਾਅਦ ਤਾਂ ਘਰਾਂ ਦੇ ਗੁਜ਼ਾਰੇ ਦਾ ਵਾਸਤਾ ਹੀ ਪਾਇਆ ਜਾ ਸਕਦਾ ਹੈ :

ਨਹੀਂ ਲੰਘਦੇ ਘਰਾਂ ਦੇ ਲਾਂਘੇ,
ਛੱਡ ਦੇ ਤੂੰ ਵੈਲਦਾਰੀਆਂ।

"ਸ਼ਰੀਕ ਮਿੱਟੀ ਦਾ ਵੀ ਬੁਰਾ" ਕਹਾਵਤ ਅਨੁਸਾਰ ਸ਼ਰੀਕ ਵੱਸਦੇ ਰਸਦੇ ਘਰਾਂ ਨੂੰ ਉਜਾੜਨਾ ਆਪਣਾ ਸ਼ਾਇਦ ਫਰਜ਼ ਸਮਝਦਾ ਹੈ। ਪਰ ਪਤਨੀ ਤਾਂ ਪਤੀ ਤੇ ਹੀ ਭਰੋਸਾ ਕਰ ਸਕਦੀ ਹੈ :

ਲਾਈਲਗ ਨਾ ਹੋਵੇ ਘਰ ਵਾਲਾ,
ਚੰਦਰਾ ਗੁਵਾਂਢ ਬੁਰਾ।

ਪਤੀ ਪਤਨੀ ਇਕ ਦੂਜੇ ਦੇ ਦੁੱਖ ਸੁੱਖ ਦੇ ਭਾਈਵਾਲ ਹੁੰਦੇ ਹਨ। ਅੰਮ੍ਰਿਤਾ ਪ੍ਰੀਤਮ ਔਰਤ ਦੇ ਪਿਆਰ ਬਾਰੇ ਲਿਖਦੀ ਹੈ ਕਿ "ਪਿਆਰ ਜ਼ਿੰਦਗੀ ਵਰਗਾ ਸੱਚ ਹੈ, ਫੇਰ ਔਰਤ ਦਾ ਪਿਆਰ। ਔਰਤ ਜਿਹੜੀ ਪਿਆਰ ਕਰਨ ਲੱਗਿਆਂ ਦਿਲ ਦੀਆਂ ਸਾਰੀਆਂ ਦੌਲਤਾਂ ਵਾਰ ਛੱਡਦੀ ਹੈ। ਔਰਤ ਦੇ ਗੀਤ ਵੀ ਔਰਤ ਦੇ ਪਿਆਰ ਵਰਗੇ ਮਹਾਨ ਹਨ ਕਿਉਂਕਿ ਔਰਤ ਦਾ ਪਿਆਰ ਕੁਰਬਾਨੀ ਦੀਆਂ ਨੀਹਾਂ ਉੱਤੇ ਪਲਦਾ ਹੈ'।[20]

ਕੰਤਾਂ ਬਾਝ ਨਾ ਸੋਂਹਦੀਆਂ ਨਾਰਾਂ,
ਭਾਵੇਂ ਸੱਤਰ ਹੂਰਾਂ ਪਰੀਆਂ।

ਦੂਜੇ ਪਾਸੇ ਘਾਲਣਾਵਾਂ ਦੀ ਜ਼ਿੰਦਗੀ ਬਸਰ ਕਰਕੇ ਵੀ ਗਭਰੂ ਦੀ ਡਾਵਾਂ-ਡੋਲ ਆਰਥਿਕ ਹਾਲਤ ਨੂੰ ਇਹ ਗੀਤ ਦ੍ਰਿਸ਼ਟੀਗੋਚਰ ਕਰਦਾ ਹੈ :

ਮੁੰਡੇ ਮਰ ਗਏ ਕਮਾਈਆਂ ਕਰਦੇ,
ਬਿਲੋ ਤੇਰੇ ਬੰਦ ਨਾ ਬਣੇ।

ਉਹ ਨਿਰਉਤਸਾਹਿਤ ਨਾ ਹੋ ਕੇ ਵੱਖਰਾ ਘਰ ਸਥਾਪਿਤ ਕਰਨ ਦੀ ਤਰਕੀਬ ਇਸ ਕਰਕੇ ਸੋਚਦਾ ਹੈ ਕਿ ਸ਼ਾਇਦ ਉਹ ਅਲੱਗ ਘਰ ਬਣਾ ਕੇ ਹੀ ਪਤਨੀ ਦੀ ਖਾਹਿਸ਼ ਪੂਰੀ ਕਰ ਸਕੇਗਾ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡਾਂ ਵਿਚੋਂ ਪਿੰਡ ਸੁਣੀਂਦਾ ਪਿੰਡ ਸੁਣੀਂਦਾ ਭਾਰਾ।
ਰਾਈਉਂ ਰੇਤ ਵੰਡਾ ਲਾਂਗਾ ਨੀ, ਕੋਠੇ ਨਾਲ ਚੁਬਾਰਾ।
ਭੋਂ ਦੇ ਵਿਚੋਂ ਅੱਧ ਵੰਡਾਵਾਂ, ਬਲਦ ਸਾਂਭ ਲਾ ਨ੍ਹਾਰਾ।
ਰੋਹੀ ਵਾਲੀ ਜੰਡ ਵੱਢ ਕੇ, ਤੈਨੂੰ ਕੱਲੀ ਨੂੰ ਪਾ ਦਿਉਂ ਚੁਬਾਰਾ।

ਅਣਬਣ ਵਾਲੀ ਸਥਿਤੀ 'ਚ ਪਤਨੀ ਨੂੰ ਹਮੇਸ਼ਾ ਝੋਰਾ ਹੀ ਉਪਜਦਾ ਹੈ :

ਨਿੱਕਾ ਕੱਤਦੀ ਸਾਂ ਖੇਸਾਂ ਤੇਰਿਆਂ ਨੂੰ,
ਕਿਥੇ ਜੰਮਪਿਉਂ ਵੇ ਲੇਖਾਂ ਮੇਰਿਆਂ ਨੂੰ।

ਪਤੀ ਤੇ ਪਤਨੀ ਦਾ ਰਿਸ਼ਤਾ ਘਰੇਲੂ ਗਰੁੱਪ ਨਾਲ ਪ੍ਰਬਲ ਹੁੰਦਾ ਹੈ ਅਤੇ ਬੱਚੇ ਦੇ ਜਨਮ ਨਾਲ ਹੋਰ ਵੀ ਡੂੰਘਾ ਤੇ ਗੁੰਝਲਦਾਰ ਹੋ ਜਾਂਦਾ ਹੈ।[21] ਇਸ ਨਾਲ ਕਮਾਊ ਧਿਰਾਂ ਹੀ ਜ਼ਿੰਦਗੀ ਦੀ ਸਫਲਤਾ ਪ੍ਰਾਪਤ ਕਰ ਸਕਦੀਆਂ ਹਨ ਪਰ ਜਿਥੇ ਪਤੀ ਮਨਖਟੂ ਹੈ ਉਥੇ ਪਤਨੀ ਵੀ ਉਸ ਨੂੰ ਨਸੀਹਤ ਦੇਣ ਲਈ ਅਜਿਹਾ ਵਿਹਾਰ ਕਰਨ ਦੀ ਆਪੇਕਸ਼ਾ ਕਰਦੀ ਹੈ :

ਜੇ ਮੁੰਡਿਆ ਵੇ ਤੈਥੋਂ ਹਲ ਨਹੀਉਂ ਵਗਦੇ,
ਸਾਥੋਂ ਵੀ ਨਹੀਂ ਰਿਝਦੀ ਦਾਲ ਮੁੰਡਿਆ।
ਵੇ ਰੋਟੀ ਆਊ ਮਿਰਚਾਂ ਦੇ ਨਾਲ ਮੁੰਡਿਆ।

''ਕਰਨ ਕੱਤਰਨ ਵੇਲੇ ਹਾਏ ਮੈਨੂੰ ਤੇ ਖਾਣ ਪੀਣ ਵੇਲੇ ਮੂਹਰੇ'', ਪਤਨੀ ਦੁਖੀ ਹੁੰਦੀ ਹੈ, ਝਾੜ ਵੀ ਪਾਉਂਦੀ ਹੈ, ਪਰ ਪਰਦਾ ਇਕ ਹੋਣ ਕਰਕੇ ਕਿਸੇ ਨੂੰ ਸੁਣਾਉਣਾਂ ਵੀ ਨਹੀਂ ਚਾਹੁੰਦੀ :

ਡੂਢ ਸੇਰ ਦੀ ਲਿਆਇਆ ਗੜਵੀ, ਚਾਹ ਕਰਕੇ ਪੀ ਜਾਂਦਾ।
ਬੇਸ਼ਰਮਾਂ ਤੈਨੂੰ ਸ਼ਰਮ ਨਾ ਆਵੇ, ਮੈਂ ਸ਼ਰਮੀ ਮਰ ਜਾਵਾਂ।
ਤੀਵੀਂ ਮਾਲਕ ਦਾ ਝਗੜਾ ਕੀਹਨੂੰ ਸੁਣਾਵਾਂ।

ਪਤੀ ਪਤਨੀ ਦੀ ਜੋੜੀ ਸਾਂਵੀਂ ਹੋਣ ਤੇ ਬਾਬਲ ਨੂੰ ਅਸੀਸਾਂ ਰਾਹੀਂ ਨਿਵਾਜਿਆ ਜਾਂਦਾ ਹੈ :

ਗਰੀਆਂ ਮੇਵੇ ਪਾਏ ਬਾਬਲਾ, ਵਧੀਆ ਖੀਰ ਬਣਾਈ।
ਜੁਗ ਜੁਗ ਜੀਵੇਂ ਬਾਬਲਾ, ਜੋੜੀ ਮਿਲ ਗਈ ਫਰਕ ਨਾ ਕਾਈ।...
ਚਿੱਟਾ ਪੋਣਾ, ਨੀ ਹਰਾ ਪੋਣਾ,
ਮੇਰੇ ਬਾਪ ਦਾ ਜਵਾਈ ਨੀ ਬੜਾ ਸੁਹਣਾ।

ਪਤੀ ਪਤਨੀ ਨੂੰ ਝਿੜਕ ਰਾਹੀਂ ਸਮਝਾਉਣਾ ਆਪਣਾ ਜੱਦੀ ਹੱਕ ਸਮਝਦਾ ਹੈ ਪਰ ਜਦ ਬਰਦਾਸ਼ਤ ਦੀ ਹੱਦ ਟੱਪ ਜਾਵੇ ਤਾਂ ਪਤਨੀ ਪੇਕਿਆਂ ਦਾ ਹੀ ਰਾਹ ਫੜਦੀ ਹੈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂਕਿ ਮਾਪੇ ਹੀ ਉਸ ਲਈ ਆਖਰੀ ਟੇਕ ਹਨ। "ਮਾਪਿਆਂ ਲਈ ਉਸ ਦਾ ਪਿਆਰ ਅਚੇਤ ਰੂਪ ਵਿਚ ਆ ਪੈਣ ਵਾਲੀਆਂ ਮੁਸੀਬਤਾਂ ਵਿਰੁੱਧ ਇਕ ਤਰ੍ਹਾਂ ਦਾ ਸਮਾਜਕ ਬੀਮਾ ਹੈ"।[22] ਤੇ ਵਿਜੋਗ ਨੂੰ ਸਹਾਰਨਾ ਪਤੀ ਦੀ ਵੀ ਬੇਵੱਸੀ ਹੈ :

ਖੂਨਾ ਖੂਨਾ ਖੂਨਾ,
ਘਰ ਦੀ ਨਾਰ ਬਿਨਾ ਕਹਾਦੀਆਂ ਭਰਾਵੋ ਜੂਨਾ।

ਆਰਥਿਕ ਹਾਲਤਾਂ ਦਾ ਨਪੀੜਿਆ ਪਤੀ ਦੰਮਾਂ ਦੀ ਭਾਲ 'ਚ ਪ੍ਰਦੇਸ ਨੂੰ ਮੂੰਹ ਕਰਦਾ ਹੈ। ਇਥੇ ਵਿਜੋਗ ਦੀ ਕਰੁਣਾਮਈ ਸਥਿਤੀ ਉਪਜਦੀ ਹੈ ਕਿਉਂਕਿ "ਵਿਜੋਗ ਕੇਵਲ ਨਿਖੜੇ ਹੋਏ ਵਿਅਕਤੀ ਦੀ ਸਥਿਤੀ ਹੀ ਨਹੀਂ, ਇਸ ਵਿਚ ਬ੍ਰਿਹਾ ਦੀ ਕਸ਼ਕ ਵੀ ਹੈ ਜੋ ਸੁਖਦਾਇਕ ਅਵਸਥਾ ਪ੍ਰਾਪਤ ਹੋਣ ਉਤੇ ਦੂਰ ਹੁੰਦੀ ਹੈ।"[23] ਜਿਸ ਕਾਰਣ ਹੰਝੂ ਆਪ ਮੁਹਾਰੇ ਵਗਣ ਲੱਗ ਜਾਂਦੇ ਹਨ :

ਜਦੋਂ ਮਾਹੀਆ ਚੱਲਿਆ, ਮੈਂ ਖੜੀ ਸਾਂ ਦਲੀਜ ਤੇ,
ਮੋਟੇ ਮੋਟੇ ਹੰਝੂ ਡਿੱਗੇ, ਰੇਸ਼ਮੀ ਕਮੀਜ਼ ਤੇ।
ਜਦੋਂ ਮਾਹੀ ਚੱਲਿਆ ਮੈਂ ਖੜੀ ਸਾਂ ਖੂਹ ਤੇ,
ਮੋਟੇ ਮੋਟੇ ਹੰਝੂ ਡਿਗੇ, ਗੋਰੇ ਗੋਰੇ ਮੂੰਹ ਤੇ।

ਸੁੰਵੀ ਸੇਜ ਨੂੰ ਪਤਨੀ ਆਪਣੀ ਸ਼ਰੀਕ ਸਮਝਦੀ ਹੈ। ਇਸੇ ਲਈ ਆਪਣੀ ਚੋਣ ਸਮੇਂ ਧੀ ਬਾਬਲ ਅੱਗੇ ਖੇਤੀ-ਬਾੜੀ ਵਾਲਾ ਪਤੀ ਹੀ ਲੱਭਣ ਦੀ ਸਿਫਾਰਸ਼ ਕਰਦੀ ਹੈ :

ਨੌਕਰ ਨੂੰ ਧੀ ਦਈ ਨਾ ਬਾਬਲਾ, ਹਾਲੀ ਪੁੱਤ ਬਥੇਰੇ।
ਨੌਕਰ ਨੇ ਤਾਂ ਚੁੱਕ ਲਿਆ ਬਿਸਤਰਾ, ਹੋ ਗਿਆ ਗੱਡੀ ਦੇ ਨੇੜੇ।
ਨੌਕਰ ਨਾਲੋਂ ਐਵੇਂ ਚੰਗੀ, ਦਿਨ ਕੱਟ ਲਊਂ ਘਰ ਤੇਰੇ।

ਹਰੇਕ ਔਰਤ ਦੀ ਇਹੀ ਤਮੰਨਾ ਨਹੀਂ :

ਵੱਸਣਾ ਨੌਕਰ ਦੇ,
ਭਾਵੇਂ ਬੂਟ ਸਣੇ ਲੱਤ ਮਾਰੇ।

ਨਵੀਆਂ ਪਰਿਸਥਿਤੀਆਂ ਅਧੀਨ ਬਹੁ ਗਿਣਤੀ ਨੌਕਰ ਨੂੰ ਹੀ ਤਰਜੀਹ ਦਿੰਦੀ ਹੈ। ਲੋਕ ਗੀਤਾਂ 'ਚ ਪਰਦੇਸੀ ਪਤੀ ਨੂੰ ਨਹੀਂ ਇੰਨਾ ਸਲਾਹਿਆ ਗਿਆ। ਜੇਕਰ ਪਤੀ ਬਾਹਰ ਅੰਦਰ ਜਾਣ ਲਈ ਤਿਆਰ ਹੁੰਦਾ ਵੀ ਹੈ ਤਾਂ ਵੀ ਪਤਨੀ ਉਸ ਨੂੰ ਸਿੱਧੇ ਅਸਿੱਧੇ ਢੰਗਾਂ ਰਾਹੀਂ ਪਿਆਰ ਦੇ ਵਾਸਤੇ ਪਾਉਂਦੀ ਹੈ, ਆਪਣੇ ਆਪ ਨੂੰ ਰੰਡੀ ਦੱਸਦੀ ਹੈ, ਮਨੁੱਖੀ ਚੇਤਨਾ ਦੇ ਅਟੁੱਟ ਭਾਗ ਕਰਮਾਂ ਦੀ ਗੱਲ ਕਰਦੀ ਹੈ :

ਨਾ ਜਾ ਬਰਮਾਂ ਨੂੰ, ਲੇਖ ਜਾਣਗੇ ਨਾਲੇ।

ਘਰ 'ਡੂੰਘਾ ਹਲ ਵਾਹੁਣ' ਨੂੰ ਹੀ ਤੁਲ ਸਮਝਦੀ ਹੈ। ਸੱਸ ਜਿਸ ਨਾਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਲ ਝੰਡਾ ਹੀ ਰਹਿੰਦਾ ਹੈ, ਨੂੰ ਵੀ ਆਪਣੀ ਜਵਾਨੀ ਦਾ ਵਾਸਤਾ ਪਾ ਕੇ ਪਤੀ ਨੂੰ ਰੋਕਣ ਦੀ ਸਿਫਾਰਸ਼ ਕਰਦੀ ਹੈ :

ਸੱਸੇ ਵੇਖ ਨੀ ਜਵਾਨੀ ਮੇਰੀ,
ਰੋਕ ਪੁੱਤ ਆਪਣੇ ਨੂੰ ।

ਕਰਮਵੱਸ ਨਾ ਮੁੜਨ ਤੇ ਪਤਨੀ ਆਖਰੀ ਹਥਿਆਰ ਧੀਆਂ ਜੰਮ ਕੇ ਕਮਾਈ ਰੋੜਣ ਦੀ ਧਾਰਨਾ ਦਾ ਇਜ਼ਹਾਰ ਕਰਦੀ ਹੈ :

ਤੇਰੀ ਚੀਨ ਦੀ ਖੱਟੀ ਦਾ ਮੂੰਹ ਭੰਨਦੂ,
ਜੰਮ ਕੇ ਮੈਂ ਨੌਂ ਕੁੜੀਆਂ ।

ਜਾਣ ਉਪਰੰਤ ਵੀ 'ਲਾਮ ਵਿਚ ਨਾਵਾਂ ਨਾ ਲੱਗਣ' ਦੀ ਸੁਖਣਾ ਸੁਖਦੀ ਹੈ, ਆਪਣੇ ਆਪ ਨੂੰ 'ਕੈਦਣ' ਸਮਝਦੀ ਹੈ, ਕਦੇ 'ਕੱਲੀ ਬੈਠ ਕੇ ਧੂੰਏਂ ਦੇ ਪੱਜ ਰੋਵਾਂ' ਵਾਲੀ ਸਥਿਤੀ ਗ੍ਰਹਿਣ ਕਰਦੀ ਹੈ ਅਤੇ ਕਈ ਪ੍ਰਕਾਰ ਦੇ ਦੁੱਖ ਦਰਦ ਦਿਲ 'ਚ ਸਮੋਈ ਫਿਰਦੀ ਹੈ । ਭੇਦ ਕੀਹਨੂੰ ਦੱਸੇ :

ਮੇਰਾ ਹੈ ਨੀ ਦਿਲਾਂ ਦਾ ਭੇਤੀ,
ਕੀਹਦੇ ਕੋਲ ਭੇਦ ਦੱਸਦਾਂ ।

ਉਹ ਇਕ ਵਿਜੋਗਣ ਦੀ ਤਰ੍ਹਾਂ ਆਪਣੇ ਸਤੀਤਵ ਨੂੰ ਕਾਇਮ ਰੱਖਦੀ ਹੋਈ ਜ਼ਿੰਦਗੀ ਬਸਰ ਕਰਦੀ ਹੈ ਕਿਉਂਕਿ "ਨਾਰੀ ਦੀ ਮਹਾਨਤਾ ਤਾਂ ਉਸ ਦੇ ਸਤੀਤਵ ਨਾਲ ਝਲਕਦੀ ਹੈ ਜੋ ਪਰਿਵਾਰਕ ਦੁੱਖ ਕਸ਼ਟ ਆਦਿ ਸਹਿੰਦੀ ਹੋਈ ਵੀ ਆਪਣੇ ਧਰਮ ਦਾ ਪਾਲਣ ਕਰਦੀ ਹੈ । ਬਾਰਾਂ ਸਾਲ ਪਤੀ ਦੇ ਵਿਜੋਗ ਨੂੰ ਵੀ ਸਹਿੰਦੀ ਹੈ ਕਿੰਤੂ ਆਪਣੇ ਚਰਿੱਤਰ ਤੇ ਧੱਬਾ ਨਹੀਂ ਲੱਗਣ ਦੇਂਦੀ ।"[24] ਪਤਨੀ ਪਤੀ ਦੇ ਦਿਲ ਵਿਚ ਰੀਝਾਂ ਪੈਦਾ ਕਰਦੀ ਹੈ, ਪਰ ਉਸ ਦੀਆਂ ਆਪਣੀਆਂ ਆਸਾਂ ਉਮੀਦਾਂ ਉਸ ਤਰੇਲ ਵਾਂਗ ਹਨ ਜੋ ਸੂਰਜ ਦੀ ਗਰਮੀ ਨਾ ਸਹਿੰਦੀ ਹੋਈ ਆਪਣੀ ਹੋਂਦ ਖਤਮ ਕਰ ਲੈਂਦੀ ਹੈ ਤੇ ਫਿਰ ਉਸ ਪਾਸ ਰੰਗ ਰੂਪ ਵੀ ਨਹੀਂ ਰਹਿੰਦਾ :

ਸਿਰ ਖੋ ਕੇ ਮੈਂ ਕਰਨੀਆਂ ਗੁੱਤ ਵੇ,
ਤੇਰੇ ਪਿਛੇ ਗਾਲਿਆ ਵੇ ਢੋਲਾ ।

ਸੰਜੋਗ ਲਈ ਤਰਸ-ਭਾਵ ਦੀ ਸਥਿਤੀ ਉਪਜਾ ਕੇ ਪੁੱਛਾਂ ਰਾਹੀਂ ਧਰਵਾਸ ਭਾਲਦੀ ਹੈ :

ਪਾਂਧਿਆ ਵੇ ਖੋਲ੍ਹ ਪੱਤਰੀ
ਕਦੋਂ ਹੋਣਗੇ ਸੱਜਣ ਦੇ ਮੇਲੇ ।

ਉਪਰੋਕਤ ਧਾਰਨਾਵਾਂ ਅਨੁਸਾਰ ਪਤੀ ਪਤਨੀ ਗ੍ਰਹਿਸਤ ਰੂਪੀ ਗੱਡੀ ਦੇ ਦੋ ਪਹੀਏ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ, ਜੋ ਸਾਵੇਂ ਹੋ ਕੇ ਹੀ ਚੱਲ ਸਕਦੇ ਹਨ। ਹਾਸਾ, ਵਿਅੰਗ, ਮਖੌਲ, ਟਿਚਕਰਬਾਜ਼ੀ, ਨਿਰਾਸ਼ਾ, ਨਰਾਜ਼ਗੀ ਆਦਿ ਸਾਰੇ ਹੀ ਪੱਖਾਂ ਨੂੰ ਇਹ ਰਿਸ਼ਤਾ ਆਪਣੇ ਵਿਚ ਸਮੋਈ ਬੈਠਾ ਹੈ। ਪਤਨੀ ਪਤੀ ਨੂੰ ਨਿਗਰਾਨ ਸਮਝ ਕੇ ਜ਼ਿੰਦਗੀ ਬਸਰ ਕਰਦੀ ਹੈ, ਉਸ ਦੀ ਵਿਸ਼ਵਾਸ ਪਾਤਰ ਬਣ ਕੇ ਉਸ ਦੀ ਸੇਵਾ ਭਾਵ ਕਰਨੀ ਆਪਣਾ ਫਰਜ਼ ਸਮਝਦੀ ਹੈ। ਪਰ ਲੋਕ ਗੀਤਾਂ ਵਿਚ ਇਸ ਰਿਸ਼ਤੇ ਦੀ ਬਹੁ-ਪੱਖੀ ਨੁਹਾਰ ਨਜ਼ਰ ਨਹੀਂ ਆਉਂਦੀ। ਕੇਵਲ ਜ਼ਿੰਦਗੀ ਦੇ ਦੋ ਚਾਰ ਪਹਿਲੂਆਂ ਨੂੰ ਹੀ ਗੀਤ ਪ੍ਰਗਟਾਉਂਦੇ ਹਨ। ਵੱਖਰਾ ਘਰ ਸਥਾਪਿਤ ਕਰਨ ਨਾਲ ਪਤੀ ਪਤਨੀ ਦੇ ਸੰਬੰਧਾਂ ਵਿਚ ਉਹ ਕੱਚਪੁਣਾ (ਅੱਲੜਪੁਣਾ) ਨਹੀਂ ਰਹਿੰਦਾ, ਸਗੋਂ ਪ੍ਰੌੜਤਾ ਆਉਣੀ ਸ਼ੁਰੂ ਹੁੰਦੀ ਹੈ। ਦੋਵੇਂ ਕ੍ਰਮਵਾਰ ਘਰ ਦੇ ਅਤੇ ਬਾਹਰ ਦੇ ਮੁਖੀ ਸਥਾਪਿਤ ਹੋ ਜਾਂਦੇ ਹਨ ਪਰ ਉਹ ਅਲੱਗ ਅਲੱਗ ਜ਼ਿੰਮੇਵਾਰੀਆਂ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਵੀ ਇਕ ਦੂਜੇ ਨੂੰ ਸਹਿਯੋਗ ਦਿੰਦੇ ਰਹਿੰਦੇ ਹਨ। ਇਸ ਤਰ੍ਹਾਂ ਨਵਾਂ ਘਰ ਸਥਾਪਿਤ ਕਰਕੇ ਪੀੜ੍ਹੀ ਨੂੰ ਅੱਗੇ ਤੋਰਨ ਵਿਚ ਇਹ ਆਪੋ ਆਪਣਾ ਯੋਗਦਾਨ ਪਾਉਂਦੇ ਹਨ।

**ਸੱਸ-ਨੂੰਹ ਦਾ ਰਿਸ਼ਤਾ :**

ਸੱਸ ਤੇ ਨੂੰਹ ਦਾ ਰਿਸ਼ਤਾ ਤਣਾਉ-ਗ੍ਰਸਤ ਹੈ। ਕੁਝ ਦਿਨ ਤਾਂ ਨਵੀਂ ਵਿਆਹੀ ਨੂੰਹ ਦਾ ਚਾਅ 'ਚ ਸੱਸ ਧਰਤੀ ਤੇ ਪੈਰ ਨਹੀਂ ਲਾਉਂਦੀ, ਪਰ ਬਾਅਦ 'ਚ ਜਲਦੀ ਹੀ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਤੂੰ ਤੂੰ ਮੈਂ ਮੈਂ ਦੀ ਧੂੰਨੀ ਉੱਚੀ ਹੁੰਦੀ ਜਾਂਦੀ ਹੈ। ਇਸ ਤਰ੍ਹਾਂ ਈਰਖਾ ਭਾਵਨਾ ਦੇ ਅਧੀਨ ਤਣਾਉ-ਭਰਪੂਰ ਸਥਿਤੀ ਪੈਦਾ ਹੋ ਜਾਂਦੀ ਹੈ। ਪੁੱਤਰ ਸੱਸ ਦਾ ਸਹਾਰਾ ਹੋਣ ਕਰਕੇ ਉਹ ਉਸ ਦਾ (ਪੁੱਤਰ ਦਾ) ਕਿਸੇ ਹੋਰ ਨਾਲ ਜ਼ਿਆਦਾ ਮੋਹ ਜਰ ਨਹੀਂ ਸਕਦੀ। ਉਸ ਦੀ ਡੰਗੋਰੀ ਦੀ ਉਹ ਆਖਰੀ ਟੇਕ ਹੈ ਪਰ ਨੂੰਹ ਆਉਣ ਤੇ ਕੁਦਰਤੀ ਹੈ ਕਿ ਪੁੱਤਰ ਦਾ ਝੁਕਾਅ ਆਪਣੀ ਪਤਨੀ ਵੱਲ ਹੋ ਜਾਵੇ, ਭਾਵੇਂ ਉਹ ਮਾਂ ਦੇ ਮੋਹ ਨੂੰ ਤਿਆਗ ਨਹੀਂ ਸਕਦਾ ਪਰ ਇਸ ਵਿਚ ਘਾਟ ਜ਼ਰੂਰ ਆ ਜਾਂਦੀ ਹੈ ਜਿਸ ਕਾਰਣ ਸੱਸ ਨੂੰਹ ਨੂੰ ਹੀ ਕਸੂਰਵਾਰ ਠਹਿਰਾਉਂਦੀ ਹੈ। ਦੂਜੀ ਗੱਲ ਨੂੰਹ ਸੱਸ ਦੀ ਪਦਵੀ ਦੀ ਉਤਰਾਧਿਕਾਰੀ ਹੁੰਦੀ ਹੈ। ਇਸ ਦੇ ਨਾਲ ਹੀ ਸੱਸ ਰੋਅਬ ਪਾਉਣਾ ਆਪਣੀ ਜੱਦੀ ਅਧਿਕਾਰ ਸਮਝਦੀ ਹੈ ਕਿਉਂਕਿ ਉਹ ਵੀ ਇਸ ਸਥਿਤੀ ਵਿਚੋਂ ਗੁਜਰੀ ਹੁੰਦੀ ਹੈ। ਇਸ ਤਰ੍ਹਾਂ ਇਹ ਤਣਾਉ ਇਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤਕ ਆਪਣੇ ਸੁਭਾਅ ਨੂੰ ਗਤੀਸ਼ੀਲ ਰੱਖਦਾ ਹੈ। ਡਾ. ਸੁਹਿੰਦਰ ਸਿੰਘ ਬੇਦੀ ਨੇ ਇਸ ਰਿਸ਼ਤੇ ਦੀ ਯਥਾਰਥਕਤਾ ਨੂੰ ਬੜੇ ਸੁੰਦਰ ਸ਼ਬਦਾਂ ਵਿਚ ਪੇਸ਼ ਕੀਤਾ ਹੈ :

> ਸੱਸ ਨੂੰਹ ਦੇ ਦਰਮਿਆਨ ਇਕ ਪੀੜ੍ਹੀ ਦਾ ਫਰਕ ਹੈ ਅਤੇ ਇਨ੍ਹਾਂ ਵਿਚਲਾ ਘੋਲ ਮੂਲ ਰੂਪ ਵਿਚ ਦੋ ਪੀੜ੍ਹੀਆਂ ਦਾ ਸੰਘਰਸ਼ ਹੈ। ਨਵੀਂ ਪੀੜ੍ਹੀ ਖੁੱਲ੍ਹਾਂ ਮੰਗਦੀ ਹੈ ਜੋ ਪੁਰਾਣੀ ਪੀੜ੍ਹੀ ਦਿੰਦੀ ਨਹੀਂ, ਨਵੀਂ ਪੀੜ੍ਹੀ ਬੰਧਨਾਂ ਤੋਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

> ਮੁਕਤ ਹੋ ਕੇ ਅਕਾਸ਼ਾਂ ਵਿਚ ਹੁਲਾਰੇ ਲੈਣਾ ਚਾਹੁੰਦੀ ਹੈ ਪਰ ਪੁਰਾਣੀ ਪੀੜ੍ਹੀ ਪੀਂਘ ਦੀਆਂ ਰੱਸੀਆਂ ਮੁੱਢੋਂ ਹੀ ਕੱਟ ਦੇਣਾ ਲੋਚਦੀ ਹੈ ਜਿਸ ਤੋਂ ਦਵੰਦ ਪੈਦਾ ਹੁੰਦਾ ਹੈ। ਇਹ ਦਵੰਦ ਚੜ੍ਹਦੀ ਤੇ ਢਲਦੀ ਜਵਾਨੀ ਦਾ ਹੀ ਨਹੀਂ, ਸਗੋਂ ਨੂੰਹ ਵੱਲੋਂ ਵੰਡੇ ਗਏ ਪੁੱਤਰ ਪਿਆਰ ਅਤੇ ਘਰੇਲੂ ਅਧਿਕਾਰ ਵਿਚੋਂ ਉਪਜੀ ਈਰਖਾ ਦਾ ਪ੍ਰਤੀਕਰਮ ਵੀ ਹੈ।[25]

ਸੱਸ ਦੇ ਕਿਰਦਾਰ ਬਾਰੇ ਨਿਰਦਈ ਜ਼ਾਲਮਪੁਣੇ ਵਰਗੇ ਬੋਲ ਲੋਕ ਗੀਤਾਂ ਵਿਚ ਮਿਲਦੇ ਹਨ ਪਰ ਕਈ ਸੱਸਾਂ ਅਜਿਹੀਆਂ ਨਰਮ ਦਿਲ ਵੀ ਹੁੰਦੀਆਂ ਹਨ ਜੋ ਧੀ ਨੂੰ ਮਾਧਿਅਮ ਬਣਾ ਕੇ "ਧੀਏ ਧੀਏ ਗੱਲ ਸੁਣ, ਨੂੰਹੇ ਨੂੰਹੇ ਕੰਨ ਕਰ" ਵਾਲੀ ਧਾਰਣਾ ਰਾਹੀਂ ਨੂੰਹ ਨੂੰ ਸੂਖਮ ਇਸ਼ਾਰਾ ਕਰ ਦਿੰਦੀਆਂ ਹਨ। ਲੋਕ ਗੀਤਾਂ ਵਿਚ ਸੱਸ ਦਾ ਜੋ ਕਿਰਦਾਰ ਪੇਸ਼ ਕੀਤਾ ਗਿਆ ਹੈ, ਉਸ ਬਾਰੇ ਨਰੇਂਦਰ ਧੀਰ ਲਿਖਦਾ ਹੈ।

> ਭਾਰਤ ਦੇ ਹਰ ਪ੍ਰਾਂਤ 'ਚ ਅਤੇ ਹਰ ਸਥਾਨ ਤੇ ਹਰ ਭਾਸ਼ਾ ਦੇ ਲੋਕ ਗੀਤਾਂ ਵਿਚ ਸੱਸ ਨੂੰ ਅਤਿਅੰਤ ਹੀ ਨਿਰਦਈ ਮੰਨਿਆ ਗਿਆ ਹੈ। 'ਸੱਸ ਸਿੱਧੀ ਵੀ ਲੜੇ ਕਰੀਰ ਗਿੱਲਾ ਵੀ ਜਲੇ' ਵਰਗੀ ਪੰਕਤੀ ਰਾਹੀਂ ਸਿੱਧੀ ਸਾਦੀ ਸੱਸ ਦੀ ਮਨੋਵਿਰਤੀ ਤੇ ਵੀ ਸ਼ੰਕਾ ਪ੍ਰਗਟ ਕੀਤਾ ਗਿਆ ਹੈ।[26]

ਸ਼ਮਸ਼ੇਰ ਕਰਤਾਰ ਸਿੰਘ ਨੇ ਵੀ ਉਪਰੋਕਤ ਧਾਰਣਾ ਅਨੁਸਾਰ ਹੀ ਇਸ ਰਿਸ਼ਤੇ ਦੇ ਦਵੰਦ ਨੂੰ ਬਿਆਨਿਆਂ ਹੈ। ਉਸ ਅਨੁਸਾਰ :

> 'ਕਰੀਰ ਗਿੱਲਾ ਵੀ ਜਲੇ ਸੱਸ ਗਰੀਬਣੀ ਵੀ ਲੜੇ, ਅਖਾਣ ਅਨੁਸਾਰ ਸੱਸ ਹਮੇਸ਼ਾ ਲਾਲ ਝੰਡਾ ਖੜਾ ਰੱਖਦੀ ਹੈ। ਉਸ ਨੂੰ ਉਹ ਦਿਨ ਭੁੱਲ ਚੁੱਕੇ ਹਨ ਜਦੋਂ ਨੂੰਹ ਦੀ ਅਣਹੋਂਦ ਵੇਲੇ ਆਂਹਦੀ ਹੁੰਦੀ ਸੀ 'ਰਾਮ ਪਿਆਰੀ ਆਵੇ, ਆਪੇ ਕੱਢੇ ਆਪੇ ਪਾਵੇ'। ਹੁਣ ਉਸ ਦਾ ਤੋਰ ਹੋਰ ਹੈ। ਹਕੂਮਤ ਕਰਨ ਵਾਲੀ ਸੱਸ ਆਪਣੇ ਪੂਰੇ ਜ਼ੋਰ ਨਾਲ ਨੂੰਹ ਦੇ ਜਜ਼ਬਿਆਂ ਨੂੰ ਦਬਾਉਣਾ ਚਾਹੁੰਦੀ ਹੈ, ਜਿਥੇ ਅੱਗੇ ਉਹ ਨੂੰਹ ਦੀ ਵੱਡੀ ਉਮਰ ਲਈ ਸੁੱਖਾਂ ਸੁੱਖਦੀ ਤੇ ਮੰਨਤਾਂ ਮੰਨਦੀ ਸੀ ਹੁਣ ਉਹ ਇਸ ਦੇ ਉਲਟ 'ਰੱਬਾ ਤੇਰੀ ਸ਼ੈ ਜਿਵੇਂ ਦਿੱਤੀ ਉਵੇਂ ਲੈ' ਦੀ ਰੱਟ ਲਾਉਂਦੀ ਹੈ। ਕਿਸੇ ਨਿਗੂਣੀ ਗੱਲੋਂ ਖਿਝ ਕੇ ਉਸ ਦਾ ਅੱਗਾ ਪਿੱਛਾ ਪੁਣ ਘੱਤਦੀ ਹੈ।[27]

ਦੋਹਾਂ 'ਚੋਂ ਕੋਈ ਵੀ ਸਥਿਤੀ ਨਾਲ ਸਮਝੌਤਾ ਨਹੀਂ ਕਰ ਸਕਦੀ। ਸੱਸ ਵੀ ਸ਼ਾਇਦ ਭੁੱਲ ਜਾਂਦੀ ਹੈ ਕਿ ਅੱਜ ਦੀ ਸੱਸ ਕੱਲ੍ਹ ਦੀ ਨੂੰਹ ਸੀ ਅਤੇ ਨੂੰਹ ਵੀ ਸ਼ਾਇਦ ਇਹ ਯਾਦ ਨਹੀਂ ਰੱਖਦੀ ਕਿ ਅੱਜ ਦੀ ਨੂੰਹ ਭਲਕ ਦੀ ਸੱਸ ਹੋਵੇਗੀ"।[28] ਸੱਸ ਨੂੰ ਮਤਰੇਈ ਮਾਂ ਤੋਂ ਵੀ ਭੈੜੀ ਸਮਝਣ ਦਾ ਕਾਰਣ ਸ਼ਾਇਦ ਨੂੰਹ ਨੂੰ ਉਹ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆਰ ਤੇ ਦੁਲਾਰ ਨਹੀਂ ਮਿਲਦਾ ਜਿਹੜਾ ਉਸ ਨੂੰ ਆਪਣੀ ਮਾਂ ਕੋਲੋਂ ਮਿਲਦਾ ਸੀ। ਸੱਸ ਦਾ ਕੜਵਾਪਣ ਉਸਨੂੰ ਅੱਖ ਵੀ ਨਹੀਂ ਭਾਉਂਦਾ ਜਿਸ ਕਰਕੇ ਉਹ ਵੇਲੇ ਕੁਵੇਲੇ ਉਸ ਦੀ ਨਿੰਦਿਆ 'ਚ ਮਨਸੂਫ ਰਹਿੰਦੀ ਹੈ ਤੇ ਉਸ ਦੀ ਸਿਮਰਤੀ ਵਿਚ ਪੇਕਿਆਂ ਦੀ ਯਾਦ ਸਦਾ ਸਮਾਈ ਰਹਿੰਦੀ ਹੈ। ਤਿੱਖੀ ਚੀਸ ਉਠਣ ਤੇ ਕਰੁਣਾਮਈ ਸਵਰਾਂ ਵਿਚ ਉਸ ਦਾ ਕੰਠ ਵੇਦਨਾਪੂਰਤ ਹੋ ਉਠਦਾ ਹੈ ਉਹ ਸਹੁਰੇ ਘਰ ਜਾਣ ਤੋਂ ਵੀ ਮੁਨਕਰ ਹੋਣਾ ਲੋਚਦੀ ਹੈ :

ਕੁਕੜੀ ਉਹ ਲੈਣੀ ਜਿਹੜੀ ਕੁੜਕੁੜ ਕਰਦੀ ਏ।<br>
ਸਹੁਰੇ ਨਹੀਂ ਜਾਣਾ ਸੱਸ ਬੁੜਬੁੜ ਕਰਦੀ ਏ।

ਕੁਕੜੀ ਉਹ ਲੈਣੀ ਜਿਹੜੀ ਆਂਡੇ ਦੇਂਦੀ ਏ।<br>
ਸਹੁਰੇ ਨਹੀਂ ਜਾਣਾ ਸੱਸ ਤਾਹਨੇ ਦੇਂਦੀ ਏ।

ਲੋਕ ਗੀਤਾਂ ਵਿਚ ਰਿਸ਼ਤੇ ਦੀ ਪੇਸ਼ਕਾਰੀ ਇਕਪਾਸੜ ਹੀ ਹੈ। ਨੂੰਹ ਹੀ ਆਪਣੀਆਂ ਭਾਵਨਾਵਾਂ ਦਾ ਵਿਵੇਚਨ ਗੀਤਾਂ ਰਾਹੀਂ ਕਰਦੀ ਹੈ। ਸੱਸ ਨੂੰ ਮਾਂ ਬਰਾਬਰ ਸਮਝਣ ਦਾ ਸੰਕਲਪ ਅਚੇਤ ਜਾਂ ਸਚੇਤ ਤੌਰ ਤੇ ਹੀ ਉਸ ਦੀ ਮਾਨਸਿਕਤਾ ਦਾ ਅੰਗ ਬਣਿਆ ਰਹਿੰਦਾ ਹੈ, ਪਰ ਜਦ ਸੱਸ ਖਰਵੇ ਸੁਭਾਅ ਨਾਲ ਪੇਸ਼ ਆਉਂਦੀ ਹੈ ਤਾਂ ਮੱਲੋਮੱਲੀ ਹੀ ਇਸ ਦਾ ਪ੍ਰਗਟਾਵਾ ਨੂੰਹ ਆਪਣੇ ਮਨੋਭਾਵਾਂ ਰਾਹੀਂ ਕਰਦੀ ਹੈ। ਦੋਹਾਂ ਵਿਚਕਾਰ ਵਰਜਣ ਤੇ ਪ੍ਰਵਾਨਗੀ ਦੇ ਦੋ ਪ੍ਰਮੁੱਖ ਸੂਤਰ ਕਾਰਜਸ਼ੀਲ ਹੁੰਦੇ ਹਨ—"ਵਰਜਣ ਅਤੇ ਪ੍ਰਵਾਨਗੀ ਦਾ ਇਹ ਵਿਰੋਧੀ ਜੁੱਟ ਵਿਅਕਤੀ ਅਤੇ ਸਮਾਜ ਦੇ ਅੰਤਰ ਸੰਬੰਧਾਂ ਦੇ ਤਨਾਉ ਅਤੇ ਸੰਭਾਵਨਾਵਾਂ ਨੂੰ ਮੂਰਤੀਮਾਨ ਕਰਦਾ ਹੈ ਅਤੇ ਇਸ ਦਾ ਸਭ ਤੋਂ ਵੱਧ ਨਿਖਰਿਆ ਰੂਪ ਨੂੰਹ ਸੱਸ ਦੇ ਰਿਸ਼ਤੇ ਵਿਚ ਮਿਲਦਾ ਹੈ ਉਹ ਵੀ ਨੂੰਹ ਦੇ ਸ਼ਿਕਵੇ ਸ਼ਕਾਇਤਾਂ ਦੇ ਗੀਤਾਂ ਵਿਚ। ਅਮਲੀ ਜੀਵਨ ਵਿਚ ਅਸੀਂ ਵੇਖਦੇ ਹਾਂ ਕਿ ਨੂੰਹ ਸਭ ਤੋਂ ਘੱਟ ਬੋਲਦੀ ਹੈ ਤੇ ਸਭ ਤੋਂ ਜਿਆਦਾ ਸੱਸ...ਪਰ ਲੋਕ ਗੀਤਾਂ ਵਿਚ ਇਹਦੇ ਉਲਟ ਸਭ ਤੋਂ ਘੱਟ ਸੱਸ ਬੋਲਦੀ ਹੈ ਤੇ ਸਭ ਤੋਂ ਵੱਧ ਨੂੰਹ"।[29] ਇਸ ਲਈ ਸੱਸ ਪ੍ਰਤਿ ਨਫ਼ਰਤ ਦੀ ਭਾਵਨਾਂ ਹੀ ਕਈ ਗੀਤਾਂ ਨੂੰ ਜਨਮ ਦੇਣ ਦਾ ਕਾਰਣ ਬਣਦੀ ਹੈ। ਡਾ. ਪਿਆਰ ਸਿੰਘ ਨੇ ਇਸ ਨੇ ਇਸ ਦੇ ਕੁੱਝ ਕਾਰਣ ਮਿਥੇ ਹਨ। ਉਸ ਦੇ ਸ਼ਬਦਾਂ ਵਿਚ :

> ਪਹਿਲਾਂ ਤਾਂ ਇਥੇ ਫਰਾਇਡ ਦੀ ਧਾਰਣਾ ਵਾਲਾ ਸਾੜੇ ਦਾ ਅੰਸ਼ ਕੰਮ ਕਰਦਾ ਦਿਸਦਾ ਹੈ, ਜਿਹੜਾ ਪਤੀ ਦੇ ਪੂਰਣ ਰੂਪ ਵਿਚ ਸਮਰਪਣ ਤੋਂ ਘੱਟ ਕਿਸੇ ਚੀਜ਼ ਉਤੇ ਸੰਤੁਸ਼ਟ ਨਹੀਂ ਹੁੰਦਾ। ਫਿਰ ਬੰਦਿਸ਼ਾਂ ਦੀ ਇਕ ਪੂਰੀ ਲੜੀ ਹੈ ਜਿਨ੍ਹਾਂ ਹੇਠ ਵਿਚਾਰੀ ਨੂੰਹ ਆਪਣੇ ਆਪ ਨੂੰ ਦਬਿਆ ਘੁਟਿਆ ਮਹਿਸੂਸ ਕਰਦੀ ਹੈ। ਆਖਰੀ ਗੱਲ ਨੂੰਹ ਰਾਣੀ ਨੂੰ ਸਹੁਰੇ ਘਰ ਵਿਚ ਆਮ ਮਾਰਿਆ ਕੁੱਟਿਆ ਜਾਂਦਾ ਹੈ ਅਤੇ ਮਾਨਸਿਕ ਤਸੀਹੇ ਵੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤੇ ਜਾਂਦੇ ਹਨ ਜਿਨ੍ਹਾਂ ਲਈ ਉਹ ਸਦਾ ਹੀ ਆਪਣੀ ਸੱਸ ਨੂੰ ਜਿੰਮੇਵਾਰ ਠਹਿਰਾਉਂਦੀ ਹੈ। ਇਸ ਲਈ ਗੀਤ ਉਸ ਨੂੰ ਸੇਫਟੀ ਵਾਲਵ ਦਾ ਕੰਮ ਦਿੰਦੇ ਹਨ ਜੋ ਉਸ ਨੂੰ ਦੱਬੀਆਂ ਘੁੱਟੀਆਂ ਭਾਵਨਾਵਾਂ ਪ੍ਰਗਟਾਉਣ ਦਾ ਰਾਹ ਦੇਂਦੇ ਹਨ।[30]

ਇਸੇ ਤਰ੍ਹਾਂ ਰੰਧਾਵਾ ਤੇ ਸਤਿਆਰਥੀ ਦੇ ਸਬਦਾਂ ਵਿਚ :

> ਕਈ ਵੀਹਾਂ ਗੀਤ ਹੋਣਗੇ ਜਿਨ੍ਹਾਂ ਵਿਚ ਨੂੰਹ ਨੇ ਸੱਸ ਤੇ ਚੋਟਾਂ ਕੀਤੀਆਂ ਹਨ ਤੇ ਉਸ ਨੂੰ ਕੋਸਿਆ ਹੈ। ਸੱਸ ਤਾਹਨੇ ਦਿੰਦੀ ਹੈ, ਭਰਾਵਾਂ ਦੀਆਂ ਗਾਲ੍ਹਾਂ ਕੱਢਦੀ ਹੈ, ਉਸ ਦੇ ਆਇਆਂ ਦਾ ਵੀ ਨਿਰਾਦਰ ਕਰਦੀ ਹੈ, ਟੂਮਾਂ ਲਾਹ ਕੇ ਲਕੋ ਲੈਂਦੀ ਹੈ, ਚੰਗੇ ਕੱਪੜੇ ਵੀ ਖਿਸਕਾ ਲੈਂਦੀ ਹੈ, ਪੁੱਤਰ ਨੂੰ ਨੌਕਰੀ ਤੇ ਤੋਰ ਦਿੰਦੀ ਹੈ ਤੇ ਜਦੋਂ ਪੁੱਤਰ ਘਰ ਹੋਵੇ ਤਾਂ ਵੀ ਨੂੰਹ ਪੁੱਤਰ ਦੇ ਖੁਲ੍ਹੇ ਮੇਲੇ ਵਿਚਕਾਰ ਕੰਧ ਬਣਦੀ ਹੈ। ਪਰ ਸੱਸ ਨੇ ਕਿਧਰੇ ਇਨ੍ਹਾਂ ਊਜਾਂ ਦਾ ਕੋਈ ਉੱਤਰ ਨਹੀਂ ਦਿੱਤਾ।[31]

ਮਾਂ ਦੀ ਆਪਣੇ ਪੁੱਤਰ ਨਾਲ ਨੇੜਤਾ ਸੱਸ-ਨੂੰਹ ਦੀ ਲਾਗਤਬਾਜ਼ੀ ਦਾ ਪ੍ਰਮੁੱਖ ਕਾਰਣ ਹੈ ਜਿਸ ਨੂੰ ਰਿਚਰਡ ਐਚ. ਕਲੇਵਰ ਨੇ ਵੀ ਮੰਨਿਆ ਹੈ।[32] ਇਸ ਦਵੰਦ ਕਾਰਣ ਹੀ ਇਸ ਰਿਸ਼ਤੇ ਵਿਚ ਅਚੇਤ ਜਾਂ ਸੁਚੇਤ ਤੌਰ ਤੇ ਤਾਹਨੇ ਮਿਹਣਿਆਂ ਨੂੰ ਕਾਫੀ ਥਾਂ ਹੈ। ਇਸ ਦਾ ਉਲੇਖ ਲੋਕ ਗੀਤਾਂ ਵਿਚ ਆਮ ਮਿਲਦਾ ਹੈ। ਨੂੰਹ ਨੂੰ ਦਾਜ-ਦੌਣੀ ਦਾ ਅਹਿਸਾਸ ਸੱਸ ਵਿਅੰਗਮਈ ਸੁਰ 'ਚ ਕਰਵਾਉਂਦੀ ਹੈ :

ਗੱਡੀ ਆ ਗਈ ਸੰਦੂਖੋਂ ਖਾਲੀ
ਬਹੁਤਿਆਂ ਭਰਾਵਾਂ ਵਾਲੀਏ।

ਤਣਾਉ ਸਥਿਤੀ ਪ੍ਰਬਲ ਹੁੰਦੀ ਹੈ ਤੇ ਨੂੰਹ ਦੱਬੀ ਘੁੱਟੀ ਵੀ ਕਹਿਣੋਂ ਨਹੀਂ ਰਹਿੰਦੀ :

ਮੇਰੀ ਸੱਸ ਨੇ ਸੰਦੂਖ ਜੰਮਿਆ,
ਹੁਣ ਤੋਰੂਗੀ ਧੀਆਂ ਦੇ ਮੁਕਲਾਵੇ।

ਜਵਾਬ ਤਲਬੀ ਹੈ ਸੱਸ ਦੇ ਮਾਰੇ ਮਿਹਣੇ ਦੀ। ਨੂੰਹ ਗੀਤਾਂ ਟਾਹੀਂ ਭਾਵਨਾਵਾਂ ਦਾ ਪ੍ਰਗਟਾ ਕਰਦੀ ਹੋਈ ਮਾਪਿਆਂ ਤੇ ਸਹੁਰੇ ਘਰ ਦੇ ਜੀਆਂ ਦਾ (ਖਾਸ ਤੌਰ ਤੇ ਮਾਪਿਆਂ ਤੇ ਸੱਸ ਦਾ) ਕਿਆਸ ਲਾਉਂਦੀ ਹੋਈ ਤੁਲਨਾਤਮਕ ਧਾਰਨਾਵਾਂ ਰਾਹੀਂ ਗੀਤਾਂ ਦੀ ਸਿਰਜਣਾ ਕਰਦੀ ਹੈ :

ਮਾਪਿਆਂ ਨੇ ਰੱਖੀ ਲਾਡਲੀ,
ਅੱਗੋਂ ਸੱਸ ਬਘਿਆੜੀ ਟੱਕਰੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦੁਭਰ ਜ਼ਿੰਦਗੀ ਤੋਂ ਹਰ ਕੀਮਤ ਤੇ ਛੁਟਕਾਰਾ ਪਾਉਣ ਲਈ ਸੱਸ ਦੇ ਮਰਨ ਲਈ ਸੁੱਖਣਾ ਸੁੱਖਦੀ ਹੈ :

ਸੁੱਥਣੇ ਸੂਫ ਦੀਏ, ਤੈਨੂੰ ਸੱਸ ਮਰੇ ਤੋਂ ਪਾਵਾਂ ।

ਨੂੰਹ ਲਈ ਤਾਂ ਹਾਰ ਸ਼ਿੰਗਾਰ ਲਾਉਣਾ ਵੀ ਤਾਹਨੇ ਮਿਹਣਿਆਂ ਨੂੰ ਜਨਮ ਦੇਣ ਦਾ ਕਾਰਣ ਬਣ ਜਾਂਦਾ ਹੈ :

ਕਾਲਾ ਸੁਰਮਾਂ ਅੱਖਾਂ ਦਾ ਦਾਰੂ, ਸੱਸ ਮੈਨੂੰ ਰਿਕਤਾਂ ਕਰੇ ।

ਅੱਖਾਂ ਦਾ ਦਾਰੂ ਦਵਾ ਕਰਨੀ ਵੀ ਤਾਂ ਨੂੰਹ ਲਈ ਸ਼ੋਭਦੀ ਨਹੀਂ ਨਾ । ਕਿੰਨਾ ਵਿਅੰਗਮਈ ਤੇ ਕਰੁਣਾਮਈ ਲਹਿਜਾ ਹੈ ਉਪਰੋਕਤ ਸੁਰ ਦਾ । 'ਮਾਪਿਆਂ ਨੇ ਮੈਂ ਰੱਖੀ ਲਾਡਲੀ' ਵਾਲਾ ਅੰਤਰਾ ਵੀ ਪਿੰਡ ਦੀ ਗੋਰੀ ਨੂੰ ਸਜੀਵ ਰੂਪ ਵਿਚ ਸਾਡੇ ਸਾਹਮਣੇ ਲਿਆ ਖਲ੍ਹਾਰਦਾ ਹੈ ਤੇ ਬੁਰਸ਼ ਦੀ ਇਕੋ ਛੁਹ ਨਾਲ ਕੁਪੱਤੀ ਸੱਸ ਦੀ ਤਸਵੀਰ ਉਲੀਕ ਦਿੰਦਾ ਹੈ :

ਮਾਪਿਆਂ ਨੇ ਮੈਂ ਰੱਖੀ ਲਾਡਲੀ, ਸੌਂਹਰੀਂ ਭੀੜੀ ਥਾਂ ਵੇ<br>
ਮੈਂ ਨਹੀਉਂ ਵੱਸਣਾ ਤੇਰੀ ਕੁਪੱਤੀ ਮਾਂ ਵੇ ।

ਸੱਸ ਦੁਆਰਾ ਦਿੱਤੀਆਂ ਗਈਆਂ ਵਿਭਿੰਨ ਪ੍ਰਕਾਰ ਦੀਆਂ ਜਾਇਦਾਦਾਂ ਦਾ ਸਪਸ਼ਟੀ-ਕਰਣ ਨੂੰਹ ਗਵਾਂਢਣਾਂ ਨੂੰ ਇਉਂ ਦੇ ਰਹੀ ਹੈ ਜਿਸ ਤੋਂ ਸੱਸ ਦੀ ਕਾਣੀ ਵੰਡ ਤੇ ਈਰਖਾ ਦਵੈਤ ਦੀ ਭਾਵਨਾ ਬਾਰੇ ਉਸ ਦਾ ਚਰਿੱਤਰ ਉਘਾੜ ਕੇ ਸਾਹਮਣੇ ਆਉਂਦਾ ਹੈ :

ਮੈਂ ਉਭਰਾਂ ਤਾਂ ਕੁਪੱਤੀ, ਸੁਣੋ ਨੀ ਵਿਹੜੇ ਵਾਲੀਓ ।<br>
ਸੱਸ ਮਾੜ੍ਹੀ ਨੇ ਭਾਂਡੇ ਵੰਡੇ, ਮਾੜ੍ਹੇ ਹਿੱਸੇ ਕੜਛੀ ।...<br>
ਸੱਸੂ ਮਾੜੀ ਨੇ ਕੱਪੜੇ ਵੰਡੇ, ਸਾਡੇ ਹਿੱਸੇ ਕੱਛੀ ।...<br>
ਸੱਸੂ ਸਾੜ੍ਹੀ ਨੇ ਗਹਿਣੇ ਵੰਡੇ, ਮਾੜ੍ਹੇ ਹਿੱਸੇ ਲੱਛੀ ।...<br>
ਸੱਸੂ ਮਾੜ੍ਹੀ ਨੇ ਕੋਠੇ ਵੰਡੇ, ਮਾੜ੍ਹੇ ਹਿੱਸੇ ਟੱਟੀ ।...<br>
ਸੱਸੂ ਮਾੜ੍ਹੀ ਨੇ ਡੰਗਰ ਵੰਡੇ, ਮਾੜ੍ਹੇ ਹਿੱਸੇ ਵੱਛੀ ।<br>
ਮੈਂ ਉਭਰਾ ਤਾਂ ਕੁਪੱਤੀ ਸੁਣੋ ਨੀ ਵੇਹੜੇ ਵਾਲੀਓ ।

ਮਹਿਬੂਬ ਦੇ ਤਾਹਨੇ ਦੇਣੇ ਭੱਦਰ ਪੁਰਸ਼ ਦੀ ਸ਼ਖ਼ਸੀਅਤ ਨੂੰ ਸੋਂਹਦਾ ਨਹੀਂ, ਪਰ ਸੱਸ ਤਾਂ ਜਦੋਂ ਬੋਲਦੀ ਹੈ, ਉਹਦੀ ਸੁਰ ਹੀ ਏਹੋ ਹੁੰਦੀ ਹੈ :

ਦੋ ਪੱਤਰ ਅਨਾਰਾਂ ਦੇ,<br>
ਜਿਸ ਵੇਲੇ ਸੱਸ ਬੋਲੇ,<br>
ਮਿਹਣੇ ਦਿੰਦੀ ਯਾਰਾਂ ਦੇ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰਹ ਪੁੱਤ ਵਿਚਕਾਰ ਤਕਰਾਰ ਸਮੇਂ ਸੱਸ ਪੁੱਤ ਦੀ ਹੀ ਤਰਫਦਾਰੀ ਕਰਦੀ ਹੈ, ਇਹ ਮਨੋਵਿਗਿਆਨਕ ਕਾਰਣ ਹੈ ਕਿਉਂਕਿ ਨੂੰਹ ਪਰਾਈ ਧੀ ਜੁ ਹੁੰਦੀ ਹੈ :

ਵਰਜ ਵਰਜ ਸੱਸੇ ਪੁੱਤ ਆਪਣੇ ਨੂੰ
ਸਾਡੇ ਸਾਲੂ ਦੀ ਆਬ ਗਵਾਉਂਦਾ ਈ।
ਨੀ ਤੂੰ ਆਪ ਨੂੰਹੇ ਦਗੇਬਾਜ ਨੂੰਹੇ
ਮੇਰਾ ਪੁੱਤ ਏਨਾ ਕੁਝ ਨਹੀਂ ਜਾਣਦਾ ਈ।

ਫਿਰ ਸੱਸ ਤੇ ਮਾਂ ਦੀ ਤੁਲਨਾ ਕਿਹੜੇ ਅਨੁਪਾਤ 'ਚ ਕੀਤੀ ਜਾਏ, ਸ਼ਾਇਦ ਕੋਈ ਪੈਮਾਨਾ ਨਹੀਂ :

ਵੀਰ ਦਿਉਂ ਸਹੁਰਿਓਂ ਗੁਲਾਬੀ ਸੁੱਥਣ ਆਈ।
ਮਾਂ ਨੂੰ ਵਿਖਾਈ, ਉਹਨੇ ਗੁੜ ਦੀ ਰੋੜੀ ਪਾਈ।
ਸੱਸ ਨੂੰ ਵਿਖਾਈ ਉਹ ਤਾਂ ਸੜਦੀ ਬਲਦੀ ਆਈ।

ਤਨਾਓ ਚਰਮ ਸੀਮਾਂ ਤੱਕ ਪੁੱਜਦਾ ਹੈ। ਸੱਸ ਬਦਚਲਣ ਅਖਵਾਉਂਦੀ ਹੈ; ਜਿਸ ਨਾਲ ਨੂੰਹ ਮਾਨਸਿਕ ਸੰਤੁਸ਼ਟੀ ਦੀ ਪ੍ਰਾਪਤੀ ਕਰਦੀ ਹੈ :

ਮੇਰੀ ਸੱਸ ਨੇ ਬਾਣੀਆ ਕੀਤਾ,
ਕੁੱਜੇ ਕੁੱਜੇ ਪਈਆਂ ਰਿਓੜੀਆਂ।...
ਮੇਰੀ ਸੱਸ ਨੇ ਬਾਣੀਆਂ ਕੀਤਾ,
ਰਿਓੜੀਆਂ ਦੀ ਮੌਜ ਲੱਗ ਗਈ।

ਫਿਰ ਨੂੰਹ ਕੰਮ ਤੋਂ ਵੀ ਬਾਗੀ ਹੋਣ ਲੱਗਦੀ ਹੈ :

ਆਪ ਸੱਸੂ ਮੰਜੇ ਲੇਟਦੀ, ਸਾਨੂੰ ਮਾਰਦੀ ਚੱਕੀ ਦੇ ਵੱਲ ਸੈਨਤਾਂ।
ਅਸਾਂ ਚੱਕੀ ਨਹੀਂ ਪੀਸਣੀ,
ਆਪੇ ਪੀਹਣਗੀਆਂ ਅੰਮਾਂ ਦੀਆਂ ਜਾਈਆਂ।

ਨੂੰਹ ਦੀ ਗੋਦ ਸੁੰਞੀ ਹੋਣ ਤੇ ਸੱਸ ਬਹੂ ਤੇ ਵਿਅੰਗ ਕੱਸਦੀ ਹੈ :

ਤੈਨੂੰ ਕੁਝ ਨਾ ਲੱਗਾ ਮੁਟਿਆਰੇ,
ਕਿੱਕਰਾਂ ਨੂੰ ਫੁੱਲ ਲੱਗ ਗਏ।

ਸਭ ਤੋਂ ਵੱਡਾ ਤਾਹਨਾ ਔਰਤ ਨੂੰ ਇਹ ਹੈ। ਨੂੰਹ ਵਿਚਾਰੀ ਸੜ ਬਲਕੇ ਸੱਸ ਦੇ ਇਨ੍ਹਾਂ ਬੋਲਾਂ ਦਾ ਸਮੂਹਿਕ ਭਾਵਨਾ ਰੂਪੀ ਜਵਾਬ ਦਿੰਦੀ ਹੈ। ਅਜਿਹੀ ਜ਼ਿੰਦਗੀ ਤੋਂ ਆਪ ਮਰ ਜਾਣ ਜਾਂ ਸੱਸ ਮਰ ਜਾਣ ਦੀ ਤਮੰਨਾ ਕਰਦੀ ਹੈ ਤਾਂ ਜੁ ਉਹ ਰੋਜ਼ ਵਾਪਰਦੇ ਹਾਦਸਿਆਂ ਤੋਂ ਮੁਕਤ ਹੋ ਸਕੇ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਤੇ ਬਾਪੂ ਮੈਂ ਮਰ ਜਾਂ, ਜਾਂ ਮਰਜੇ ਕੁੜਮਣੀ ਤੇਰੀ।

ਸੱਸ ਪ੍ਰਤੀ ਸਮੁੱਚਾ ਪ੍ਰਤੀਕਰਮ ਨਿਮਨ ਲਿਖਤ ਬੋਲੀ ਤੋਂ ਪ੍ਰਤੀਬਿੰਬਤ ਹੁੰਦਾ ਹੈ :

ਸੱਸਾਂ ਕਿਸ ਪਾਪੀ ਬਣਾਈਆਂ,
ਸਾਡੇ ਮਗਰ ਚੁੜੇਲਾਂ ਲਾਈਆਂ।

ਵਾਸਤਵ ਵਿਚ "ਸਮਾਜਕ ਰਿਸ਼ਤਿਆਂ ਦੇ ਸੰਦਰਭਗਤ ਅਰਥਾਂ ਵਿਚ ਸੱਸ ਨੂੰਹ ਦਾ ਰਿਸ਼ਤਾ ਜਿਨ੍ਹਾਂ ਸਤਹੀ ਪੱਧਰ ਉੱਤੇ ਸਰਲ ਹੈ, ਵਾਸਤਵ ਪੱਧਰ ਉਪਰ ਉਨ੍ਹਾਂ ਹੀ ਵਿਭਿੰਨ ਪ੍ਰਕਿਰਤੀ ਦੀਆਂ ਜਟਿਲਤਾਵਾਂ ਦਾ ਧਾਰਣੀ ਹੈ"।[33] ਸੱਸ ਤੇ ਵਿਅੰਗ ਕੱਸਿਆ ਜਾਂਦਾ ਹੈ, ਫਿਰ ਜਵਾਨੀ ਆਉਣ ਲਈ ਕਾਮਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਕਿਉਂਕਿ ਉਹ ਜਵਾਨ ਰੂਹ ਦੀ ਬੇਚੈਨੀ ਦਾ ਕਾਰਣ ਬਣਦੀ ਹੈ, ਆਪਣੀ ਭੂਤਕਾਲਕ ਸਥਿਤੀ ਨੂੰ ਵਿਸਰ ਜਾਂਦੀ ਹੈ :

ਸੱਸੇ ਮੈਨੂੰ ਤੂੰ ਕਰੇਂ ਤਕੜਾਈਆਂ
ਆਪਣੇ ਤੂੰ ਦਿਨ ਭੁੱਲ ਗੀ।...

ਸੱਸੇ ਨੀ ਤੂੰ ਸੁੱਖ ਬੱਕਰਾ,
ਤੈਨੂੰ ਫੇਰ ਜਵਾਨੀ ਆਵੇ।

ਵੱਸਦੇ ਰਸਦੇ ਘਰਾਂ 'ਚ ਭਾਂਡੇ ਖੜਕਦੇ ਹੀ ਰਹਿੰਦੇ ਹਨ। ਜਦ ਕਦੇ ਵੀ ਨੂੰਹ ਨੂੰ ਸੱਸ ਵੱਲੋਂ ਨਿੱਕੀ ਜਿਹੀ ਤਾੜਨਾ ਵੀ ਕੀਤੀ ਜਾਂਦੀ ਹੈ ਤਾਂ ਨੂੰਹ ਰਾਈ ਦਾ ਪਹਾੜ ਬਣਾ ਕੇ ਦੱਸਦੀ ਹੈ :

ਮੇਰੀ ਸੱਸ ਨੇ ਮੱਕੀ ਦਾ ਟੁੱਕ ਮਾਰਿਆ,
ਡੌਲੇ ਕੋਲੋਂ ਬਾਂਹ ਟੁੱਟ ਗੀ।

ਫਿਰ ਤਕਰਾਰ ਕੁਦਰਤੀ ਹੈ :

ਲੋਕੀਂ ਭਾਵੇਂ ਨਿੰਦਿਆ ਕਰੇ, ਸੱਸ ਪਿੱਟਣੀ ਪੰਜੇਬਾਂ ਪਾ ਕੇ।...

ਮੁੰਡਾ ਲੱਭਾ ਮੂੰਗਫਲੀ, ਸੱਸ ਟੱਕਰੀ ਭਰਾਵਾਂ ਪਿੱਟੀ ਬੱਕਰੀ।

ਅਚੇਤ ਜਾਂ ਸੁਚੇਤ ਤੌਰ ਤੇ ਨੂੰਹ ਦੀ ਸੋਚਣੀ ਦਾ ਅੰਗ ਸੱਸ ਦੀ ਮੌਤ ਹੀ ਬਣੀ ਰਹਿੰਦੀ ਹੈ :

ਜੇ ਮੇਰੀ ਸੱਸ ਮਰਜੇ, ਮੈਂ ਰੋ ਰੋ ਕੂਕਾਂ ਮਾਰਾਂ।

ਨੂੰਹ ਕੋਲ ਇਕ ਹੀ ਹਥਿਆਰ ਹੈ ਜਾਂ ਤਾਂ ਅਲੱਗ ਘਰ ਸਥਾਪਿਤ ਕਰ ਲਏ (ਪਰ ਇਹ ਪਤੀ ਦੀ ਮਰਜ਼ੀ ਤੋਂ ਬਿਨਾ ਹੋ ਨਹੀਂ ਸਕਦਾ) ਤੇ ਜਾਂ ਉਹ ਉਸ ਵੇਲੇ ਦੀ ਉਡੀਕ 'ਚ ਰਹਿੰਦੀ ਹੈ ਜਦੋਂ ਸੱਸ ਬੁੱਢੀ ਹੋ ਕੇ ਉਸ ਦੇ ਵੱਸ ਪਵੇਗੀ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁੱਢੀ ਹੋਵੇਂਗੀ ਪਵੇਂਗੀ ਵੱਸ ਮੇਰੇ,
ਸੱਸੇ ਨੀ ਵੜੇਵੇਂ ਅੱਥੀਏ ।

ਜਵਾਨੀ ਵੇਲੇ ਤਾਂ ਨੂੰਹ ਵਿਚਾਰੀ ਤਾਹਨੇ ਮਿਹਣਿਆਂ ਰਾਹੀਂ ਹੀ ਆਪਣਾ ਗਰੁੱਬ ਕੱਢਦੀ ਹੈ :

ਮੂਹਰੇ ਬਾਣੀਆਂ ਮਗਰ ਸੱਸ ਮੇਰੀ,
ਛਮ ਛਮ ਚੜ੍ਹੇ ਪੌੜੀਆਂ ।...

ਮੇਰੀ ਸੱਸ ਮੁਕਲਾਵੇ ਆਈ,
ਬਾਪੂ ਵਾਰ ਪਾਣੀ ਦਾ ਛੰਨਾ ।...

ਸੱਸ ਰਾਮ ਗਊ ਛੱਡ ਦੇਣੀ,
ਗਲ ਵਿਚ ਪਾ ਕੇ ਬੰਮਣੀ ।

ਜੇਕਰ ਸੱਸ ਯਾਰ ਬੇਲੀ ਸੁਣਾ ਸਕਦੀ ਹੈ ਤਾਂ ਨੂੰਹ ਘੱਟ ਨਹੀਂ ਕਰਦੀ :

ਔਹ ਕੋਈ ਔਂਦੇ ਦੋ ਜਣੇ,
ਦੋ ਤੋਂ ਬਣ ਗੇ ਚਾਰ ।
ਵੇ ਘੁੰਡ ਕੱਢਾਂ ਕਿ ਨਾ,
ਤੇਰੀ ਮਾਂ ਦੇ ਯਾਰ ।

ਧੀਆਂ ਤੇ ਪੁੱਤਰਾਂ ਦੇ ਰੰਗ ਵੰਨ ਸੁਵੰਨੇ ਹੋਣ ਤੇ ਵੀ ਸੱਸ ਨੂੰ ਹੀ ਕਸੂਰਵਾਰ ਠਹਿਰਾਇਆ ਜਾਂਦਾ ਹੈ :

ਧੀਆਂ ਗੋਰੀਆਂ ਪੁੱਤਾਂ ਦੇ ਰੰਗ ਕਾਲੇ,
ਕਿਥੋਂ ਲਿਆ ਈ ਬੀ ਸੱਸੀਏ ।

ਪੁੱਤਰ ਦੇ ਮਾੜੇ ਲੱਛਣਾਂ ਜਾਂ ਹਰਕਤਾਂ ਤੇ ਵੀ ਸੱਸ ਨੂੰ ਮੱਲੋ ਮੱਲੀ ਹੀ ਵਿਚ ਘੜੀਸਿਆ ਜਾਂਦਾ ਹੈ :

ਮੇਰੀ ਸੱਸ ਨੇ ਕੁਲਹਿਣਾ ਪੁੱਤ ਜੰਮਿਆ,
ਸੇਵੀਆਂ ਦੀ ਪਿੱਛ ਮੰਗਦਾ ।

ਇਸ ਆਂਤਰਿਕ ਮਾਨਸਿਕ ਸੰਘਰਸ਼ ਵਿਚ ਗ੍ਰਸਤ ਨੂੰਹ ਇਸ ਸਥਿਤੀ ਦੀ ਹੋਂਦ ਲਈ ਸੱਸ ਨੂੰ ਹੀ ਕੋਸਦੀ ਹੈ । ਪੇਕਿਆਂ ਦੀ ਤਰਫਦਾਰੀ ਵਹੁਟੀ ਦਾ ਭਰਾ ਹੀ ਸਭ ਤੋਂ ਜ਼ਿਆਦਾ ਕਰਨ ਕਰਕੇ ਉਹ ਉਸ ਨੂੰ ਸਭ ਤੋਂ ਨਿਕਟਵਰਤੀ ਸਮਝਦੀ ਹੈ। ਅਜਿਹੀ ਸਥਿਤੀ ਅਧੀਨ ਜਦੋਂ ਸੱਸ ਭਰਾ ਨੂੰ ਕਿਤੇ ਬੁਰਾ ਭਲਾ ਜਾਂ ਗਾਲ੍ਹ ਕੱਢ ਦੇਂਦੀ ਹੈ ਤਾਂ ਵੀਰ ਨੂੰ ਸੁੱਕੀ ਖੰਡ ਪਾਉਣ ਵਾਲੀ ਸੱਸ ਨੂੰ ਜੇਕਰ ਮੱਝ ਮਰ ਜਾਣ ਦਾ ਸਰਾਪ ਨੂੰਹ ਦੇ ਸਕਦੀ ਹੈ ਤਾਂ ਉਹ ਭਰਾ ਵਿਰੋਧੀ ਕੋਈ ਵੀ ਅਜਿਹੀ ਗੱਲ ਸੁਣਨ ਲਈ ਤਿਆਰ ਨਹੀਂ ਹੁੰਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਨਾਲ ਉਸ ਦੀ ਮਾਨਸਿਕਤਾ ਖੰਡਿਤ ਹੋਵੇ ਜਾਂ ਉਸ ਦੇ ਪੇਕੇ ਘਰ ਦੀ ਹਉਂ ਨੂੰ ਸੱਟ ਵੱਜੇ। ਉਹ ਸੰਕੋਚਾਂ ਸ਼ਰਮਾਂ ਦੀ ਚਾਦਰ ਲਾਹ ਕੇ ਅਚੇਤ ਸੁਚੇਤ ਪੱਧਰ ਤੇ ਸਹੁਰੇ ਘਰ ਦਾ ਮੰਦਾ ਚਿਤਵਦੀ ਹੈ :

ਸੁਣ ਨੀ ਸੱਸੇ ਐਤਵਾਰੀਏ, ਵਾਰ ਵਾਰ ਸਮਝਾਵਾਂ।
ਜਿਹੜਾ ਤੇਰਾ ਲੀਰ ਪਰਾਂਦਾ, ਸਣੇ ਸੰਧੂਰ ਅੱਗ ਲਾਵਾਂ।
ਜਿਹੜੀ ਤੇਰੀ ਸੇਰ ਪੰਜੀਰੀ, ਵਿਹੜੇ ਵਿਚ ਖਿੰਡਾਵਾਂ।
ਗਾਲ ਭਰਾਵਾਂ ਦੀ ਮੈਂ ਨਾ ਮੁੜ ਮੁੜ ਖਾਵਾਂ।...
ਪੰਜੇ ਸੱਸੇ ਤੇਰੇ ਪੁੱਤਰ ਮਰ ਜਾਣ, ਛੇਵਾਂ ਮਰੇ ਜਵਾਈ।
ਗਾਲ ਭਰਾਵਾਂ ਦੀ ਕੀਹਨੇ ਕੱਢਣੀ ਸਿਖਾਈ।

ਨੂੰਹ ਨੂੰ ਆਜ਼ਾਦੀ ਸੱਸ ਮਰੀ ਤੋਂ ਬਾਅਦ ਹੀ ਨਸੀਬ ਹੁੰਦੀ ਹੈ ਜਾਂ ਵੱਖਰਾ ਘਰ ਸਥਾਪਿਤ ਕਰ ਲੈਣ ਨਾਲ। ਉਹ ਤਾਂ ਪਹਿਲਾਂ ਵੀ ਪਤੀ ਦੇ ਮਾਂ ਨਾਲ ਲੜਨ ਤੇ ਬੜੀ ਖੁਸ਼ ਹੁੰਦੀ ਸੀ ਉਹਨੂੰ ਤਾਂ ਚਾਅ ਚੜ੍ਹ ਜਾਂਦਾ ਸੀ ਪਰ ਬਾਅਦ 'ਚ ਤਾਂ ਉਸ ਦੀਆਂ ਪੌਂ ਬਾਰਾਂ ਹੋ ਜਾਂਦੀਆਂ ਹਨ। ਉਹ ਪਤੀ ਦੇਵ ਦਾ ਦਿਲ ਜਿੱਤ ਕੇ ਮਨਮਰਜ਼ੀ ਕਰ ਸਕਦੀ ਹੈ :

ਸੱਸ ਮਰ ਗਈ ਨਣਾਨ ਸਹੁਰੇ ਤੁਰ ਗਈ,
ਆਪਾਂ ਦੋਵੇਂ ਮੇਲੇ ਚੱਲੀਏ।

ਪਰ ਇਹ ਮੌਕਾ ਬਹੁਤਾ ਚਿਰ ਨਹੀਂ ਰਹਿੰਦਾ। ਕੁੱਝ ਚਿਰ ਬਾਅਦ ਜਾਂ ਸੱਸ ਦੇ ਹੁੰਦਿਆਂ ਹੀ ਉਹ ਆਪ ਸੱਸ ਬਣ ਜਾਂਦੀ ਹੈ ਜਿਥੋਂ ਉਹੀ ਵਿਵਸਥਾ ਫਿਰ ਕਾਇਮ ਹੋ ਜਾਂਦੀ ਹੈ। ਜਿਹੜੀ ਉਸ ਦੇ ਤੇ ਉਸ ਦੀ ਸੱਸ ਵਿਚਕਾਰ ਤਨਾਉ ਨੂੰ ਸਿਰਜਣ ਦਾ ਕਾਰਣ ਬਣੀ ਸੀ ਕਿਉਂਕਿ "ਘਰੋਗੀ ਕਾਰ ਵਿਹਾਰ ਵਿਚ ਉਸ ਸਮੇਂ ਦੀ ਹਾਨੀ ਨੂੰਹ ਦੀ ਸੰਪੰਨਤਾ ਸੱਸ ਨੂੰ ਅੱਖਰਦੀ ਹੈ ਤੇ ਹੀਣਤਾ ਭਾਵ ਗ੍ਰਸਤ ਸੱਸ ਨੂੰਹ ਨੂੰ ਛੁਟਿਆਉਣ ਲਈ ਪੂਰਨ ਰੂਪ ਵਿਚ ਯਤਨਸ਼ੀਲ ਰਹਿੰਦੀ ਹੈ। ਤੰਗ ਦਿਲੀ ਦਾ ਪ੍ਰਦਰਸ਼ਨ ਹੁੰਦਾ ਹੈ"।[34] ਇਸ ਤਰ੍ਹਾਂ ਖੂਹ ਦੀਆਂ ਟਿੰਡਾਂ ਵਾਂਗ ਇਹ ਗੇੜ ਨਿਰੰਤਰ ਗਤੀਸ਼ੀਲਤਾ ਦਾ ਧਾਰਣੀ ਹੋ ਕੇ ਪੀੜ੍ਹੀਆਂ ਤੱਕ ਆਪਣੀ ਯਾਤਰਾ ਕਾਇਮ ਰੱਖਦਾ ਹੈ। ਭਾਵੇਂ ਇਸ ਰਿਸ਼ਤੇ ਦਾ ਵਿਹਾਰ ਕਿੰਨਾ ਵੀ ਪੁਨੀਤ ਕਿਉਂ ਨਾ ਹੋ ਜਾਵੇ, ਇਹ ਧੁੰਦਲੇ ਵਿਹਾਰਾਂ ਦੀ ਗੱਲ ਹਰ ਪੀੜ੍ਹੀ ਵਿਚ ਆਪਣੀ ਹੋਂਦ ਨੂੰ ਸਾਕਾਰ ਰੱਖੇਗੀ।

## ਨੂੰਹ-ਸਹੁਰੇ ਦਾ ਰਿਸ਼ਤਾ

ਸੰਯੁਕਤ ਪਰਿਵਾਰਾਂ ਵਿਚ ਘਰ ਦਾ ਮੁਖੀ ਤੇ ਜ਼ਿੰਮੇਵਾਰ ਵਡਿੱਕਾ ਹੁੰਦਾ ਹੈ ਜਿਸ ਨੂੰ ਨੂੰਹ ਵਲੋਂ ਸਹੁਰਾ ਕਰ ਕੇ ਸੰਬੋਧਿਤ ਕੀਤਾ ਜਾਂਦਾ ਹੈ। ਸਹੁਰੇ ਦੇ ਪਿਉ ਦੇ ਜੀਵਤ ਹੋਣ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਜ਼ਿੰਮੇਵਾਰੀ ਸਹੁਰੇ ਸਿਰ ਹੀ ਹੁੰਦੀ ਹੈ। ਉਸ ਨੂੰ (ਦਦਿਉਰੇ ਨੂੰ) ਬਜ਼ੁਰਗ ਹੋ ਜਾਣ ਕਾਰਣ ਕੰਮਾਂ ਕਾਰਾਂ ਤੋਂ ਮੁਕਤ ਕਰ ਦਿੱਤਾ ਜਾਂਦਾ ਹੈ। ਸਹੁਰਾ ਘਰ ਵਿਚ ਨੂੰਹ ਲਈ ਸਭ ਤੋਂ ਜ਼ਿਆਦਾ ਸਤਿਕਾਰਯੋਗ ਮੈਂਬਰ ਹੁੰਦਾ ਹੈ। ਨੂੰਹ ਸਹੁਰੇ ਨੂੰ ਪਿਤਾ ਸਮਾਨ ਸਮਝਕੇ ਉਸ ਨਾਲ ਬੜਾ ਸੁਚੱਜਾ ਵਿਹਾਰ ਕਰਦੀ ਹੈ। ਦੂਜੇ ਪਾਸੇ ਸਹੁਰਾ ਹਰ ਪ੍ਰਕਾਰ ਦੀ ਸੁਵਿਧਾ ਨੂੰਹ ਨੂੰ ਪ੍ਰਦਾਨ ਕਰਨ ਦਾ ਯਤਨ ਕਰਦਾ ਹੈ। ਉਹ ਉਸ ਦੀ ਸੱਸ (ਆਪਣੀ ਪਤਨੀ) ਨੂੰ ਵੀ ਧੀ ਰੂਪੀ ਨੂੰਹ ਨਾਲ ਲੜਨ ਤੋਂ ਵਰਜਦਾ ਹੈ। ਨੂੰਹ ਪੁੱਤ ਦੇ ਝਗੜੇ ਨੂੰ ਸ਼ਾਂਤਮਈ ਸੁਭਾਅ ਨਾਲ ਨਜਿੱਠਣ ਵਾਲੇ ਪਾਤਰ ਦਾ ਰੋਲ ਅਦਾ ਕਰਦਾ ਹੈ। ਇਸ ਲਈ ਸੱਸ ਦੇ ਉਲਟ ਹਮੇਸ਼ਾਂ ਸਹੁਰੇ ਨੂੰ ਉਸ ਦੇ ਮੁਕਾਬਲੇ 'ਚ ਚੰਗਾ ਸਮਝਿਆ ਜਾਂਦਾ ਹੈ :

ਸੱਸ ਮਰੀ ਦੇ ਮਗਰ ਨਹੀਂ ਜਾਣਾ,
ਸਹੁਰੇ ਦਾ ਬਬਾਣ ਕੱਢਣਾ।...

ਸੱਸ ਜੀ ਨੂੰ ਮੱਥਾ ਟੇਕਣਾ, ਅੱਗੇ ਪੱਛੀਆਂ ਦੇ ਮਗਰ ਮੁਆਤਾ।
ਸਹੁਰੇ ਜੀ ਨੂੰ ਮੱਥਾ ਟੇਕਣਾ, ਅੱਗੇ ਰੱਖ ਕੇ ਫੁੱਲਾਂ ਵਾਲੀ ਖਾਰੀ।

ਜਿਵੇਂ ਪਿਓ ਧੀ ਦੇ ਰਿਸ਼ਤੇ 'ਚ ਸਿੱਧਾ ਦਖਲ ਨਹੀਂ ਇਵੇਂ ਹੀ ਨੂੰਹ ਸਹੁਰੇ ਦਾ ਰਿਸ਼ਤਾ ਹੋਣ ਕਾਰਣ ਸੱਸ ਵਾਂਗ ਸਹੁਰੇ ਤੇ ਨੂੰਹ ਵਿਚਕਾਰ ਸਿੱਧਾ ਦਵੰਦ ਨਹੀਂ ਉਪਜਦਾ। ਪਰ "ਨੂੰਹ ਨੂੰ ਸਹੁਰੇ ਤੋਂ ਘੁੰਡ ਕੱਢਣਾ ਤੇ ਸੰਕੋਚ ਵਿਚ ਰਹਿਣਾ ਪੈਂਦਾ ਹੈ ਜਿਸ ਕਰਕੇ ਉਸ ਦੀ ਅੱਲੜ ਤੇ ਅਲਬੇਲੀ ਜਵਾਨੀ ਖੁੱਲ੍ਹ ਕੇ ਮੱਚ ਨਹੀਂ ਸਕਦੀ"।[35] ਸਹੁਰੇ ਦੇ ਹੁੰਦਿਆਂ ਉਹ ਕਿਸੇ ਨਾਲ ਖੁੱਲ੍ਹ ਕੇ ਗੱਲ ਨਹੀਂ ਕਰਦੀ। ਜਦੋਂ ਵੀ ਸਹੁਰਾ ਘਰ ਆਉਂਦਾ ਹੈ ਤਾਂ ਉਹ ਆਉਣ ਦਾ ਸੰਕੇਤ ਕਰਕੇ ਆਉਂਦਾ ਹੈ। ਪਰ ਜਦੋਂ ਸਹੁਰਾ ਅਨਭੋਲ ਹੀ ਜਾਂ ਕਿਸੇ ਵਜਾਹ ਕਾਰਣ ਘਰ ਆਉਣ ਦਾ ਸੰਕੇਤ ਨਹੀਂ ਦਿੰਦਾ ਤਾਂ ਉਸ ਨੂੰ ਵਿਅੰਗ ਜਾਂ ਹਾਸੇ ਮਖੌਲ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ :

ਵੇਹੜੇ ਵੜਦਾ ਖਬਰ ਨਹੀਂ ਕਰਦਾ
ਬਾਪੂ ਗਲ੍ਹ ਟੱਲ ਪਾ ਦਿਉ।

ਨੂੰਹ ਸਹੁਰੇ ਨਾਲ ਹਮੇਸ਼ਾਂ ਬੋਲਣ ਤੋਂ ਕੰਨੀਂ ਕਤਰਾਉਂਦੀ ਹੈ ਜੇਕਰ ਕਿਧਰੇ ਗੱਲ ਕਥ ਕਰਨੀ ਪੈ ਵੀ ਜਾਵੇ ਤਾਂ ਵੀ ਉਹ ਦੋ ਲਫਜ਼ਾਂ ਤੱਕ ਹੀ ਸੀਮਿਤ ਹੁੰਦੀ ਹੈ। ਉਹ ਤਾਂ ਸਹੁਰੇ ਦੇ ਬੁਲਾਉਣ ਤੇ ਵੀ ਸੰਗ ਮਹਿਸੂਸ ਕਰਦੀ ਹੈ :

ਜੇਠ ਬੁਲਵੇ ਕਦੇ ਨਾ ਬੋਲਾਂ, ਸਹੁਰਾ ਬੁਲਾਵੇ ਤੇ ਸੰਗਾਂ।

ਪੱਛਮੀ ਸਭਿਆਚਾਰਾਂ ਤੇ ਉਦਯੋਗੀਕਰਣ ਦੇ ਪ੍ਰਭਾਵ ਹੇਠ ਆ ਕੇ ਘੁੰਡ ਦੀ ਪ੍ਰਥਾ ਘਟਦੀ ਜਾ ਰਹੀ ਹੈ। ਵੇਟਕ ਨੇ ਇਸ ਨੂੰ ਸਿਖਿਆ ਪ੍ਰਾਪਤ ਤੇ ਅਨਪੜ੍ਹ ਜਨਾਨੀਆਂ ਤੇ ਲਾਗੂ ਕਰਕੇ ਇਹ ਗੱਲ ਕਹੀ ਹੈ ਕਿ "ਪੜ੍ਹੀ ਲਿਖੀ ਲੜਕੀ ਪਰਦਾ ਨਾ ਕਰੇ ਤਦ ਵੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਠੀਕ ਹੈ ਕਿਉਂਕਿ ਉਹ ਯੋਗ ਵਿਹਾਰ ਜਾਣਦੀ ਹੈ। ਦੂਜੇ ਪਾਸੇ ਅਨਪੜ੍ਹ ਔਰਤ ਜੇਕਰ ਪਰਦਾ ਨਹੀਂ ਕਰੇਗੀ ਤਾਂ ਇਕ ਸਮਾਂ ਅਜਿਹਾ ਆਵੇਗਾ ਜਦ ਉਸ ਨੂੰ ਸਹੁਰੇ ਘਰ ਵਿਚ ਕੁਝ ਵੀ ਚੰਗਾ ਨਹੀਂ ਲੱਗੇਗਾ ਅਤੇ ਉਹ ਬਰਾਬਰ ਬੋਲਣਾ ਸ਼ੁਰੂ ਕਰ ਦਏਗੀ। ਇਸ ਲਈ ਬਹੁਤ ਸਾਰੀਆਂ ਲੜਕੀਆਂ ਲਈ ਜ਼ਰੂਰੀ ਹੈ ਕਿ ਉਹ ਪਰਦਾ ਕਰਨ। ਇਸ ਨਾਲ ਵੇਖਣ ਬੋਲਣ ਦੇ ਮੌਕੇ ਘਟ ਜਾਣਗੇ ਅਤੇ ਮੁਸੀਬਤਾਂ ਖੜੀਆਂ ਨਹੀਂ ਹੋਣਗੀਆਂ''।[36] ਪਰ ਇਹ ਗੱਲ ਔਰਤ ਦੀ ਗੁਲਾਮੀ ਤੋਂ ਅਗਾਂਹ ਨਹੀਂ ਜਾਂਦੀ। ਪਰਦਾ ਔਰਤ ਦੀ ਸ਼ਾਨ ਸਮਝਿਆ ਜਾਂਦਾ ਰਿਹਾ ਹੈ। ਸਹੁਰੇ ਕੋਲੋਂ ਪਰਦਾ ਕਰਨਾ ਉਸ ਸਾਹਵੇਂ ਸਾਊਪੁਣੇ ਦਾ ਇਜ਼ਹਾਰ ਕਰਨਾ ਹੈ। ਨਾਲੇ ਇਹ ਇਸ ਲਈ ਵੀ ਜ਼ਰੂਰੀ ਹੈ ਕਿ ਸਹੁਰੇ ਤੇ ਨੂੰਹ ਵਿਚਕਾਰ ਇਕ ਵਿੱਥ ਬਣੀ ਰਹੇ। ਕਿਉਂਕਿ ਵਿੱਥ ਨਾਲ ਰਿਸ਼ਤਾ ਜ਼ਿਆਦਾ ਆਦਰ ਭਰਪੂਰ ਹੁੰਦਾ ਹੈ।

ਸਹੁਰੇ ਦਾ ਰਿਸ਼ਤਾ ਤਾਂ ਬਹੁਤ ਪਵਿੱਤਰ ਹੈ ਪਰ ਲੋਕ ਗੀਤਾਂ ਵਿਚ ਇਸ ਰਿਸ਼ਤੇ ਦੀ ਪੇਸ਼ਕਾਰੀ ਵਿਅੰਗਮਈ ਲਹਿਜੇ ਵਿਚ ਹੀ ਰੂਪਮਾਨ ਹੁੰਦੀ ਹੈ। ਸਹੁਰੇ ਨੂੰ ਕਿਤੇ ਵਪਾਰ ਵਿਚ ਹੀ ਘਾਟਾ ਪੈ ਗਿਆ ਤਾਂ ਨੂੰਹਾਂ ਨੇ ਗੀਤ ਦੀ ਸਿਰਜਣਾ ਕਰ ਲਈ :

ਸਹੁਰਾ ਸਾਡਾ ਵਣਜ ਕਰੇ, ਟਿੱਡੀਆਂ ਦੀ ਹੇੜ ਲਿਆਇਆ।
ਇਕ ਟਿੱਡੀ ਮਰ ਵੀ ਗਈ, ਨੌਂ ਸੌ ਦਾ ਘਾਟਾ ਪਾਇਆ।
ਸਹੁਰਾ ਸਾਡਾ ਵਣਜ ਕਰੇ, ਮੱਖੀਆਂ ਦੀ ਹੇੜ ਲਿਆਇਆ।
ਇਕ ਮੱਖੀ ਮਰ ਵੀ ਗਈ, ਨੌਂ ਸੌ ਦਾ ਘਾਟਾ ਪਾਇਆ।

ਜਵਾਨ ਸਹੁਰੇ ਨੂੰ ਵਿਅੰਗਾਤਮਕ ਬੋਲਾਂ ਰਾਹੀਂ 'ਅੱਠ ਫੁੱਟ ਲੰਮਾ ਦੱਸ ਕੇ' ਬਿਜਲੀ ਦੇ ਖੰਭੇ ਨਾਲ ਤੁਲਨਾਇਆ ਗਿਆ ਹੈ। ਸਹੁਰਾ ਬੜਾ ਜ਼ਿੰਮੇਵਾਰ ਪੁਰਸ਼ ਹੁੰਦਾ ਹੈ ਇਸ ਲਈ ਜਿਥੇ ਕਿਤੇ ਕਸਰ ਲੱਗਦੀ ਹੋਵੇ ਉਹਦਾ ਉਸ ਨੂੰ ਨਿਹੋਰਾ ਝੱਲਣਾ ਪੈਂਦਾ ਹੈ।[37] ਵਿਆਹ ਸਮੇਂ ਕਿਸੇ ਚੀਜ਼ ਦੀ ਘਾਟ ਹੋਵੇ ਤਾਂ ਨੂੰਹ ਨਿਹੋਰੇ ਨਾਲ ਉਸ ਨੂੰ ਅਹਿਸਾਸ ਕਰਵਾਉਂਦੀ ਹੈ :

ਚੁੱਪ ਕੀਤੜਿਆ, ਮੂੰਹ ਮੀਟੜਿਆ,
ਤੈਂ ਵਰੀ ਪੁਰਾਣੀ ਆਂਦੀ ਵੇ ਚੁੱਪ ਕੀਤੜਿਆ।

ਜੇਕਰ ਜੰਞ ਘਟ ਜਾਂ ਬਣ ਠਣਕੇ ਨਾ ਆਵੇ ਤਾਂ ਵੀ ਸਹੁਰੇ ਨੂੰ ਕਸੂਰਵਾਰ ਟਹਿਰਾਇਆ ਗਿਆ ਹੈ :

ਨੌਂ ਸੌ ਵੀਹ ਅਸਾਂ ਕਿੱਲਾ ਠੁਕਾਇਆ।
ਇਕ ਵੀ ਘੋੜਾ ਨਾਲ ਨਾ ਆਇਆ।
ਕਿੱਲੇ ਪੁਟਾਉਣੇ ਪਏ ਵੇ ਮੂੰਹ ਮੀਟੜਿਆ।
ਪੈਦਲ ਤੁਰਦਾ ਆਇਉਂ ਵੇ ਚੁੱਪ ਕੀਤੜਿਆ।...



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਤੇ ਘੜ ਲਿਆਉਂਦਾ ਸਾਂ, ਮੈਂ ਕਰਦਾ ਸਾਂ।

ਕਿਥੋਂ ਦਿਉਗੇ ਦਾਣਾ, ਇਸ ਤੋਂ ਡਰਦਾ ਸਾਂ।

ਦੂਜੇ ਬੰਦ ਵਿਚ 'ਕਿਥੋਂ ਦਿਓਗੇ ਦਾਣਾ' ਤੋਂ ਹੀ ਸਹੁਰੇ ਦਾ ਸਾਰਾ ਕਿਰਦਾਰ ਪ੍ਰਤੱਖ ਰੂਪ 'ਚ ਉਘੜਦਾ ਹੈ, ਉਸ ਨੂੰ ਕੁੜਮਾਂ ਦੀ ਰਹਿ ਰੱਖਣੀ ਆਉਂਦੀ ਹੈ। ਸਹੁਰਾ ਮਰਦ ਜ਼ਾਤੀ ਨਾਲ ਸੰਬੰਧਿਤ ਹੋਣ ਕਰਕੇ ਮਿਹਣਾ ਮਾਰਨੋਂ ਨਹੀਂ ਰਹਿ ਸਕਦਾ ਤੇ ਨੂੰਹ ਉਸ ਦੇ ਆਚਰਣ ਦਾ ਇਹ ਪੱਖ ਇਉਂ ਬਿਆਨਦੀ ਹੈ :

ਹੋਰ ਤਾਂ ਮਾਪਿਆਂ ਸਭ ਕੁਛ ਦਿੱਤਾ,
ਇਕ ਨਾ ਦਿੱਤੀ ਕੜਾਹੀ।
ਸਹੁਰੇ ਕੰਜਰ ਨੇ ਠਾਣੇ ਗੱਲ ਪਹੁੰਚਾਈ।

ਠਾਣੇ ਪਹੁੰਚਾਣ ਵਾਲੀ ਗੱਲ ਇੰਨੀ ਮੁਮਕਿਨ ਨਹੀਂ ਜਿੰਨੀ ਕਿ ਨੂੰਹ ਰਾਣੀ ਭਾਵੁਕ ਹੋਈ ਕਹਿ ਰਹੀ ਹੈ। ਸਾਂਸਕ੍ਰਿਤਿਕ ਜੀਵਨ ਵਿਚ ਸਹੁਰੇ ਨੂੰ ਕੰਜਰ ਕਹਿਣ ਦੀ ਜੁਰੱਅਤ ਨੂੰਹ ਕਦੇ ਵੀ ਨਹੀਂ ਕਰ ਸਕਦੀ ਪਰ ਲੋਕ ਗੀਤ ਵਿਚ ਗੱਲ ਔਰਤ ਦਿਲ ਦੇ ਜਜ਼ਬੇ ਨੂੰ ਪ੍ਰਚਲਿਤ ਸਾਂਸਕ੍ਰਿਤਿਕ ਮੁੱਲਾਂ ਤਕ ਸੀਮਿਤ ਨਹੀਂ ਰੱਖਦੀ, ਉਹ ਤਾਂ ਦਿਲ ਦੇ ਗਰੁੱਬ ਕੱਢਦੀ ਹੈ ਗੀਤਾਂ ਰਾਹੀਂ।

ਜਿਵੇਂ ਕਿ ਅਸੀਂ ਉਪਰ ਵਰਣਨ ਕਰ ਆਏ ਹਾਂ ਕਿ ਸਹੁਰੇ ਦਾ ਤੇ ਘੁੰਡ ਦਾ ਨਿਕਟੀ ਸੰਬੰਧ ਹੈ। ਨੂੰਹ ਨੂੰ ਸ਼ਰਮ 'ਚ ਰਹਿਣਾ ਪੈਂਦਾ ਹੈ। ਭਾਵੇਂ ਵਾਰਿਸ ਸ਼ਾਹ ਨੇ 'ਘੁੰਡ ਵਿਚ ਬਹੁਤ ਖਰਾਬੀਆਂ ਨੇ' ਦੀ ਗੱਲ ਕਹਿ ਕੇ ਇਸ ਨੂੰ 'ਸਾੜਨ' ਦੀ ਗੱਲ ਕਹੀ ਹੈ ਪਰ ਪੰਜਾਬੀ ਸਭਿਆਚਾਰ ਦੇ ਪਰਿਪੇਖ ਵਿਚ ਘੁੰਡ ਦੀ ਪ੍ਰਥਾ ਖਤਮ ਨਹੀਂ ਹੋਈ। ਘਰੇਲੂ ਪਰਿਸਥਿਤੀਆਂ ਅਧੀਨ ਜਦ ਕਦੇ ਸਹੁਰਾ ਨੂੰਹ ਨੂੰ ਪੇਕੇ ਘਰੋਂ ਲੈਣ ਜਾਂਦਾ ਹੈ ਤਾਂ ਉਹ ਖੁੱਲ੍ਹ ਕੇ ਗੱਲ ਨਾ ਕਰ ਸਕਣ ਦੇ ਦੁੱਖੋਂ, ਬੋਲਣ ਦੇ ਦੁੱਖੋਂ ਅਤੇ ਮੂੰਹ ਨੰਗਾ ਰੱਖ ਕੇ ਤੁਰਨ ਦੇ ਦੁੱਖੋਂ ਸਹੁਰੇ ਨਾਲ ਜਾਣ ਲਈ ਤਿਆਰ ਨਹੀਂ ਹੁੰਦੀ :

ਸਹੁਰੇ ਨਾਲ ਸਾਡੀ ਜਾਂਦੀ ਏ ਬਲਾ,
ਕੁੰਡਾ ਖੋਹਲਿਆ ਨਾ ਜਾਏ,
ਮੁੱਖੋਂ ਬੋਲਿਆ ਨਾ ਜਾਏ,
ਘੁੰਡ ਚੁੱਕਿਆ ਨਾ ਜਾਏ,
ਘੁੰਡ ਕੱਢਿਆ ਨਾ ਜਾਏ।
ਨਹੀਂ ਜਾਣਾ ਨਹੀਂ ਜਾਣਾ ਮੇਰੀ ਮਾਂ
ਮੈਂ ਇਹਦੇ ਨਾਲ ਨਹੀਂ ਜਾਣਾ।

ਜਿਥੇ ਪਹਿਲਾਂ ਘੁੰਡ ਨੂੰ ਔਰਤ ਦੀ ਇੱਜ਼ਤ ਤੇ ਹਯਾ ਦਾ ਪ੍ਰਤੀਕ ਮੰਨਿਆ ਜਾਂਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ, ਉਥੇ ਪੱਛਮੀ ਪ੍ਰਭਾਵਾਂ ਅਧੀਨ 'ਘੁੰਡ ਕੱਢਣਾ ਤਵੀਤ ਨੰਗਾ ਰੱਖਣਾ ਛਾੜਿਆਂ ਦੀ ਹਿੱਕ ਲੂਹਣ ਨੂੰ' ਦੇ ਸੰਕਲਪ ਅਨੁਸਾਰ ਮਨਚਲੀਆਂ ਮੁਟਿਆਰਾਂ ਨੇ ਘੁੰਡ ਦੀ ਵਰਤੋਂ ਅੱਧ-ਪਚੱਧ ਰੂਪ 'ਚ ਕਰਨੀ ਸ਼ੁਰੂ ਕਰ ਦਿੱਤੀ :

ਨੰਗਾ ਰੱਖਦੀ ਕਲਿੱਪ ਵਾਲਾ ਪਾਸਾ,
ਸਹੁਰੇ ਕੋਲੋਂ ਘੁੰਡ ਕੱਢਦੀ ।

ਨਵੇਂ ਪ੍ਰਭਾਵਾਂ ਅਧੀਨ ਘੁੰਡ ਦੀ ਅਲਖ ਮੁਕਾਉਣ ਦੀ ਗੱਲ ਵੀ ਕੀਤੀ ਜਾ ਰਹੀ ਹੈ ਜਿਥੇ ਇਹ ਖੁਲ੍ਹ ਨਹੀਂ ਮਿਲਦੀ ਉਥੇ ਨੂੰਹ ਅਚੇਤ ਤੌਰ ਤੇ ਹੀ ਬਗਾਵਤੀ ਰਵੱਈਆ ਅਪਨਾਉਣ ਦੀ ਸੁਰ ਉਚਾਰਦੀ ਹੈ :

ਕੋਰੀ ਕੋਰੀ ਕੂੰਡੀ ਵਿਚ ਮਿਰਚਾਂ ਮੈਂ ਘੋਟਨੀਆਂ ।
ਸਹੁਰੇ ਦੀਆਂ ਅੱਖਾਂ ਵਿਚ ਪਾ ਦੇਨੀ ਆਂ ।
ਘੁੰਡ ਕੱਢਣੇ ਦੀ ਅਲਖ ਮੁਕਾ ਦੇਨੀ ਆਂ ।

ਇਸ ਤਰ੍ਹਾਂ ਨੂੰਹ ਸਹੁਰੇ ਦੇ ਰਿਸ਼ਤੇ ਨੂੰ ਜਦੋਂ ਅਸੀਂ ਲੋਕਗੀਤਕ ਸੰਦਰਭ ਵਿਚ ਵਿਚਾਰਗੋਚਰਾ ਕਰਦੇ ਹਾਂ ਤਾਂ ਇਸ ਵਿਚ ਪਿਉ ਧੀ ਦੇ ਬਦਲੇ ਹੋਏ ਰਿਸ਼ਤੇ ਵਾਲੀ ਕੋਈ ਗੱਲ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਇਥੇ ਤਾਂ ਨੂੰਹ ਆਪਣੇ ਸਹੁਰੇ ਨੂੰ ਹਮੇਸ਼ਾਂ ਓਪਰੀ ਤੇ ਵਿਅੰਗਾਤਮਕ ਦ੍ਰਿਸ਼ਟੀ ਨਾਲ ਹੀ ਵੇਖਦੀ ਹੈ। ਸਾਂਸਕ੍ਰਿਤਿਕ ਪਰਿਪੇਖ ਵਿਚ ਇਹ ਰਿਸ਼ਤਾ ਬਹੁਤ ਪਵਿੱਤਰ ਹੈ, ਅਤੇ ਪਿਉ ਧੀ ਦੇ ਰਿਸ਼ਤੇ ਦਾ ਬਦਲਿਆ ਹੋਇਆ ਹੀ ਰੂਪ ਹੈ। ਜਿੱਥੇ ਪਿਉ ਧੀ ਦਾ ਰਿਸ਼ਤਾ ਸੰਕੋਚ ਰਹਿਤ ਹੁੰਦਾ ਹੈ ਉਥੇ ਨੂੰਹ ਸਹੁਰੇ ਦਾ ਰਿਸ਼ਤਾ ਸੰਕੋਚ ਵਾਲਾ ਹੁੰਦਾ ਹੈ। ਦੋਵੇਂ ਆਪੋ ਆਪਣੀ ਇੱਜ਼ਤ ਤੇ ਪਦਵੀ ਨੂੰ ਧਿਆਨ ਗੋਚਰੇ ਰੱਖਕੇ ਹੀ ਸਾਧਾਰਣ ਜੀਵਨ ਵਿਚ ਵਿਚਰਦੇ ਹਨ, ਕੋਈ ਵੀ ਧਿਰ ਪੂਰੀ ਤਰ੍ਹਾਂ ਖੁਲ੍ਹ ਨਹੀਂ ਲੈ ਸਕਦੀ। ਲੋਕ ਗੀਤਾਂ ਵਿਚ ਇਸ ਰਿਸ਼ਤੇ ਦਾ ਸਿਰਫ਼ ਘੁੰਡ ਵਾਲਾ ਪੱਖ ਹੀ ਪ੍ਰਮੁੱਖ ਰੂਪ 'ਚ ਬਿਆਨਿਆ ਗਿਆ ਹੈ, ਪਰ ਇਹ ਘੁੰਡ ਤੱਕ ਹੀ ਸੀਮਿਤ ਨਹੀਂ, ਘੁੰਡ ਤਾਂ ਹਯਾ ਦਾ ਚਿੰਨ੍ਹ ਹੈ। ਇਹ ਜ਼ਿੰਮੇਵਾਰੀਆਂ ਦਾ ਰਿਸ਼ਤਾ ਹੈ ਜੋ ਸਨੇਹ ਭਰਪੂਰ ਹੋ ਕੇ ਵੀ ਅਹਿਸਾਸਾਂ ਨੂੰ ਤਿਆਗਦਾ ਨਹੀਂ ।

## ਨਣਾਨ-ਭਰਜਾਈ ਦਾ ਰਿਸ਼ਤਾ

"ਨਣਾਨ ਦਾ ਸੰਸਕ੍ਰਿਤ ਵਿਚ ਅਰਥ ਹੈ ਜੋ ਸੇਵਾ ਕਰਨ ਤੇ ਵੀ ਖੁਸ਼ ਨਾ ਹੋਵੇ' ।[38] ਨਣਾਨ ਪਤੀ ਦੀ ਭੈਣ ਲਈ ਸੰਬੋਧਿਤ ਸ਼ਬਦ ਹੈ। ਨਣਾਨ ਬਚਪਨ ਤੋਂ ਹੀ ਮਾਪਿਆਂ ਦੇ ਘਰ ਪਲੀ ਹੋਣ ਕਰਕੇ ਅਤੇ ਨੂੰਹ ਦਾ ਜਵਾਨੀ ਵੇਲੇ ਹੀ ਘਰ 'ਚ ਪ੍ਰਵੇਸ਼ ਇਕ ਅਜਿਹਾ ਪਾੜਾ ਹੈ ਜਿਸ ਨੂੰ ਪੂਰਿਆ ਨਹੀਂ ਜਾ ਸਕਦਾ। ਨੂੰਹ ਲਈ ਇਹ ਬਿਗਾਨਾ ਘਰ ਆਪਣਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣ ਜਾਂਦਾ ਹੈ ਤੇ ਨਣਾਨ ਲਈ ਜਵਾਨ ਹੋਣ ਤੇ ਓਪਰਾ। ਉਮਰ ਦਾ ਪਹਿਲਾ ਹਿੱਸਾ ਨਣਾਣ ਮਾਪੇ ਘਰ ਕੱਟਦੀ ਹੈ ਤੇ ਉਮਰ ਦਾ ਅਖੀਰਲਾ ਹਿੱਸਾ ਨੂੰਹ। ਨੂੰਹ ਕਿਉਂਕਿ ਨਣਾਨ ਦੀ ਪਦਵੀ ਹਾਸਿਲ ਕਰਦੀ ਹੈ ਇਸ ਕਰਕੇ ਇਸ ਰਿਸ਼ਤੇ ਵਿਚ ਤਣਾਉ ਹੀ ਸਿਰਜਿਆ ਮਿਲਦਾ ਹੈ। ਡੇਵਿਸ. ਜੀ. ਮੈਂਡਿਲ ਵੀ ਇਹ ਮੰਨਦਾ ਹੈ ਕਿ ਨੂੰਹ ਦੇ ਦੂਜੇ ਪਿੰਡੋਂ ਆਉਣ ਕਾਰਨ ਉਹ ਨਣਾਨ ਪ੍ਰਤਿ ਕੋਈ ਵਿਸ਼ੇਸ਼ ਵਫਾਦਾਰੀ ਅਤੇ ਸਨੇਹ ਨਹੀਂ ਦਿਖਾਉਂਦੀ, ਨਾਲੇ ਪੈਸੇ ਇਕੋ ਪਰਸ ਤੋਂ ਆਉਣ ਕਾਰਣ ਇਸਤਰੀ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ। ਇਹੀ ਕਾਰਣ ਰੋਜ਼ਾਨਾ ਜ਼ਿੰਦਗੀ ਵਿਚ ਤਨਾਉ ਦਾ ਸੋਮਾ ਬਣਦੇ ਹਨ।[39] ਭਾਵੇਂ 'ਨਣਦ ਤੇ ਭਾਬੋ ਰਲ ਬੈਠੀਆਂ' ਜਿਹਾ ਪਿਆਰ ਭਰਿਆ ਲੋਕ ਗੀਤ ਵੀ ਮਿਲਦਾ ਹੈ, ਪਰ ਅਕਸਰ ਨਣਾਨ ਭਾਬੀ ਦੀ ਵੀ ਘੱਟ ਹੀ ਬਣ ਆਉਂਦੀ ਹੈ।[40] ਇਹ ਰਿਸ਼ਤਾ ਤਣਉ-ਗ੍ਰਸਤ ਹੈ। ਡੀ. ਸੀ. ਦੁਬੇ ਨੇ ਵੀ ਇਸ ਰਿਸ਼ਤੇ ਨੂੰ ਵਿਰੋਧ ਵਾਲਾ ਰਿਸ਼ਤਾ ਹੀ ਕਿਹਾ ਹੈ।[41] ਸੱਸ ਤੇ ਨੂੰਹ ਵਿਚਕਾਰ ਤਾਂ ਵਿਰੋਧ ਚਲਦਾ ਹੀ ਰਹਿੰਦਾ ਹੈ ਇਸ ਕਰਕੇ ਧੀ/ਨਣਾਨ ਨੂੰ ਇਕ ਦਾ ਪੱਖ ਪੂਰਨਾ ਹੀ ਪੈਂਦਾ ਹੈ ਜੋ ਉਹ ਹਮੇਸ਼ਾਂ ਮਾਂ ਦਾ ਹੀ ਪੂਰਦੀ ਹੈ ਤੇ ਫਿਰ ਝਗੜੇ ਖੰਭਾਂ ਦੀਆਂ ਡਾਰਾਂ ਬਣ ਜਾਂਦੇ ਹਨ। ਭਰਜਾਈ ਜਿਵੇਂ ਸਹੁਰੇ ਘਰ ਆਈ ਹੈ ਇਵੇਂ ਹੀ ਨਣਾਨ ਨੇ ਵੀ ਸਹੁਰੇ ਘਰ ਜਾਣਾ ਹੈ। ਦੋਹਾਂ ਦੀ ਸਮਾਜਕ ਪਦਵੀ ਵਿਚ ਵਿਰੋਧ ਹੈ। ਇਹ ਵਿਰੋਧ ਹੀ ਰਿਸ਼ਤੇ ਦੇ ਤਣੇ ਹੋਣ ਦਾ ਕਾਰਣ ਬਣਦਾ ਹੈ। ਸਵਾਰਥ ਵੇਲੇ ਭਾਵੇਂ ਨਣਾਨ ਭਰਜਾਈ ਦਾ ਪੱਖ ਪੂਰ ਜਾਵੇ ਪਰ ਆਮ ਹਾਲਤਾਂ 'ਚ ਨਹੀਂ। ਸਾਡੇ ਕਿੱਸਾ ਸਾਹਿਤ ਵਿਚ ਸਹਿਤੀ ਹੀਰ ਦੀ ਹਮਦਰਦਣ ਹੈ, ਕਿਉਂਕਿ ਉਹਦਾ ਸਵਾਰਥ ਵੀ ਇਸੇ ਕਿਸਮ ਦਾ ਹੈ ਤੇ ਇਹ ਸਵਾਰਥ ਉਹ ਹੀਰ ਰਾਹੀਂ ਹੀ ਪੂਰਾ ਕਰ ਸਕਦੀ ਹੈ। ਦੂਜੇ ਪਾਸੇ ਸੋਹਣੀ ਦੀ ਨਣਾਨ ਦਾ ਕੋਈ ਸਵਾਰਥ ਨਹੀਂ, ਉਹ ਨਣਾਨਾਂ ਵਾਲੀ ਭੂਮਿਕਾ ਨਿਭਾਉਂਦੀ ਹੈ, ਆਪਣੀ ਕੁਲ ਦੀ ਲਾਜ ਰੱਖਣ ਲਈ, ਸੋਹਣੀ ਭਾਵੇਂ ਡੁੱਬ ਕੇ ਮਰ ਜਾਵੇ।

ਲੋਕ ਗੀਤਾਂ ਵਿਚ ਭਰਜਾਈ ਹੀ ਨਣਾਨ ਨੂੰ ਆਪਣੇ ਬਿਆਨ ਦਾਗਦੀ ਹੈ ਜਿਸ ਤੋਂ ਦੋਹਾਂ ਦੇ ਰਿਸ਼ਤੇ ਬਾਬਤ ਜਾਣਕਾਰੀ ਮਿਲਦੀ ਹੈ। ਸੱਸ ਦੀਆਂ ਕੁੜੀਆਂ ਦੀ ਬਹੁਗਿਣਤੀ ਉਸ ਨੂੰ ਇਸ ਕਾਰਣ ਨਹੀਂ ਅੱਖਰਦੀ ਕਿ ਉਨ੍ਹਾਂ ਨੂੰ ਮੱਥਾ ਟੇਕਦਿਆਂ ਜ਼ਿਆਦਾ ਸਮਾਂ ਬੀਤ ਜਾਣਾ ਹੈ, ਇਹ ਤਾਂ ਇਕ ਸਮਾਜਕ ਜ਼ਿੰਮੇਵਾਰੀ ਹੈ ਜੋ ਉਸ ਨੂੰ ਥੋੜੀਆਂ ਬਹੁਤੀਆਂ ਹੋਣ ਤੇ ਨਿਭਾਉਣੀ ਹੀ ਪੈਣੀ ਹੈ, ਦਰਅਸਲ ਇਸ ਪਿੱਛੇ ਨਣਾਨਾਂ ਦੀ ਈਰਖਾ ਦੀ ਅਭਿਧਾਰਣਾ ਨਿਹਿਤ ਹੈ, ਗੀਤ ਤਾਂ ਇਕ ਸੂਖਮ ਇਸ਼ਾਰਾ ਹੈ :

ਸੱਸ ਦੇ ਸਤਾਰਾਂ ਕੁੜੀਆਂ,
ਮੱਥਾ ਟੇਕਦੀ ਨੂੰ ਵੱਜ ਜਾਂਦੇ ਬਾਰਾਂ।

ਮਾਪਿਆਂ ਕੋਲ ਨਿੰਦਿਆ ਚੁਗਲੀ ਨਣਾਨ ਦਾ ਪਰਮ-ਧਰਮ ਹੈ ਭਾਵੇਂ ਭਾਬੋ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੱਖਵਾਰੀ ਕਹੇ ਕਿ 'ਨਣਾਨੇ ਮੋਰਨੀਏਂ ਘਰ ਜਾ ਕੇ ਨਾ ਦੱਸੀ' ਪਰ ਨਣਾਨ ਦਾ ਤਾਂ ਸਮਾਜਕ ਰੁਤਬਾ ਹੀ ਅਜਿਹਾ ਹੈ। ਭਰਜਾਈ ਖਿੱਝ ਕੇ ਉਸ ਦੀ ਕਰਤੂਤ ਨੂੰ ਆਪਣੀ ਜ਼ਿੰਦਗੀ ਦੀ ਤਬਾਹੀ ਦੱਸਦੀ ਹੈ :

ਨੀ ਮੈਂ ਤੇਰੀਆਂ ਗੱਲਾਂ ਨੇ ਮਾਰੀ,
ਨਣਦੇ ਸੱਪ ਰੰਗੀਏ।

ਮਾਂ ਪਿਓ ਤੋਂ ਇਲਾਵਾ ਜਿਥੇ ਨਣਦਾਂ ਦੀ ਕਾਰ-ਮੁਖਤਾਰੀ ਹੋਵੇ ਉਹ ਘਰ ਨਾ ਵੱਸਣ ਦਾ ਇਜ਼ਹਾਰ ਭਰਜਾਈ ਇਉਂ ਕਰਦੀ ਹੈ :

ਜਿਥੇ ਨਣਦਾਂ ਦੀ ਸਰਦਾਰੀ
ਉਹ ਘਰ ਨਹੀਂ ਵੱਸਦੇ।

ਇਹ ਗੀਤ ਵੇਖਣ ਯੋਗ ਹੈ :

ਰਤਾ ਚੱਕ ਲੈ ਭੈੜੀਏ ਨਣਦੇ,
ਮੁੰਡਾ ਰੋਵੇ ਤੇਰੇ ਵੀਰ ਦਾ।

'ਤੇਰੇ ਵੀਰ ਦਾ' ਤੇ ਬਹੁਤ ਜ਼ਿਆਦਾ ਬਲ ਦਿੱਤਾ ਗਿਆ ਹੈ ਕਿਉਂਕਿ ਭਰਜਾਈ ਨੂੰ ਪਤਾ ਹੈ ਕਿ ਜਾਂ ਤਾਂ ਉਹ ਭਤੀਜੇ ਦੇ ਮੋਹ ਸਦਕਾ ਬੱਚੇ ਨੂੰ ਚੁੱਕੇਗੀ ਜਾਂ ਵੀਰ ਦੇ ਪਿਆਰ ਵਜੋਂ। ਇਸੇ ਲਈ ਉਹ ਆਪਣਾ ਨਾ ਕਹਿ ਕੇ 'ਤੇਰੇ ਵੀਰ' ਦਾ ਕਹਿੰਦੀ ਹੈ।

ਨਣਾਨ ਤੇ ਭਰਜਾਈ ਦੋਵੇਂ ਇਕ ਦੂਜੀ ਨੂੰ ਪ੍ਰਭਾਵ ਅਧੀਨ ਰੱਖਣਾ ਚਾਹੁੰਦੀਆਂ ਹਨ। ਨਣਾਨ ਦੀ ਗੁੱਤ ਵੇਖ ਕੇ ਹੀ ਭਰਜਾਈ ਨੂੰ ਸ਼ੱਕ ਹੋ ਗਿਆ ਤੇ ਚੜ੍ਹ ਮੱਚ ਉੱਠੀ :

ਕਿੱਥੋਂ ਆਈ ਏਂ ਨੀ ਨਣਦ ਬਹੇਲੇ,
ਤੂੜੀ ਨਾਲ ਗੁੱਤ ਲਿਬੜੀ।

ਪਰ ਨਣਾਨ ਵੀ ਕਿਧਰੋਂ ਘੱਟ ਹੈ, ਘੜਿਆ ਘੜਾਇਆ ਜਵਾਬ ਦੇਂਦੀ ਹੈ :

ਆਈ ਮੱਝ ਨੂੰ ਗੁਤਾਵਾ ਕਰਕੇ,
ਤੂੜੀ ਦੀ ਉਤੋਂ ਢਿੱਗ ਡਿੱਗ ਪਈ।

ਭਰਜਾਈ ਵਿਚਾਰੀ ਚੁੱਪ ਕਰ ਗਈ, ਨਣਾਨ ਦਾ ਛਾਬਾ ਫਿਰ ਉਪਰ ਹੈ। ਭਰਜਾਈ ਵੱਖਰਾ ਘਰ ਸਥਾਪਿਤ ਕਰ ਚੁੱਕੀ ਹੈ। ਜਵਾਨੀ ਕੋਠੇ ਟੱਪਦੀ ਹੈ। ਦਿਨ ਰਾਤ ਦੀ ਪ੍ਰਵਾਹ ਨਹੀਂ। ਭਰਜਾਈ ਈਰਖਾ ਵੱਸ ਅਸਿੱਧੇ ਤੌਰ ਤੇ ਉਨ੍ਹਾਂ ਦੀ ਚੋਰੀ ਜ਼ਾਹਰ ਕਰਦੀ ਹੈ :

ਮੇਰੇ ਕੋਠੇ ਤੇ ਸੜਕ ਬਣਾਈ, ਨੱਢੀਆਂ ਨਣਦਾਂ ਨੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਵ-ਵਿਆਹ ਨਣਾਨ ਇੱਜ਼ਤ ਕਰਵਾਉਣਾ ਚਾਹੁੰਦੀ ਹੈ, ਪਰ ਭਰਜਾਈ ਤਾਂ ਉਸ ਨੂੰ ਭੈਣ ਕਹਿਣ ਦੀ ਥਾਂ 'ਡੈਣ' ਹੀ ਕਹਿੰਦੀ ਹੈ, ਇੱਜ਼ਤ ਤਾਂ ਇਕ ਪਾਸੇ ਰਹੀ। ਨਣਦ ਦੁੱਖ ਦੇਣ ਦਾ ਹਰ ਹੀਲਾ ਕਰਦੀ ਹੈ। ਸ਼ਕਾਇਤਾਂ ਘਰ ਦੇ ਜੀਆਂ ਪਾਸ ਕਰਦੀ ਹੈ ਚਾਹੇ ਉਹ ਮੰਨਣ ਚਾਹੇ ਨਾ ਮੰਨਣ। ਇਹ ਲੋਕ ਗੀਤ ਸਾਰੀ ਸਥਿਤੀ ਨੂੰ ਬਿਆਨਦਾ ਹੈ :

ਪਾਰ ਤੋਂ ਦੋ ਗੂਣਾ ਆਈਆਂ, ਸੋ ਵੀ ਭਰੀਆਂ ਜੁਆਰੇ,
ਹਾਏ ਨੀ ਜਵਾਰ ਲੋੜ੍ਹੇ ਮਾਰੇ।
ਫੱਕਾ ਕੁ ਲੈ ਕੇ ਭੁਨਾ ਲੈ ਗਈਆਂ, ਪੱਲੇ ਭਰ ਲਏ ਚਾਰੇ।
ਖਿੜਕੀ ਓਹਲੇ ਚੱਬਣ ਲੱਗੀ, ਨਣਦ ਖੜੀ ਪਿਛਵਾੜੇ।
ਦੌੜੀ ਦੌੜੀ ਨਣਦੇ ਮਾਂ ਕੋਲ ਜਾਂਦੀ, ਵੇਖ ਨੂੰਹਾਂ ਦੇ ਕਾਰੇ,
ਸੁਣ ਨੀ ਧੀਏ ਮੇਰੇ ਘਰ ਦੀਏ ਧੀਏ, ਮੈਂ ਪਾਣੀ ਪੀਤਾ ਵਾਰੇ।
ਦੌੜੀ ਦੌੜੀ ਨਣਦੇ ਪਿਓ ਕੋਲ ਜਾਂਦੀ, ਵੇਖ ਭਾਬੋ ਦੇ ਕਾਰੇ,
ਸੁਣ ਨੀ ਧੀਏ ਮੇਰੇ ਘਰ ਦੀਏ ਧੀਏ, ਮੈਂ ਮੋਹਰਾਂ ਵਾਰੀਆਂ ਚਾਰੇ।
ਦੌੜੀ ਦੌੜੀ ਨਣਦੇ ਵੱਡੇ ਵੀਰ ਕੋਲ ਜਾਂਦੀ, ਵੇਖ ਭਾਬੋ ਦੇ ਕਾਰੇ,
ਸੁਣ ਨੀ ਭੈਣੇ ਮੇਰੇ ਘਰ ਦੀ ਭੈਣੇ, ਮੈਂ ਜੰਞ ਖੜੀ ਸ਼ਿੰਗਾਰੇ।
ਦੌੜੀ ਦੌੜੀ ਨਣਦੇ ਭਾਬੋ ਕੋਲ ਜਾਂਦੀ, ਵੇਖ ਦਰਾਣੀ ਦੇ ਕਾਰੇ,
ਸੁਣ ਨੀ ਬੀਬੀ ਘਰ ਦੀ ਬੀਬੀ, ਮੈਂ ਮੰਗਲ ਗਾਏ ਚਾਰੇ।
ਦੌੜੀ ਦੌੜੀ ਨਣਦੇ ਵੀਰ ਕੋਲ ਜਾਂਦੀ, ਵੇਖ ਨਾਰ ਦੇ ਕਾਰੇ,
ਸੁਣ ਨੀ ਭੈਣੇ ਮੇਰੇ ਘਰ ਦੀਏ ਭੈਣੇ, ਮੈਂ ਲਾਵਾਂ ਲਈਆਂ ਚਾਰੇ।

ਨਣਦ ਵਸਦੇ ਰਸਦੇ ਆਲ੍ਹਣੇ ਵਿਚ ਇਕ ਚਿਣਗ ਰੱਖਣਾ ਚਾਹੁੰਦੀ ਹੈ ਪਰ ਉਹਦੀ ਲਾਈ ਲੱਗਦੀ ਨਹੀਂ।[42] ਭਰਜਾਈ ਤਾਂ ਵੱਧ ਤੋਂ ਵੱਧ ਬਦਲਾ ਲਊ ਭਾਵਨਾ ਅਧੀਨ ਉਸਦੇ ਅਗਲੇ ਘਰ ਦੀ ਤਮੰਨਾ ਹੀ ਕਰ ਸਕਦੀ ਹੈ ਜਿਥੇ ਉਸ ਨਾਲ ਵੀ ਅਜੇਹਾ ਹੀ ਸਲੂਕ ਹੋਵੇ ਜਿਸ ਤਰ੍ਹਾਂ ਉਹ ਆਪਣੀ ਭਰਜਾਈ ਨਾਲ ਕਰਦੀ ਹੈ :

ਦੁੱਖ ਦੇਨੀਏਂ ਹੋਣੀਏਂ ਨਣਦੇ,
ਅੱਗੇ ਤੇਰੇ ਆਉਣਗੀਆਂ।

ਭਰਜਾਈ ਦੇ ਸਬਰ ਦਾ ਪਿਆਲਾ ਛਲਕਦਾ ਹੈ ਤੇ ਉਹ ਜਲਦੀ ਤੋਂ ਜਲਦੀ ਨਣਦ ਦੇ ਸਹੁਰੇ ਜਾਣ ਦੀ ਤਮੰਨਾ ਕਰਦੀ ਹੈ :

ਚਾਂਦੀ ਚਾਂਦੀ ਚਾਂਦੀ,
ਬੀਬੀ ਨਣਦੇ ਨੀ ਸਹੁਰੇ ਕਿਉਂ ਨਹੀਂ ਜਾਂਦੀ।

ਅੱਗੋਂ ਨਣਦ ਇਸ ਬਿਆਨ ਨੂੰ ਸਾੜਾ ਦੱਸ ਕੇ ਮੋੜਵਾਂ ਜਵਾਬ ਦੇਂਦੀ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਲਾ, ਆਲਾ, ਆਲਾ,
ਭਾਬੋ ਡੇਲੜੇ ਤੈਨੂੰ ਕਾਹਦਾ ਸਾੜਾ ।

ਨਣਦ ਤੇ ਭਾਬੋ ਵਿਚਕਾਰ ਸੁਗਾਤਾਂ ਲੈਣ ਦੇਣ ਦੀ ਪ੍ਰਥਾ ਵੀ ਪ੍ਰਚਲਿਤ ਹੈ (ਵਿਆਹੀ ਨਣਾਨ ਦੇ ਸੰਦਰਭ 'ਚ ਖਾਸ ਕਰ)। ਭਾਬੋ ਕੁੱਖ ਹਰੀ ਹੋਣ ਤੇ ਨਣਦ ਨੂੰ ਉਸ ਦੀ ਮਨਮਰਜ਼ੀ ਦੀ ਸੁਗਾਤ ਦੇਣ ਦੀ ਵਚਨਬੱਧ ਹੁੰਦੀ ਹੈ। ਪਰ ਪਤਲੀ ਮਾਇਕ ਹਾਲਤ ਕਾਰਣ ਕਈ ਵਾਰ ਉਹ ਚੀਜ਼ ਜਾਂ ਗਹਿਣਾ ਦਿੱਤੇ ਜਾਣ ਦੀ ਸਮਰਥਾ ਨਹੀਂ ਹੁੰਦੀ; ਭਰਜਾਈ ਨਣਾਨ ਨੂੰ ਅਜਿਹੇ ਖੁਸ਼ੀ ਦੇ ਮੌਕੇ ਖਾਲੀ ਨਹੀਂ ਜਾਣ ਦਿੰਦੀ ਤੇ ਉਸ ਦੀ ਮੰਗ ਪੂਰੀ ਕੀਤੀ ਜਾਂਦੀ ਹੈ ਜਿਸ ਨਾਲ ਨਣਾਨ ਅਸੀਸ ਦਿੰਦੀ ਹੈ :

ਲੈ ਨੀ ਬੀਬੀ ਦੇਹ ਅਸੀਸਾਂ ਅੜੀਏ, ਪੂਰਾ ਤੇ ਹੋਇਆ ਈ ਕਰਾਰ,
ਭਾਬੀ ਭਤੀਜਾ ਮੇਰਾ ਜੁਗ ਜੁਗ ਜੀਵੇ, ਮੇਰੀ ਭਾਬੋ ਦਾ ਅਟੱਲ ਸੁਹਾਗ ।

ਗੱਲ ਬਿਲਕੁਲ ਇਕਪਾਸੜ ਨਹੀਂ, ਦੋਹਾਂ ਵਿਚਕਾਰ ਪਿਆਰ ਵੀ ਹੈ। ਵੀਰ ਦੇ ਝਿੜਕਣ ਤੇ ਭਾਬੋ ਨਣਦ ਦੀ ਹੀ ਸ਼ਰਣ ਲੈਂਦੀ ਹੈ :

ਚੁਲ੍ਹੇ ਪਕਾਵਾਂ ਰੋਟੀਆਂ, ਭੜੋਲੇ ਰਿੱਧੀ ਖੀਰ ।
ਆਏ ਪ੍ਰਾਹੁਣੇ ਖਾ ਗਏ, ਭੁੱਖਾ ਰਿਹਾ ਵਜ਼ੀਰ ।
ਨੀ ਛਡਾਈਂ ਨਣਦੇ, ਰਹਿ ਗਿਆ ਤੇਰਾ ਵੀਰ ।

ਨਣਦ ਦੇ ਵਿਆਹ ਤੋਂ ਬਾਅਦ ਇਹ ਰਿਸ਼ਤਾ ਗਿਲੇ ਸ਼ਿਕਵਿਆਂ ਨੂੰ ਤਿਲਾਂਜਲੀ ਦੇ ਕੇ ਸਮਝੌਤਾ-ਸਥਿਤੀ ਨੂੰ ਗ੍ਰਹਿਣ ਕਰਦਾ ਹੈ। ਸ਼ਾਇਦ ਨਣਦ ਪ੍ਰਦੇਸਣ ਹੋ ਜਾਣ ਤੇ ਭਰਜਾਈ ਉਸ ਦੀਆਂ ਸਭ ਵਧੀਕੀਆਂ ਨੂੰ ਅੱਖੋਂ ਪਰੋਖੇ ਕਰਕੇ ਉਸ ਦੀ ਚੜ੍ਹਦੀ ਜਵਾਨੀ ਦੀਆਂ ਭੁੱਲਾਂ ਨੂੰ ਭੁਲਾ ਦਿੰਦੀ ਹੈ, ਕਿਉਂਕਿ ਉਹ ਵੀ ਇਸੇ ਪ੍ਰਕਿਰਿਆ ਵਿਚੋਂ ਗੁਜਰੀ ਹੁੰਦੀ ਹੈ। ਪਰ ਕਈ ਸਥਿਤੀਆਂ ਵਿਚ ਇਹ ਸਮਝੌਤਾ ਵਿਆਹ ਤੋਂ ਬਾਅਦ ਵੀ ਨਹੀਂ ਹੁੰਦਾ :

ਭਾਬੀਆਂ ਨਾ ਪੁੱਛਿਆ, ਸੁੱਖ ਦਾ ਸੁਨੇਹਾ,
ਨਾ ਗਲ ਲੱਗੀਆਂ ਰੋ ।

ਇਹ ਰਿਸ਼ਤਾ ਗਿਲੇ ਸ਼ਿਕਵੇ ਤੇ ਆਪਸੀ ਵਿਰੋਧ ਭਾਵਨਾ ਦੀ ਪ੍ਰਕਿਰਿਆ 'ਚੋਂ ਗੁਜਰਦਾ ਹੋਇਆ ਵਿਆਹ ਪ੍ਰਥਾ ਨਾਲ ਸਮਝੌਤਾ ਸਥਿਤੀ ਅਪਣਾ ਲੈਂਦਾ ਹੈ। ਜਿਸ ਨਾਲ ਨਣਾਨ ਭਰਜਾਈ ਵਿਆਹ ਉਪਰੰਤ ਸਾਰੀ ਉਮਰ ਪਿਆਰ ਤੇ ਸ਼ਰਧਾ ਆਸਥਾ ਭਰਪੂਰ ਜੀਵਨ ਬਤੀਤ ਕਰਦੀਆਂ ਹਨ ਜਦ ਕਿ ਪੂਰਵ ਵਿਆਹ ਦੀ ਨੀਤੀ ਇਨ੍ਹਾਂ ਦੇ ਆਪਸੀ ਵਿਰੋਧ ਰਾਹੀਂ ਘਰੇਲੂ ਕਲੇਸ਼ ਨੂੰ ਜਨਮ ਦੇਣ ਦਾ ਕਾਰਣ ਬਣਦੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਦਰਾਣੀ-ਜਠਾਣੀ ਦਾ ਰਿਸ਼ਤਾ

ਪਤੀ ਦੇ ਛੋਟੇ ਭਰਾ ਦੀ ਪਤਨੀ ਤੇ ਵੱਡੇ ਭਰਾ ਦੀ ਪਤਨੀ ਕ੍ਰਮਵਾਰ ਦਰਾਣੀ-ਜਠਾਣੀ ਅਖਵਾਉਂਦੀਆਂ ਹਨ। ਦਰਾਣੀ-ਜਠਾਣੀ ਦਾ ਰਿਸ਼ਤਾ ਪੰਜਾਬੀ ਸਭਿਆਚਾਰ ਵਿਚ ਸ਼ਰੀਕੇ ਵਾਲਾ ਹੈ। ਦੋਵਾਂ ਨੇ ਸਾਰੀ ਉਮਰ ਇਕੱਠੀਆਂ ਰਹਿ ਕੇ ਤਾਂ ਗੁਜ਼ਾਰਨੀ ਹੀ ਨਹੀਂ ਹੁੰਦੀ। ਆਖਰ ਵੱਖਰੇ ਘਰ ਸਥਾਪਿਤ ਹੋਣੇ ਹੀ ਹੁੰਦੇ ਹਨ। ਹਿੰਦੂ ਵਿਚਾਰਧਾਰਾ ਅਨੁਸਾਰ ਪਤੀ ਦੇ ਪਗਕਦਮਾਂ ਤੇ ਚੱਲਣਾ ਪਤਨੀ ਦਾ ਪਹਿਲਾ ਫਰਜ਼ ਹੈ ਭਾਵੇਂ ਉਹ ਗਲਤ ਵੀ ਕਿਉਂ ਨਾ ਹੋਵੇ। ਜਠਾਣੀ ਦਰਾਣੀ ਦਾ ਸ਼ਰੀਕਾ ਉਸ ਦਿਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਜਿਸ ਦਿਨ ਭਰਾ ਅਲੱਗ ਅਲੱਗ ਹੋ ਜਾਂਦੇ ਹਨ। ਇਸ ਦੀ ਉਹ ਭਵਿੱਖਤ ਸਥਿਤੀ ਪ੍ਰਤੀ ਪਹਿਲਾਂ ਹੀ ਸੁਚੇਤ ਹੋਣ ਕਾਰਣ ਪਹਿਲੇ ਦਿਨ ਤੋਂ ਹੀ ਇਕ ਦੂਜੀ ਪ੍ਰਤੀ ਸ਼ਰੀਕਾਂ ਵਾਲਾ ਰਵੱਈਆ ਧਾਰਣ ਕਰ ਲੈਂਦੀਆਂ ਹਨ।

ਲੋਕ ਗੀਤਾਂ ਵਿਚ ਦਰਾਣੀ ਜਠਾਣੀ ਦੇ ਉਪਰੋਕਤ ਸੁਭਾਅ ਦਾ ਹੀ ਵਰਣਨ ਮਿਲਦਾ ਹੈ, ਸਮਝੌਤਾ ਸਥਿਤੀ ਕਿਤੇ ਨਹੀਂ। ਜੇਠ ਦੇ ਬਾਹਰ ਅੰਦਰ ਨੌਕਰੀ ਆਦਿ ਦੀ ਭਾਲ 'ਚ ਜਾਣ ਤੇ ਦਰਾਣੀ ਜਠਾਣੀ ਨੂੰ ਮਖੌਲ ਭਰੇ ਲਹਿਜੇ 'ਚ ਸਥਿਤੀ ਪ੍ਰਤੀ ਸੁਚੇਤ ਕਰਦੀ ਹੈ :

ਜੇਠ ਗਿਆ ਨੌਕਰੀ, ਜੇਠਾਣੀ ਦਾ ਮੂੰਹ ਬੱਗਾ।
ਨੀ ਜਠਾਣੀਏ, ਥਾਲੀ ਵਿਚ ਭਬਕਾ ਵੱਜਾ।
ਜਠਾਣੀਏ ਹੁਣ ਭਬਕੇ ਦਾ ਪਤਾ ਲੱਗਾ।

ਜਵਾਨ, ਚਾਹੇ ਉਹ ਜੇਠਾਣੀ ਹੈ ਜਾਂ ਦਰਾਣੀ ਲਈ ਇਕੱਲਤਾ ਮਾਰੂ ਹੈ। ਜਿਸ ਕਾਰਣ ਉਹ ਪਤੀ ਨੂੰ ਆਪਣੇ ਵੱਡੇ ਭਰਾ ਛੋਟੇ ਭਰਾ ਨੂੰ ਆਪਣੀ ਜਗ੍ਹਾ ਭੇਜਣ ਦੀ ਸਿਫਾਰਸ਼ ਕਰਦੀ ਹੈ। ਇਹ ਸਥਿਤੀ ਹਰੇਕ ਲਈ ਅਸਹਿ ਹੋਣ ਕਾਰਣ ਤਕਰਾਰ ਸ਼ੁਰੂ ਹੋ ਜਾਂਦਾ ਹੈ :

ਦਰਾਣੀ—ਤੂੰ ਕੋਂਤਾ ਘਰ ਆ, ਸਦਾਗਰੀ ਜੇਠ ਚਾ ਵੰਝੇ।

ਜਠਾਣੀ—ਜੇਠ ਸੰਦੀਏ ਰੰਨੇ ਨੀ, ਮੰਦਾ ਬੋਲਦੀ ਅਹਿ
ਆਪਣਾ ਰੱਖਦੀ ਐਂ ਘਰ ਮੈਂਡਾ ਵਰ ਤੋਰਦੀ ਅਹਿ।

ਜਠਾਣੀ ਹਮੇਸ਼ਾਂ ਘਰ ਦੀ ਸਭ ਤੋਂ ਵੱਡੀ ਚੀਜ਼ ਹੀ ਹੜੱਪ ਕਰਨਾ ਚਾਹੁੰਦੀ ਹੈ, ਦਰਾਣੀ ਨੂੰ ਦੁੱਖ ਪਹੁੰਚਦਾ ਹੈ ਉਹ ਜਠਾਣੀ ਦੀ ਖੋਟੀ ਨੀਤ ਨੂੰ ਲੋਕ ਗੀਤ ਦੇ ਰੂਪ 'ਚ ਉਜਾਗਰ ਕਰਦੀ ਹੈ :

ਰਾਵੀ ਕੰਢੇ ਅੰਬ ਵੱਢਿਆ ਵੇ, ਇਕੱਲੀ ਨੇ ਚੁਬਾਰਾ ਪਾਇਆ।
ਟਿੱਕਾ ਮੇਰਾ ਐਸਾ ਵੇ ਬਣੇ, ਮਹਿਲੀਂ ਪਵੇ ਚਮਕਾਰਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਮੇਰੀ ਜਠਾਣੀ ਵੇ ਬੁਰੀ, ਜਠਾਣੀ ਵੇ ਬੁਰੀ ਹਾੜਾ ਜੋਗੀ,
ਮੰਗਦੀ ਉਤਲਾ ਚੁਬਾਰਾ ।

ਜਦੋਂ ਦੋਹਾਂ ਵਿਚਕਾਰ ਬਰਦਾਸ਼ਤ ਦੀ ਹੱਦ ਹੋ ਜਾਂਦੀ ਹੈ ਤਾਂ ਜਠਾਣੀ ਨੂੰ ਦਰਾਣੀ ਹੋਰ ਕਿਤੇ ਵਿਆਹੁਣ ਦੀ ਤਜ਼ਵੀਜ਼ ਦਿੰਦੀ ਹੈ ਪਰ ਸੜ ਬਲਕੇ । ਅਤੇ ਉਸ ਦੀ ਹਾਜ਼ਰੀ 'ਚ ਆਪਣਾ ਗੁਜ਼ਾਰਾ ਮੁਸ਼ਕਲ ਸਮਝਦੀ ਹੈ :

ਇਸ ਘਰ ਵਿਚ ਜਠਾਣੀ ਪਵਾੜਾ ਤੇਰਾ ਏ ।
ਇਸ ਘਰ ਵਿਚ ਮੁਸ਼ਕਲ ਗੁਜ਼ਾਰਾ ਮੇਰਾ ਏ ।
ਨਹੀਂ ਵੱਸਣਾ ਜਠਾਣੀ ਨੀ ਤੇਰੇ ਕੋਲ,
ਭਾਵੇਂ ਦੇਵਰ ਵਿਆਹ ਲੈ ਕਿਤੇ ਹੋਰ ।

ਜੇਠ ਜਠਾਣੀ ਤੇ ਦਿਉਰ ਦਰਾਣੀ ਨੇ ਸਿਰਫ਼ ਇਕ ਕੰਧ ਦੇ ਪੜਦੇ 'ਚ ਜ਼ਿੰਦਗੀ ਕੱਟਣੀ ਹੁੰਦੀ ਹੈ ਇਸ ਲਈ ਦੋਵੇਂ ਧਿਰਾਂ ਪੇਕੇ ਘਰ ਜਾ ਕੇ ਸ਼ਕਾਇਤ ਕਰਨ ਦੀ ਬਜਾਏ ਆਪ ਹੀ ਇਕ ਦੂਜੀ ਨਾਲ ਨਜਿੱਠਣ ਦੀ ਹਰ ਸੰਭਵ ਕੋਸ਼ਿਸ਼ ਕਰਦੀਆਂ ਹਨ :

ਕੈਂਠੇ ਕੈਂਠੀ ਦਾ ਜੋੜ, ਜੋੜ ਕੇ ਜਰੋਟ ਰੱਖੀਏ ।
ਜੇਠ ਜਠਾਣੀ ਦੇ ਬੋਲ ਪੇਕੇ ਜਾ ਕੇ ਨਾ ਦੱਸੀਏ ।

ਸ਼ਰੀਕੇ ਪ੍ਰਤੀ ਸਹਿਣ ਸ਼ਕਤੀ ਇੰਨੀ ਪ੍ਰਬਲ ਨਹੀਂ ਹੁੰਦੀ, ਇਸੇ ਲਈ ਰੀਸ ਇਸ ਰਿਸ਼ਤੇ ਦਾ ਪ੍ਰਾਕ੍ਰਿਤਿਕ ਲੱਛਣ ਹੈ :

ਜੇਠਾਣੀ ਦੁੱਧ ਰਿੜਕੇ, ਦਰਾਣੀ ਦੁੱਧ ਰਿੜਕੇ,
ਅਸੀਂ ਕਿਉਂ ਬੈਠੇ ਚਿਰਕਾਂਗੇ ।
ਸਿੰਘਾ ਲਿਆ ਬੱਕਰੀ, ਦੁੱਧ ਰਿੜਕਾਂਗੇ ।

ਜੇਕਰ ਸਹੁਰਾ ਜਾਂ ਸੱਸ ਕਿਧਰੇ ਇਕ ਨੂੰਹ ਭਾਵ ਦਰਾਣੀ ਜਾਂ ਜਠਾਣੀ ਦੇ ਕਿਸੇ ਚੰਗੇ ਕੰਮ ਤੇ ਸਲਾਹੁਤਾ ਕਰ ਦਿੰਦੇ ਹਨ ਤਾਂ ਦੂਸਰੀ ਜਰ ਨਹੀਂ ਸਕਦੀ :

ਘਿਉ ਨੇ ਬਣਾਈ ਖਿਚੜੀ,
ਐਵੇਂ ਨਿੱਕੀ ਨੂੰਹ ਦੀਆਂ ਸਿਫਤਾਂ ।

ਮੁਕਲਾਵੇ ਦੀ ਪਹਿਲੀ ਫੇਰੀ ਤੇ ਹੀ ਜੇਠਾਣੀ ਵਲੋਂ ਆਪਸੀ ਵਾਦ ਵਿਵਾਦ ਦਾ ਮੁੱਢ ਬੱਝ ਜਾਂਦਾ ਹੈ । ਦਰਾਣੀ ਬਰਦਾਸ਼ਤ ਕਰਦੀ ਹੈ ਪਰ ਕਿਸੇ ਹੱਦ ਤਕ । ਪਹਿਲੀ ਵਾਰ ਹੀ ਜਠਾਣੀ ਬੋਲੀ ਮਾਰਨੋਂ ਸੰਕੋਚ ਨਹੀਂ ਕਰਦੀ :

ਪਹਿਲੀ ਵਾਰ ਜਦ ਗਈ ਮੈਂ ਸਹੁਰੇ,
ਬਣ ਗਈ ਸਭ ਤੋਂ ਨਿਮਾਣੀ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੁੱਲ੍ਹਾ ਚੌਂਕਾ ਸਾਰਾ ਸਾਂਭਦੀ, ਨਾਲੇ ਭਰਦੀ ਪਾਣੀ ।
ਦਿਨ ਚੜ੍ਹ ਜਾਏ ਕਦੇ ਜਾਗ ਨਾ ਆਏ ।
ਤਾਂ ਮਾਰੇ ਬੋਲ ਜਠਾਣੀ ।
ਕਿ ਉੱਠ ਕੇ ਕੰਮ ਕਰ ਨੀ,
ਕਿਉਂ ਪਈ ਏ ਮੂੰਗੀਆ ਤਾਣੀ ।

ਇੰਨਾ ਵਿਰੋਧ ਹੋਣ ਦੇ ਬਾਵਜੂਦ ਵੀ ਲੋਕਾਂ ਦੀਆਂ ਨਜ਼ਰਾਂ 'ਚ ਉਹ ਦਰਾਣੀ ਜਠਾਣੀ ਦੇ ਨਾਲ ਨਾਲ ਇਕ ਤਰ੍ਹਾਂ ਨਾਲ ਭੈਣਾਂ ਭੈਣਾਂ ਵੀ ਹੁੰਦੀਆਂ ਹਨ ਅਤੇ ਸੰਯੁਕਤ ਪਰਿਵਾਰਾਂ ਵਿਚ ਇਕੱਠੀਆਂ ਕੰਮ ਕਾਰ 'ਚ ਸ਼ਰੀਕ ਵੀ ਹੁੰਦੀਆਂ ਹਨ । ਘਰ ਦੀ ਕਿਸੇ ਵੀ ਰਸਮ ਆਦਿ ਸਮੇਂ ਇਕ ਦੂਜੇ ਤੋਂ ਖਿਨਾਂ ਪੈਰ ਨਹੀਂ ਪੁੱਟਿਆ ਜਾਂਦਾ । ਇਸ ਸਹਿਯੋਗ ਸਦਕਾ ਜਦ ਕਦੇ ਦਿਉਰ ਦਰਾਣੀ ਨੂੰ ਕੋਈ ਤਸੀਹਾ ਦਿੰਦਾ ਹੈ ਜਾਂ ਮਾਰਦਾ ਕੁੱਟਦਾ ਹੈ ਤਾਂ ਜਠਾਣੀ ਦਾ ਔਰਤ ਮਨ ਪਸੀਜ ਹੋਣੋਂ ਨਹੀਂ ਰਹਿੰਦਾ ਤੇ ਉਹ ਦਿਉਰ ਨੂੰ ਝਿੜਕਣਾ ਆਪਣਾ ਹੱਕ ਸਮਝਦੀ ਹੈ ਕਿਉਂਕਿ ਉਹ ਮਾਂ ਤੋਂ ਦੂਜੀ ਥਾਂ ਤੇ ਹੈ :

ਸਰ੍ਹਾਣੇ ਬੈਠੀ ਬਾਂਦਰੀ,
ਤੇ ਪੈਂਦੇ ਬੈਠੀ ਕੁੱਤੀ ।
ਮੂਰਖਾ ਦਿਉਰਾ ਵੇ ਦਰਾਣੀ ਕਾਹਤੋਂ ਕੁੱਟੀ ।

ਪੁੱਤਰ ਜੰਮਣ ਪ੍ਰਤੀ ਨਿਸ਼ਚਾ ਵੀ ਜਠਾਣੀ ਕੋਲੋਂ ਹੀ ਕਰਵਾਇਆ ਜਾਂਦਾ ਹੈ । ਨਵੀਂ ਸਮਾਜਕ ਚੇਤਨਾ ਸੰਤਾਨ ਸੰਜਮ ਦੀ ਗੱਲ ਕਰ ਰਹੀ ਹੈ ਪਰ ਪਰੰਪਰਾਯੁਕਤ ਸੁਭਾਅ ਅਨੁਕੂਲ ਦਰਾਣੀ ਲਈ ਅਣਗਿਣਤ ਪੁੱਤਰਾਂ ਦੀ ਮੰਗ ਤਿਲ ਸੁੱਟਣ ਦੀ ਰਸਮ ਰਾਹੀਂ ਜੇਠਾਣੀ ਹੀ ਕਰਦੀ ਹੈ :

ਜਿਤਨੇ ਜਠਾਣੀ ਤਿਲ ਸੁਟੇਸੀ,
ਉਤਨੇ ਦਰਾਣੀ ਪੁੱਤ ਜਣੇਸੀ ।

ਲੋਕ ਗੀਤ ਦਰਾਣੀ ਜਠਾਣੀ ਦੀ ਰੋਜ਼ਾਨਾ ਜ਼ਿੰਦਗੀ ਪ੍ਰਤੀ ਬਹੁਤ ਘੱਟ ਸਮੱਗਰੀ ਪ੍ਰਦਾਨ ਕਰਦੇ ਹਨ । "ਇਹ ਔਰਤਾਂ ਸੰਯੁਕਤ ਪਰਿਵਾਰਾਂ ਵਿਚ ਘਰੇਲੂ ਕੰਮ ਅਕਸਰ ਵੰਡ ਲੈਂਦੀਆਂ ਹਨ ਪਰੰਤੂ ਬਹੁਤ ਕਰਕੇ ਇਨ੍ਹਾਂ ਦੇ ਇਹ ਕੰਮ ਆਪਸੀ ਈਰਖਾਬਾਜ਼ੀ ਨੂੰ ਜਨਮ ਦੇਣ ਦਾ ਕਾਰਨ ਬਣਦੇ ਹਨ ਜਿਸ ਕਾਰਣ ਇਹ ਸੁਭਾਵਿਕ ਤੌਰ ਤੇ ਹੀ ਘਰੇਲੂ ਤਣਾਉ ਤੇ ਵੰਡ ਨੂੰ ਜਨਮ ਦੇਣ ਦਾ ਕਾਰਣ ਬਣਦੀਆਂ ਹਨ" ।[43]

ਉਪਰੋਕਤ ਮਤ ਇਸ ਰਿਸ਼ਤੇ ਦੀ ਪ੍ਰਕਿਰਤੀ ਦਾ ਸਮਰਥਨ ਕਰਦਾ ਹੈ ।

## ਜੇਠ-ਭਰਜਾਈ ਦਾ ਰਿਸ਼ਤਾ

ਪੰਜਾਬੀ ਸਾਕ ਸੈਣਾਂ ਦੀ ਦੁਨੀਆ ਵਿਚ ਜੇਠ ਭਰਜਾਈ ਦਾ ਰਿਸ਼ਤਾ ਬੜਾ ਉਘੜਵਾਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਪਰ ਇਸ ਦੀ ਪ੍ਰਕਿਰਤੀ ਅਸੁਖਾਵੀਂ ਹੀ ਰਹੀ ਹੈ। ਪੰਜਾਬੀ ਸਭਿਆਚਾਰ ਵਿਚ ਜੇਠ ਨੂੰ ਹਮੇਸ਼ਾਂ ਸ਼ੱਕੀ ਨਿਗਾਹ ਨਾਲ ਹੀ ਵੇਖਿਆ ਜਾਂਦਾ ਹੈ ਜਿਸ ਕਰਕੇ ਛੋਟੀ ਭਾਬੀ ਉਸ ਨੂੰ ਗਲੇ ਕਥੇ ਵਿਅੰਗ ਦਾ ਨਿਸ਼ਾਨਾ ਬਣਾਈ ਰੱਖਦੀ ਹੈ। ਬਹੂ ਆਪਣੇ ਜੇਠ ਕੋਲੋਂ ਪਰਦਾ ਕਰਦੀ ਹੈ ਜਿਸ ਕਾਰਣ ਇਨ੍ਹਾਂ ਵਿਚ ਗੱਲ ਬਾਤ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਅਜੋਕੇ ਸਭਿਆਚਾਰ ਵਿਚ ਘੁੰਡ ਦੀ ਪ੍ਰਥਾ ਘਟਣ ਕਰਕੇ ਇਨ੍ਹਾਂ ਵਿਚ ਆਪਸੀ ਵਿਚਾਰ ਵਟਾਂਦਰਾ ਕੁਝ ਹੱਦ ਤਕ ਸ਼ੁਰੂ ਹੋ ਗਿਆ ਹੈ ਪਰ ਘੱਟ ਤੋਂ ਘੱਟ ਲਫਜ਼ਾਂ ਤਕ ਹੀ। ਇਸ ਦਾ ਕਾਰਣ ਸ਼ਾਇਦ ਛੋਟੀ ਭਾਬੀ ਦਾ ਸਾਂਸਕ੍ਰਿਤਿਕ ਪਰਿਸਥਿਤੀਆਂ ਅਧੀਨ ਜੇਠ ਨਾਲ ਕੋਈ ਸੰਬੰਧ ਜੁੜ ਸਕਣਾ ਅਸੰਭਵ ਹੈ। ਦੂਜੇ ਜੇਠ ਦੀ ਛੋਟੇ ਭਰਾਵਾਂ ਤੇ ਕੋਈ ਨਿਰਭਰਤਾ ਨਹੀਂ ਹੁੰਦੀ ਸਗੋਂ ਉਹ ਇਸ ਤੇ ਨਿਰਭਰ ਹੁੰਦੇ ਹਨ। ਆਮ ਸਾਂਸਕ੍ਰਿਤਿਕ ਜੀਵਨ ਵਿਚ ਇਹ ਰਿਸ਼ਤਾ ਬੜਾ ਪਵਿੱਤਰ ਮੰਨਿਆ ਗਿਆ ਹੈ ਪਰ ਲੋਕ ਗੀਤਾਂ ਵਿਚ ਇਸ ਦਾ ਵਿਗੜਿਆ ਰੂਪ ਹੀ ਉਪਲਬਧ ਹੁੰਦਾ ਹੈ। ਉਹ ਵੀ ਇਸ ਰਿਸ਼ਤੇ ਦਾ ਇਹੀ ਪੱਖ ਕਿ ਭਰਜਾਈ ਵੱਲ ਜੇਠ ਹਮੇਸ਼ਾਂ ਮੈਲੀਆਂ ਨਜ਼ਰਾਂ ਰੱਖਦਾ ਹੈ, ਇਸ ਲਈ ਭਰਜਾਈ ਆਪਣੇ ਜੇਠ ਦੇ ਵਿਹਾਰ ਨੂੰ ਹਰ ਥਾਂ ਭੰਡਦੀ ਹੀ ਨਜ਼ਰ ਆਉਂਦੀ ਹੈ ਪਰ ਜੇਠ ਕਿਤੇ ਵੀ ਉਸ ਦਾ ਜਵਾਬ ਦਿੰਦਾ ਨਜ਼ਰ ਨਹੀਂ ਆਉਂਦਾ। ਐਮ. ਐਸ. ਰੰਧਾਵਾ ਤੇ ਸਤਿਆਰਥੀ ਦੇ ਸ਼ਬਦਾਂ ਵਿਚ :

> ਨਿੱਕੀ ਭਰਜਾਈ ਨੇ ਆਪਣੇ ਜੇਠ ਤੇ ਬੇਅੰਤ ਚੋਟਾ ਕੀਤੀਆਂ ਹਨ। ਪਰ ਜੇਠ ਵਿਚਾਰੇ ਨੇ ਨਿੱਕੀ ਭਰਜਾਈ ਲਈ ਮੋੜਵੇਂ ਗੀਤ ਨਹੀਂ ਬਣਾਏ। ਸ਼ਾਇਦ ਵੱਡੇ ਥਾਂ ਹੋਣ ਕਰਕੇ ਜੇਠ ਦਾ ਰਵਾਜ਼ੀ ਜ਼ਬਤ ਕੰਮ ਕਰ ਰਿਹਾ ਹੋਵੇ।[44]

ਜੇਠ ਸਹੁਰੇ ਤੋਂ ਘਰ ਵਿਚ ਦੂਜੇ ਦਰਜੇ ਤੇ ਸਤਿਕਾਰਯੋਗ ਵਿਅਕਤੀ ਹੈ। "ਛੋਟੀ ਭਰਜਾਈ ਧੀਆਂ ਵਰਗੀ ਹੁੰਦੀ ਹੈ" ਦਾ ਸੰਕਲਪ ਉਸ ਦੇ ਮਨ 'ਚ ਸਮਾਇਆ ਰਹਿੰਦਾ ਹੈ। ਲੋਕ ਗੀਤਕ ਆਧਾਰਿਤ ਗੱਲਾਂ ਮੁੱਠੀ ਭਰ ਜੇਠਾਂ ਦੇ ਸੰਦਰਭ 'ਚ ਠੀਕ ਹੋ ਸਕਦੀਆਂ ਹਨ ਪਰ ਬਹੁਗਿਣਤੀ ਦੀ ਨੀਤੀ ਤੇ ਨਹੀਂ ਢੁਕਦੀਆਂ। ਬਹੁਗਿਣਤੀ ਤਾਂ ਛੋਟੀ ਭਰਜਾਈ ਨੂੰ ਛੋਟੀ ਭੈਣ ਜਾਂ ਧੀ ਦਾ ਦਰਜਾ ਹੀ ਦੇਂਦੀ ਹੈ। ਦਰਅਸਲ ਭਰਜਾਈ ਜੇਠ ਨਾਲ ਖੁੱਲ੍ਹ ਕੇ ਹੱਸ ਖੇਡ ਨਹੀਂ ਸਕਦੀ ਜਿਵੇਂ ਦਿਉਰ ਨਾਲ। ਉਹ ਦਿਉਰ ਲਈ ਤਾਂ ਹਰ ਕੁਰਬਾਨੀ ਕਰਨ ਲਈ ਤਿਆਰ ਹੈ ਪਰ ਜੇਠ ਦੀ ਹਾਲਤ ਖਸਤਾ ਹੀ ਹੈ :

> ਅਸਾਂ ਜੇਠ ਨੂੰ ਲੱਸੀ ਨਹੀਂ ਦੇਣੀ,
> ਦਿਉਰ ਭਾਵੇਂ ਮੱਝ ਚੁੰਘ ਜਾਏ।

ਜੇਠ ਸ਼ੱਕੀ ਨਜ਼ਰ ਦਾ ਪਾਤਰ ਬਣ ਚੁੱਕਾ ਹੋਣ ਕਰਕੇ ਸਹੁਰੇ ਤੁਰਦੀ ਧੀ ਨੂੰ ਮਾਂ ਦੀ ਵੀ ਤਾੜਨਾ ਜੇਠ ਤੋਂ ਬਚਣ ਦੀ ਹੀ ਹੁੰਦੀ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੇ ਜੇਠ ਦੇ ਸੁਣੀਦੇ ਛੌਲੇ,
ਕਦੇ ਨਾ ਧੀਏ ਜਾਈਂ ਸਾਗ ਨੂੰ ।

ਸਾਗ ਨੂੰ ਜਾਣਾ ਵੀ ਨਹੀਂ ਪਰ ਝੂਠਾ ਕਰਨੋਂ ਵੀ ਨਹੀਂ ਰਹਿਣਾ, ਸਾਡੇ ਸਭਿਆ-ਚਾਰਕ ਮਾਹੌਲ ਦੀ ਵਿਸ਼ੇਸ਼ਤਾ ਹੈ :

ਮੇਰੇ ਚੰਦਰੇ ਜੇਠ ਦੇ ਛੌਲੇ,
ਕਦੇ ਨਾ ਕਿਹਾ ਸਾਗ ਤੋੜ ਲੈ ।

ਪਰਦੇ ਹੇਠ ਪਈ ਚੀਜ਼ ਪ੍ਰਤੀ ਹਰੇਕ ਆਦਮੀ ਦੀ ਖਿੱਚ ਹੁੰਦੀ ਹੈ, ਜੇਠ ਵੀ ਇਕ ਮਾਨਵ-ਜੀਵ ਹੈ, ਉਹ ਜਦ ਕਦੇ ਵੀ ਭਰਜਾਈ ਦਾ ਘੁੰਡ 'ਚੋਂ ਵੇਖਣਾ ਚਾਹੁੰਦਾ ਹੈ ਤਾਂ ਭਰਜਾਈ ਗੀਤ ਬਣਾ ਕੇ ਜੇਠ ਨੂੰ ਕਲੰਕਿਤ ਕਰ ਦਿੰਦੀ ਹੈ ;

ਕਿੱਕਲੀ ਕੁਲਸ ਦੀ ਲੱਤ ਭੱਜੇ ਸੱਸ ਦੀ,
ਗੋਡਾ ਭੱਜੇ ਜੇਠ ਦਾ ਝੀਤਾਂ ਵਿਚੋਂ ਵੇਖਦਾ ।

ਸਮਾਜਕ ਪਰਿਸਥਿਤੀਆਂ ਦੇ ਵਿਭਿੰਨ ਪਹਿਲੂਆਂ ਪ੍ਰਤੀ ਭਰਜਾਈ ਦਾ ਨਜ਼ਰੀਆ ਜੇਠ ਤੋਂ ਵੱਖਰਾ ਹੋ ਸਕਦਾ ਹੈ ਜਦ ਜੇਠ ਪ੍ਰਤੀਕਰਮ ਕਰਦਾ ਹੈ ਤਾਂ ਗੱਲਾਂ ਖੰਭਾਂ ਦੀਆਂ ਡਾਰਾਂ ਬਣਦਿਆਂ ਚਿਰ ਨਹੀਂ ਲੱਗਦਾ :

ਰੰਨ ਅੱਥਰੇ ਸੁਭਾ ਦੀ ਮਾਰੀ,
ਜੇਠ ਤੋਂ ਪੁਟਾਈਆਂ ਮੀਢੀਆਂ ।

ਫਿਰ ਆਪ ਹੀ ਗੱਲ ਤੇ ਪਰਦਾ ਪਾਉਣ ਦੀ ਬਜਾਏ ਡੌਂਡੀ ਪਿੱਟਦੀ ਹੈ :

ਬਾਂਹ ਮਾਰ ਕੇ ਘੋਟਣਾਂ ਭੰਨਤੀ,
ਜੇਠ ਦੀ ਮੈਂ ਗੱਲ ਨਾ ਮੰਨੀ ।

ਵੱਸਦੇ ਰੱਸਦੇ ਘਰ 'ਚ ਚੰਗਿਆੜੀ ਰੱਖਣੀ ਸ਼ਰੀਕਾਂ ਲਈ ਸ਼ੁਗਲ ਹੁੰਦਾ ਹੈ। ਉਹ ਗੱਲਾਂ ਰਾਹੀਂ ਸ਼ੱਕਾਂ ਨੂੰ ਸੰਭਾਵਨਾਵਾਂ ਵਿਚ ਬਦਲਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ ਜਿਸ ਤੇ ਕਈ ਮੁਸੀਬਤਾਂ ਦਾ ਕਾਰਨ ਬਣਨਾ ਸੁਭਾਵਿਕ ਹੈ :

ਭਾਵੇਂ ਅੰਦਰੋਂ ਜੇਠ ਨਾਲ ਰਹਿੰਦੀ,
ਉਪਰੋਂ ਗੱਲ ਨਾ ਕਰੇ ।

ਭਰਜਾਈ ਤਰਕ-ਰਹਿਤ ਭਾਵਨਾਵਾਂ ਦੇ ਅਧੀਨ ਜੇਠ ਨਾਲ ਆਢਾ ਲਾ ਬਹਿੰਦੀ ਹੈ :

ਪੌੜੀ ਵਿਚ ਅੱਧ ਮੇਰਾ,
ਅਸੀਂ ਜੇਠ ਚੜ੍ਹਨ ਨਹੀਂ ਦੇਣਾ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇਠ ਦਾ ਪ੍ਰਤੀਬਿੰਬ ਹਰੇਕ ਆਦਮੀ ਦੀ ਨਜ਼ਰ 'ਚ ਨਾਕਾਰਾਤਮਕ ਪੱਖ ਤੋਂ ਸਾਹਮਣੇ ਆਉਂਦਾ ਹੈ। ਨਵ-ਵਿਆਹੁਤਾ ਭਰਜਾਈ ਨੂੰ ਹਰੇਕ ਭੱਦਰ ਪੁਰਸ਼ ਜੇਠ ਤੋਂ ਬਚਣ ਦੀ ਚਿਤਾਵਨੀ ਹੀ ਦਿੰਦਾ ਹੈ :

ਛੇਤੀ ਛੇਤੀ ਲੰਘ ਕੁੜੀਏ,
ਜੇਠ ਬੱਕਰੇ ਬੁਲਾਉਂਦਾ ਆਵੇ।

ਜੇਠ ਦੀ ਵਸਤੂ ਦੀ ਹੋਂਦ ਭਾਬੀ ਲਈ ਅਣਹੋਈ ਵਰਗੀ ਹੈ। ਬਾਪੂ ਨੂੰ ਕਰਜ਼ਾਈ ਕਰਨਾ ਮਨਜ਼ੂਰ ਹੈ ਪਰ ਜੇਠ ਦੀ ਵਸਤੂ ਦੀ ਵਰਤੋਂ ਤਾਂ ਉਸ ਨੂੰ ਵਿਹੁ ਲੱਗਦੀ ਹੈ :

ਬਾਪੂ ਮੈਨੂੰ ਮਹਿੰ ਲੈ ਦੇ,
ਮੈਂ ਜੇਠ ਦੀ ਲੱਸੀ ਨਹੀਂ ਪੀਣੀ।

ਇਉਂ ਲੱਗਦਾ ਹੈ ਜਿਵੇਂ ਜੇਠ ਤਾਂ ਕਿਸੇ ਕ੍ਰਿਆ ਵਿਚ ਭਾਈਵਾਲ ਨਾ ਹੋਵੇ, ਮੱਲੋ-ਮੱਲੀ ਹੀ ਉਸ ਨੂੰ ਮਜ਼ਬੂਰ ਕੀਤਾ ਜਾਂਦਾ ਹੈ ਕਿ ਉਹ ਅਜਿਹਾ ਕਰੇ। ਇਕ ਪਾਸੇ ਤਾਂ ਸਾਂਸਕ੍ਰਿਤਿਕ ਜੀਵਨ ਵਿਚ ਉਸ ਨੂੰ ਪਿਉ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਦੂਜੇ ਪਾਸੇ ਗੀਤਾਂ ਵਿਚ ਉਸ ਦੇ ਸੜ ਮਰ ਜਾਣ ਦੀ ਤਮੰਨਾ ਕੀਤੀ ਜਾ ਰਹੀ ਹੈ :

ਜੇਠ ਨੂੰ ਅੱਗ ਲਗ ਜੇ
ਸਣੇ ਪਜਾਮੇ ਕੋਟ।

ਜੇਠ ਦੀ ਪਤਨੀ (ਜਠਾਣੀ) ਮਰ ਚੁੱਕੀ ਹੈ ਫਿਰ ਵੀ ਜੇਠ ਤੇ ਤਰਸ ਦੀ ਬਜਾਏ ਉਸ ਨੂੰ ਮਖੌਲਾਂ ਦਾ ਨਿਸ਼ਾਨਾ ਹੀ ਬਣਾਇਆ ਜਾਂਦਾ ਹੈ :

ਮੇਰੇ ਜੇਠ ਦੇ ਪੁਠੇ ਦਿਨ ਆਏ,
ਕਿੱਕਰਾਂ ਨੂੰ ਪਾਵੇ ਜੱਫੀਆਂ।

ਆਪਣਾ ਭਾਵੇਂ ਸਭ ਕੁੱਝ ਦਾਅ ਤੇ ਲੱਗ ਜਾਵੇ, ਜੇਠ ਨੂੰ ਘਰੋਂ ਕੱਢਣ ਦਾ ਹਰ ਯਤਨ ਭਰਜਾਈ ਵਲੋਂ ਕੀਤਾ ਜਾਂਦਾ ਹੈ :

ਮੇਰੇ ਜੇਠ ਦੀ ਨੀਲਾਮੀ ਹੋਵੇ,
ਮੇਰੀ ਭਾਵੇਂ ਮਹਿੰ ਵਿਕ ਜੇ।

ਜੇਕਰ ਕਿਧਰੇ ਜੇਠ ਘਰ ਖੰਘੂਰਾ ਮਾਰ ਕੇ ਨਹੀਂ ਆਉਂਦਾ ਤਾਂ ਜਿਥੇ 'ਬਾਪੂ ਗਲ ਟਲ ਪਾਉਣ' ਦੀ ਗੱਲ ਸੁਭਾਵਿਕ ਤੌਰ ਤੇ ਕੀਤੀ ਗਈ ਹੈ, ਉਥੇ ਜੇਠ ਨੂੰ ਤਾਂ ਸੁਚੇਤ ਪੱਧਰ ਤੇ 'ਲੁੱਚਾ' ਵੀ ਕਹਿਣੋਂ ਸੰਕੋਚ ਨਹੀਂ ਕੀਤਾ ਗਿਆ :

ਤੁਕਾ ਤੁਕਾ ਤੁਕਾ,
ਖੰਘੂਰਾ ਨਹੀਂ ਮਾਰਦਾ ਜੇਠ ਬੜਾ ਲੁੱਚਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦੀ ਤਾਂ ਸਿਆਣਪ ਵੀ ਛੋਟੀ ਭਰਜਾਈ ਨੂੰ ਚੰਗੀ ਨਹੀਂ ਲੱਗਦੀ :

ਅਕਲਾਂ ਜੇਠ ਦੀਆਂ, ਤੂੜੀ ਵਾਲੇ ਅੰਦਰੋਂ ਥਿਆਈਆਂ ।
ਅਕਲਾਂ ਜੇਠ ਦੀਆਂ ਮੇਰੀ ਜੁੱਤੀ ਦੇ ਪਸੰਦ ਨਾ ਆਈਆਂ ।

ਤੁਰੀ ਫਿਰਦੀ ਭਰਜਾਈ ਨੂੰ ਵੇਖਣਾ ਵੀ ਜੇਠ ਲਈ ਖਤਰਨਾਕ ਹੈ :

ਮੇਰਾ ਜੇਠ ਬੜਾ ਟੁਟ ਪੈਣਾ,
ਤੁਰਦੀ ਫਿਰਦੀ ਦੀ ਸਿਫਤ ਕਰੇ ।

ਲੋਕ ਗੀਤਾਂ ਵਿਚ ਇਸ ਰਿਸ਼ਤੇ ਦਾ ਸਾਂਸਕ੍ਰਿਤਿਕ ਰੂਪ ਦ੍ਰਿਸ਼ਟੀਗੋਚਰ ਨਹੀਂ ਹੁੰਦਾ । ਸਿਰਫ਼ ਇਕ ਬੋਲੀ ਹੱਥ ਲੱਗ ਸਕੀ ਹੈ ਜੋ ਜੇਠ ਦੇ ਪੱਖ ਵਿਚ ਜਾਂਦੀ ਹੈ :

ਚਿੱਟੇ ਚਿੱਟੇ ਚੌਲਾਂ ਦੀਆਂ ਪਿੰਨੀਆਂ ਬਣਾਨੀਆਂ,
ਪਹਿਲੀ ਪਿੰਨੀ ਜੇਠ ਦੀ ।
ਪਾਣੀ ਵਗੇ ਪੁਲਾਂ ਦੇ ਹੇਠ ਦੀ ।

ਉਪਰੋਕਤ ਚਰਚਾਧੀਨ ਅਸੀਂ ਇਹ ਵੇਖਦੇ ਹਾਂ ਕਿ ਲੋਕ ਗੀਤਾਂ ਵਿਚ ਕੇਵਲ ਭਰਜਾਈ ਵੱਲੋਂ ਹੀ ਜੇਠ ਤੇ ਤੁਹਮਤਾਂ ਲਾਈਆਂ ਗਈਆਂ ਹਨ, ਜੇਠ ਹਰ ਥਾਂ ਚੁੱਪ ਹੈ । ਆਮ ਜ਼ਿੰਦਗੀ 'ਚ ਇਹ ਰਿਸ਼ਤਾ ਬਹੁਤ ਮਹੱਤਵਪੂਰਣ ਹੈ ਪਰ ਲੋਕ ਗੀਤਾਂ ਰਾਹੀਂ ਇਸ ਸੰਬੰਧ ਦਾ ਸਿਰਫ਼ ਨਾਕਾਰਾਤਮਕ ਪੱਖ ਹੀ ਦਰਸਾਇਆ ਗਿਆ ਹੈ । ਆਰਥਿਕ ਪਰਿਸਥਿਤੀਆਂ ਦੇ ਅਧੀਨ ਅਵਿਵਾਹਤ ਭਾਵ ਛੜੇ ਜੇਠ ਦੇ ਸੰਦਰਭ 'ਚ ਇਹ ਗੱਲ ਵਾਜਬ ਹੋ ਸਕਦੀ ਹੈ ਕਿਉਂਕਿ ਉਹ ਵੀ ਇਕ ਮਾਨਵ ਜੀਵ ਹੋਣ ਦੇ ਨਾਤੇ ਕੁਦਰਤੀ ਕਾਮ ਬਿਰਤੀ ਦਾ ਵਿਰੇਚਨ ਜਿਨਸੀ ਸੰਬੰਧਾਂ ਰਾਹੀਂ ਹੀ ਕਰ ਸਕਦਾ ਹੈ । ਛੋਟੀ ਭਰਜਾਈ ਨੂੰ ਭਾਵਾਤਮਕ ਜੁਗਤਾਂ ਰਾਹੀਂ ਵਰਗਲਾ ਕੇ ਉਹ ਅਜਿਹਾ ਕਰ ਸਕਦਾ ਹੈ ਤੇ ਪੰਜਾਬੀ ਸੰਸਕ੍ਰਿਤੀ ਦੇ ਸੰਦਰਭ ਵਿਚ ਇਨ੍ਹਾਂ ਅਯੋਗ ਸੰਬੰਧਾਂ ਦੀ ਗੱਲ ਦ੍ਰਿਸ਼ਟੀਗੋਚਰ ਹੁੰਦੀ ਵੀ ਹੈ ਪਰ ਹਰ ਆਦਮੀ ਤੇ ਹਰੇਕ ਗੱਲ ਲਾਗੂ ਨਹੀਂ ਹੋ ਸਕਦੀ । ਜੇਠ ਇਕ ਜ਼ਿੰਮੇਵਾਰ ਵਿਅਕਤੀ ਹੈ ਇੰਨੀਆਂ ਹੋਛੀਆਂ ਹਰਕਤਾਂ ਦਾ ਮਾਲਕ ਹੋਣਾ ਉਸ ਲਈ ਸ਼ੋਭਦਾ ਨਹੀਂ । ਇਹ ਸਿਰਫ਼ ਇਸ ਕਰਕੇ ਹੈ ਕਿ ਭਰਜਾਈ ਨੂੰ ਉਸ ਦੇ ਸਾਹਮਣੇ ਸੰਕੋਚ 'ਚ ਰਹਿਣਾ ਪੈਂਦਾ ਹੈ ਪਰ ਜਵਾਨੀ ਸੰਕੋਚ 'ਚ ਨਹੀਂ ਰਹਿ ਸਕਦੀ ਤੇ ਉਹ ਸੰਕੋਚ 'ਚ ਰੱਖਣ ਵਾਲੀਆਂ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਨੂੰ ਬੁਰਾ ਭਲਾ ਕਹਿ ਕੇ ਹੀ ਆਪਣਾ ਗਰੁੱਬ ਕੱਢ ਲੈਂਦੀ ਹੈ ।

## ਦਿਉਰ ਭਾਬੀ ਦਾ ਰਿਸ਼ਤਾ

ਪਤੀ ਦਾ ਛੋਟਾ ਭਰਾ 'ਦਿਉਰ' ਅਖਵਾਉਂਦਾ ਹੈ । ਦਿਉਰ-ਭਾਬੀ ਦਾ ਰਿਸ਼ਤਾ ਪੰਜਾਬੀ ਸਭਿਆਚਾਰ ਤੇ ਸੰਦਰਭ ਵਿਚ ਹਾਸੇ-ਮਖੌਲ ਵਾਲੇ ਸੰਬੰਧਾਂ ਵਿਚ ਗਿਣਿਆ ਜਾਂਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਜਿਸ ਕਾਰਣ ਇਹ ਰਿਸ਼ਤਾ ਰੁਮਾਂਚਿਕਤਾ ਭਰਪੂਰ ਅਤੇ ਸੁਖਾਵਾਂ ਹੋ ਨਿਬੜਦਾ ਹੈ। 'ਦੇਵਰ' ਸ਼ਬਦ ਦੂਜੇ ਵਰ ਦਾ ਪ੍ਰਤੀਕ ਹੈ। ਪਤੀ ਤੋਂ ਬਾਅਦ ਦਿਉਰ ਹੀ ਹੈ ਜਿਸ ਨਾਲ ਰਿਸ਼ਤਾ ਗੰਢਿਆ ਜਾ ਸਕਦਾ ਹੈ। "ਸਹੁਰੇ ਘਰ ਵਿਚ ਦਿਉਰ ਹੀ ਅਜਿਹਾ ਪਾਤਰ ਹੈ ਜਿਸ ਦੇ ਨਾਲ ਭਾਬੀ ਨੂੰ ਗੁੱਸਾ ਵੀ ਆਉਂਦਾ ਹੈ ਤਾਂ ਹਾਸੇ ਵਰਗਾ"।[45] ਘਰ 'ਚ ਪ੍ਰਵੇਸ਼ ਕਰਨ ਸਮੇਂ ਸਭ ਤੋਂ ਪਹਿਲਾ ਸ਼ਖ਼ਸ ਦਿਉਰ ਹੀ ਹੁੰਦਾ ਹੈ ਜਿਸ ਨੂੰ ਭਰਜਾਈ ਆਪਣਾ ਮੂੰਹ ਵਿਖਾਉਂਦੀ ਹੈ। ਦਿਉਰ ਭਰਜਾਈ ਦੇ ਰਿਸ਼ਤੇ ਵਿਚ ਸੰਕੋਚ ਨਹੀਂ। ਦੋਵੇਂ ਇਕ ਦੂਜੇ ਨਾਲ ਠੱਠਾ ਮਖੌਲ ਕਰ ਲੈਂਦੇ ਹਨ। "ਸਹੁਰੇ ਘਰ ਵਿਚ ਪਤੀ ਤੋਂ ਬਾਅਦ ਦੇਵਰ ਹੀ ਹੁੰਦਾ ਹੈ ਜਿਸ ਨਾਲ ਘਰ ਦੀ ਨੂੰਹ ਨਿਰ-ਸੰਕੋਚ ਹੋ ਕੇ ਦਿਲਾਂ ਦੇ ਭੇਤ ਲੈ ਦੇ ਲੈਂਦੀ ਹੈ। ਦਿਉਰ ਦੀ ਭਰਜਾਈ ਨਾਲ ਪਹਿਲੇ ਦਿਨ ਤੋਂ ਹੀ ਸਾਂਝ ਪੈ ਜਾਂਦੀ ਹੈ ਜਦੋਂ ਦਿਉਰ ਰੀਤ ਅਨੁਸਾਰ ਉਸ ਦਾ ਘੁੰਡ ਚੁੱਕ ਕੇ ਮੂੰਹ ਵੇਖਦਾ ਤੇ ਮੂੰਹ ਵਿਖਾਈ ਲੈਂਦਾ ਹੈ"।[46] ਉਹ ਹੱਸਦੀ ਭਰਜਾਈ ਦੇ ਦੰਦ ਵੀ ਗਿਣ ਲਵੇ ਤਾਂ ਉਸ ਨੂੰ 'ਟੁੱਟ ਪੈਣਾ' ਲਾਡ ਨਾਲ ਹੀ ਆਖਿਆ ਜਾਂਦਾ ਹੈ :

ਮੇਰਾ ਦਿਉਰ ਬੜਾ ਟੁੱਟ ਪੈਣਾ,
ਹੱਸਦੀ ਦੇ ਦੰਦ ਗਿਣਦਾ।

ਭਰਜਾਈ ਨੂੰ ਮਾਂ ਜਾਂ ਵੱਡੀ ਭੈਣ ਦੇ ਬਰਾਬਰ ਸਮਝਣ ਦਾ ਸੰਕਲਪ ਵੀ ਪੰਜਾਬੀ ਸਭਿਆਚਾਰ ਵਿਚ ਪ੍ਰਚਲਿਤ ਹੈ। ਇਹ ਧਾਰਣਾ ਖਾਸ ਕਰ ਸਭ ਤੋਂ ਵੱਡੀ ਭਰਜਾਈ ਦੇ ਸੰਕਲਪ 'ਚ ਹੀ ਦੁਹਰਾਈ ਜਾਂਦੀ ਹੈ। ਮੁੱਖ ਤੌਰ ਤੇ ਇਹ ਰਿਸ਼ਤਾ 'ਦਿਲ ਲੱਗੀ' ਵਾਲਾ ਹੀ ਹੁੰਦਾ ਹੈ। ਡਾ. ਐਮ. ਐਸ. ਰੰਧਾਵਾ ਤੇ ਦੇਵਿੰਦਰ ਸਤਿਆਰਥੀ ਦੇ ਸ਼ਬਦਾਂ ਵਿਚ :

> ਦਿਉਰ ਭਰਜਾਈ ਦਾ ਮਿੱਠਾ ਜਿਹਾ ਰਿਸ਼ਤਾ ਮਨ ਪ੍ਰਚਾਵੇ ਵਾਲਾ ਸੰਬੰਧ ਹੈ। ਭਾਬੀ ਹੁਸਨ ਇਸ਼ਕ ਦੀ ਰੰਗੀਲ ਪਰੀ ਦਾ ਰੂਪ ਧਾਰਕੇ ਘਰ ਵਿਚ ਉਤਰਦੀ ਹੈ ਤੇ ਦਿਉਰ ਝੱਟ ਖਿੱਚਿਆ ਜਾਂਦਾ ਹੈ। ਪਿਆਰ ਵਿਚ ਉਹ ਭਾਬੀ ਦੇ ਕੰਮ ਕਰਦਾ ਹੈ, ਜ਼ਮੀਨ ਜਾਇਦਾਦ ਦੀ ਆਮਦਨੀ ਵਿਚੋਂ ਆਪਣਾ ਹਿੱਸਾ ਲੈਣ ਤੇ ਵੀ ਜ਼ੋਰ ਨਹੀਂ ਦਿੰਦਾ। ਉਸ ਨੂੰ ਖਰਮਸਤੀਆਂ ਕਰਨ ਦੀ ਖੁੱਲ੍ਹ ਹੈ ਕਿਉਂਕਿ ਉਹ 'ਛੋਟਾ ਭਾਈ ਲਾਡਲਾ' ਹੈ। ਉਂਞ ਵੀ ਟੱਬਰ ਵਿਚ ਪਾੜ ਪੈਣ ਨਾਲ ਟੱਬਰ ਕਮਜ਼ੋਰ ਹੁੰਦਾ ਹੈ, ਭਰਾ ਦੀ ਬਾਂਹ ਭੱਜਦੀ ਹੈ।[47]

ਆਰਥਿਕ ਵੰਡੀਆਂ ਕਾਰਣ ਤਾਂ ਪਹਿਲਾਂ ਲੋਕ ਵਿਆਹ ਹੀ ਪੁੱਤਰਾਂ ਦੇ ਘੱਟ ਕਰਦੇ ਸਨ ਇਹ ਤਾਂ ਫਿਰ ਇਕ ਸ਼ਰੀਕੀ ਰਿਸ਼ਤਾ ਹੈ। ਇਸ ਲਈ ਦਿਉਰ ਨੂੰ ਆਰਥਿਕ ਹਾਲਤਾਂ ਕਰਕੇ ਖੁਸ਼ ਰੱਖਣਾ ਹੀ ਪੈਂਦਾ ਹੈ। ਨਾਲ ਹੀ ਉਹ ਸੰਭਾਵੀ ਪਤੀ ਹੁੰਦਾ ਹੈ। ਡਾ. ਪਿਆਰ ਸਿੰਘ ਦੇ ਸ਼ਬਦਾਂ ਵਿਚ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬਣ ਵਹੁਟੀ ਦਾ ਆਪਣੇ ਦਿਉਰ ਜਾਂ ਦਿਉਰਾਂ ਲਈ ਪਿਆਰ ਪੰਜਾਬੀ ਲੋਕ ਗੀਤਾਂ ਦਾ ਜ਼ੋਰਦਾਰ ਵਿਸ਼ੈ ਹੈ। ਇਸ ਦੀਆਂ ਜੜ੍ਹਾਂ ਆਰਥਿਕ ਅਤੇ ਮਾਨਸਿਕ ਦੋਹਾਂ ਪ੍ਰਕਾਰ ਦੇ ਕਾਰਨਾਂ ਵਿਚ ਲੱਭੀਆਂ ਜਾ ਸਕਦੀਆਂ ਹਨ। ਬਹੁਤਾ ਚਿਰ ਨਹੀਂ ਹੋਇਆ ਜਦੋਂ ਪਤਨੀ ਜਾਇਦਾਦ ਦਾ ਇਕ ਅੰਗ ਸਮਝੀ ਜਾਂਦੀ ਸੀ। (ਪਤਨੀ ਨੂੰ ਜਾਇਦਾਦ ਸਮਝਣ ਦੀ ਧਾਰਣਾ ਅਜੋਕੀ ਸਥਿਤੀ ਵਿਚ ਵੀ ਜਿਵੇਂ ਦੀ ਤਿਵੇਂ ਹੀ ਹੈ) ਜਦੋਂ ਤਕ ਉਸ ਦਾ ਪਤੀ ਜੀਊਂਦਾ ਰਹਿੰਦਾ ਉਹ ਉਸ ਦੇ ਹੁਕਮ ਅਤੇ ਕੰਟਰੋਲ ਵਿਚ ਰਹਿੰਦੀ, ਜਦੋਂ ਕਿਤੇ ਉਹ ਅੱਖਾਂ ਮੀਟ ਜਾਂਦਾ ਤਾਂ ਉਮਰਾਂ ਦਾ ਵੱਡਾ ਫਰਕ ਨਾ ਹੋਣ ਦੀ ਸੂਰਤ ਵਿਚ ਉਹ ਆਪਣੇ ਦਿਉਰ ਨਾਲ ਚਾਦਰ ਪਾ ਲੈਂਦੀ। ਜੇ ਦਿਉਰ ਬੱਚਾ ਜਾਂ ਕੱਚੀ ਉਮਰ ਦਾ ਹੁੰਦਾ ਤਾਂ ਉਸ ਦਾ ਕਿਸੇ ਰਹੱਸਮਈ ਆਵੇਗ ਹੇਠ ਦਿਉਰ ਲਈ ਮਾਂ-ਪੁੱਤ ਵਾਲਾ ਪਿਆਰ ਉਤਪੰਨ ਹੋ ਜਾਂਦਾ। ਇਹ ਦੋ ਕਾਰਨ ਉਸ ਬਿਆਨ ਦਾ ਰਾਜ਼ ਸਮਝਾਉਂਦੇ ਹਨ, ਜਿਹੜਾ ਪੰਜਾਬੀ ਲੋਕ ਗੀਤਾਂ ਵਿਚ ਦਿਉਰ ਨੂੰ ਮਿਲਿਆ ਹੈ।[48]

ਜੇਕਰ ਇਹ ਰਿਸ਼ਤਾ ਸਮਝੌਤੇ ਨਾਲ ਨੇਪਰੇ ਚੜ੍ਹਦਾ ਹੈ ਤਾਂ ਇਸ ਦੇ ਤੁਲ ਕੋਈ ਰੁਮਾਂਚਿਕ ਰਿਸ਼ਤਾ ਨਹੀਂ, ਜੇਕਰ ਵਿਗੜ ਜਾਵੇ ਤਾਂ ਬਹੁਤ ਖਤਰਨਾਕ ਸਥਿਤੀ ਅਖਤਿਆਰ ਕਰ ਲੈਂਦਾ ਹੈ। ਇਸ ਦੀ ਪ੍ਰੋੜਤਾ ਡਾ. ਸੁਹਿੰਦਰ ਸਿੰਘ ਬੇਦੀ ਨੇ ਵੀ ਕੀਤੀ ਹੈ, ਉਸ ਦੇ ਸ਼ਬਦਾਂ ਵਿਚ :

> ਸਹੁਰੇ ਘਰ ਵਿਚ ਸਭ ਤੋਂ ਪਿਆਰਾ ਤੇ ਰੁਮਾਂਚਿਕ ਰਿਸ਼ਤਾ ਦਿਉਰ ਭਾਬੀ ਦਾ ਹੈ। ਭਾਬੀ ਦਾ ਪਟੋਲੇ ਵਰਗੇ ਰੂਪ ਤੇ ਜੋਬਨ ਦੀ ਮਹਿਕ ਦਿਉਰ ਨੂੰ ਕੀਲ ਕੇ ਬੰਨ੍ਹ ਲੈਂਦੀ ਹੈ ਇਨ੍ਹਾਂ ਦਾ ਆਪਸੀ ਸਨੇਹ ਇਕ ਅਲੌਕਿਕ ਪਿਆਰ ਦਾ ਰੂਪ ਧਾਰ ਲੈਂਦਾ ਹੈ ਜਿਸ ਵਿਚ ਸੇਕ ਵੀ ਹੁੰਦਾ ਹੈ ਤੇ ਠੰਢ ਵੀ। ਜੇ ਇਹ ਪਿਆਰ ਸੰਤੁਲਨ ਵਿਚ ਰਹੇ ਤਾਂ ਸਵਰਗ ਦਾ ਝੂਟਾ ਦੇ ਜਾਂਦਾ ਹੈ, ਜੇ ਉਲਾਰ ਹੋ ਜਾਵੇ ਤਾਂ ਰੋਗ ਬਣ ਜਾਂਦਾ ਹੈ।[49]

ਦਿਉਰ ਦੀ ਵਿਚੋਲਣ ਅਕਸਰ ਭਰਜਾਈ ਹੀ ਬਣਦੀ ਹੈ ਤੇ ਇਸ ਦੇ ਇਵਜ਼ਾਨੇ ਵਜੋਂ ਦਿਉਰ ਪਾਸੋਂ ਸੇਵਾਵਾਂ ਕਰਦੀ ਰਹਿੰਦੀ ਹੈ :

ਮੇਰੀ ਬੱਕਰੀ ਚਾਰ ਲਿਆ ਦਿਉਰਾ,
ਮੈਂ ਨਾ ਤੇਰਾ ਹੱਕ ਰੱਖਦੀ।

ਬਰਦਾਸ਼ਤ ਦੀ ਹੱਦ ਟੱਪਣ ਤੋਂ ਬਾਅਦ ਦਿਉਰ ਨੂੰ ਭਰਜਾਈ ਦੇ ਦਿਲ 'ਚ ਖੋਟ ਨਜ਼ਰ ਆਉਂਦੀ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਬੀ ਬੱਕਰੀ ਚਰਾਉਣ ਦੀ ਮਾਰੀ
ਲਾਰਾ ਲੱਪਾ ਲਾਈ ਰੱਖਦੀ ।

ਇਕ ਦੂਜੇ ਦਾ ਦੁੱਖੜਾ ਸਹਿਣ ਦੀ ਪ੍ਰਕਿਰਿਆ ਦੁਪਾਸੜ ਹੈ। ਦੋਹਾਂ ਦੀ ਸਥਿਤੀ 'ਲਾਲੀ ਮੇਰੀਆਂ ਅੱਖਾਂ ਵਿਚ ਰੜਕੇ, ਅੱਖ ਮੇਰੇ ਯਾਰ ਦੀ ਦੁਖੇ' ਵਾਲੀ ਹੋ ਜਾਂਦੀ ਹੈ। ਜਦੋਂ ਦਿਉਰ ਭਰਜਾਈ ਦੀ ਹਾਲਤ ਜਾਨਣ ਦੀ ਕੋਸ਼ਿਸ਼ ਕਰਦਾ ਹੈ :

ਪੁੱਛਦਾ ਦਿਉਰ ਖੜਾ ਤੇਰਾ ਕੀ ਦੁਖਦਾ ਭਰਜਾਈਏ ।

ਤਾਂ ਭਰਜਾਈ ਵੀ ਉਸ ਦੇ ਦੁੱਖ ਪ੍ਰਤੀ ਅਵੇਸਲੀ ਨਹੀਂ, ਉਹ ਤਾਂ ਦੋ ਕਦਮ ਅਗਾਂਹ ਹੈ :

ਦਿਉਰਾ ਤੈਨੂੰ ਧੁੱਪ ਲੱਗਦੀ,
ਮੱਚਦਾ ਕਾਲਜਾ ਮੇਰਾ ।

ਜਦੋਂ ਰਿਸ਼ਤਾ ਇੰਨਾ ਨਿਕਟਵਰਤੀ ਸੰਬੰਧਾਂ ਤੱਕ ਜਾ ਪਹੁੰਚਦਾ ਹੈ ਤਾਂ ਪ੍ਰਚਲਿਤ ਗੀਤ ਠੀਕ ਜਾਪਣ ਲੱਗ ਪੈਂਦਾ ਹੈ :

ਛੋਟਾ ਦਿਉਰ ਭਾਬੀਆਂ ਦਾ ਗਹਿਣਾ, ਹਿੱਕ ਉੱਤੇ ਮੇਹਲਦਾ ਫਿਰੇ ।

ਭਾਬੀ ਕਦੇ ਵੀ ਦਿਉਰ ਨੂੰ ਅੱਖਾਂ ਤੋਂ ਦੂਰ ਨਹੀਂ ਹੋਣ ਦੇਣਾ ਚਾਹੁੰਦੀ :

ਛੋਟਾ ਦਿਉਰ ਭਾਬੀਆਂ ਦਾ ਗਹਿਣਾ ,
ਡੱਬੀ ਵਿਚ ਪਾ ਕੇ ਰੱਖੀਏ ।

ਜਿਥੇ ਜੇਠ ਨਾਲ ਭਰਜਾਈ ਬੋਲਣ ਤੋਂ ਵੀ ਸੰਗਦੀ ਹੈ ਦਿਉਰ ਨਾਲ ਤਾਂ ਖੇਡਣ ਮੱਲਣ ਦੇ ਸੰਬੰਧ ਵੀ ਕਾਇਮ ਕਰਨਾ ਚਾਹੁੰਦੀ ਹੈ :

ਬੋਤਾ ਬੰਨ ਜੰਡੀਆਂ ਦੀ ਛਾਵੇਂ,
ਆ ਜਾ ਦਿਉਰਾ ਤਾਸ਼ ਖੇਡੀਏ ।

ਇਥੇ 'ਤਾਸ਼' ਦੇ ਅਰਥ ਬਹੁ-ਪਰਤੀ ਹਨ। ਤੇ ਫਿਰ ਮੇਲੇ ਜਾਣਾ ਵੀ ਕੋਤਾਹੀ ਨਹੀਂ ਸਮਝੀ ਜਾਂਦੀ ਕਿਉਂਕਿ ਰਿਸ਼ਤਾ ਅਭੇਦਤਾ ਦੀ ਸੀਮਾ ਤਕ ਜਾ ਪੁੱਜਦਾ ਹੈ। ਵਰਨਾ ਸਾਡੇ ਸਭਿਆਚਾਰਕ ਸੰਦਰਭ ਵਿਚ ਪਤੀ ਦੇਵ ਕਦੇ ਵੀ ਆਪਣੀ ਪਤਨੀ ਨੂੰ ਕਿਸੇ ਨਾਲ ਮਿਲ ਵਰਤਣ ਦੀ ਏਨੀ ਖੁਲ੍ਹ ਨਹੀਂ ਦੇ ਸਕਦਾ, ਪਰ ਦਿਉਰ ਦੀ ਸਥਿਤੀ ਇਸ ਤੋਂ ਉਲਟ ਹੈ :

ਮੁੰਡਾ ਚੁੱਕ ਲੈ ਵੀਰ ਦਾ ਢਾਕੇ,
ਚੱਲ ਦਿਉਰਾ ਮੇਲੇ ਚੱਲੀਏ ।

ਸਮਾਜਕ ਭੈ ਪਿੰਡ ਦੀ ਹੱਦੋਂ ਬਾਹਰ ਅਭੈ ਹੋ ਜਾਂਦਾ ਹੈ ਜਿਸ ਨਾਲ ਇਸ ਰਿਸ਼ਤੇ ਦੇ ਸੰਘਣੇਪਨ ਦਾ ਹੋਰ ਵੀ ਅਹਿਸਾਸ ਹੁੰਦਾ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਲੰਘ ਕੇ ਕੰਗੜੀਆਂ ਪਾਈਆਂ,
ਦਿਉਰ ਭਾਬੀ ਮੇਲੇ ਨੂੰ ਚੱਲੇ ।

ਦਿਉਰ ਨੂੰ ਜੇਠ ਦੇ ਮੁਕਾਬਲਤਨ ਹਮੇਸ਼ਾਂ ਚੰਗਾ ਸਮਝਿਆ ਜਾਂਦਾ ਹੈ ਕਿਉਂਕਿ ਉਹ ਭਾਬੀ ਦੇ ਦੁੱਖ ਸੁੱਖ ਦਾ ਭਾਈਵਾਲ ਹੈ, ਭਾਬੀ ਦਾ ਸਵਾਰਥ ਹੈ ਤੇ ਭਾਬੀ ਉਸ ਲਈ ਜ਼ਿੰਦਗੀ ਦੀ ਰੰਗੀਨ ਤਸਵੀਰ ਦਾ ਸੁਪਨਾ । ਭਰਜਾਈ ਤਾਂ ਕੁਰਬਾਨੀ ਦੀ ਪਾਤਰ ਹੈ :

ਅਸਾਂ ਜੇਠ ਨੂੰ ਲੱਸੀ ਨਹੀਂ ਦੇਣੀ,
ਦਿਉਰ ਭਾਵੇਂ ਮੱਝ ਚੁੰਘ ਜਾਏ ।...
ਅਸਾਂ ਜੇਠ ਦੀ ਝਿੜਕ ਨਹੀਂ ਸਹਿਣੀ,
ਦਿਉਰ ਭਾਵੇਂ ਜਾਨ ਕੱਢ ਲਏ ।

'ਦਿਉਰ ਭਾਵੇਂ ਜਾਨ ਕੱਢ ਲਏ' ਪਰ ਜੇਠ ਦਾ ਇਕ ਬੋਲ ਵੀ ਨਾ ਸਹਾਰਨਾ ਅਨਿਆ ਦੀ ਚਰਮਸੀਮਾ ਹੈ ਪਰ ਇਹ ਕੁਦਰਤੀ ਹੈ । ਮਨੁੱਖ ਮੁੱਢੋਂ ਹੀ ਸਵਾਰਥੀ ਬਸ਼ਿੰਦਾ ਰਿਹਾ ਹੈ । ਪਤੀ ਦੀ ਗੈਰ ਹਾਜ਼ਰੀ ਵਿਚ ਬਹੂ ਜਵਾਨੀ ਦੇ ਦਿਨ ਦਿਉਰ ਨਾਲ ਹੀ ਚੁਹਲ ਮੁਹਲ ਦੀ ਪ੍ਰਕਿਰਿਆ ਰਾਹੀਂ ਸੌਖੇ ਕੱਢ ਸਕਦੀ ਹੈ :

ਚਿੱਟਾ ਰੰਗ ਵੇ ਦੁਆਨੀ ਦਾ,
ਇਕ ਤੇਰਾ ਰੰਗ ਵੇ ਦਿਉਰਾ,
ਦੂਜਾ ਹੁਸਨ ਜਵਾਨੀ ਦਾ ।

ਰੁਝੇਵੇਂ ਦੌਰਾਨ ਵੀ ਦਿਉਰ ਨੂੰ ਸਮੇਂ ਦੀ ਨਬਜ਼ ਪਛਾਨਣ ਦੀਆਂ ਬੁਝਾਰਤਾਂ ਰਾਹੀਂ ਟੁੰਬਿਆ ਜਾਂਦਾ ਹੈ :

ਮੈਂ ਤੇ ਦਿਉਰ ਮੇਰਾ ਪੱਠੇ ਕੁਤਰੀਏ,
ਹੌਲੀ ਚੀਰਨੀ ਧਰ ਵੇ ।
ਮੇਰਾ ਜੀਅ ਨਹੀਂ ਲੱਗਦਾ, ਵੀਰ ਤੇਰਾ ਨਹੀਂ ਘਰ ਵੇ ।

ਜੀਅ ਲਾਉਣ ਨੂੰ ਅਸਿੱਧੇ ਤੌਰ ਤੇ ਦਿਉਰ ਨੂੰ ਕਿਹਾ ਜਾ ਰਿਹਾ ਹੈ । ਦੋਵੇਂ ਹਾਣ ਦੇ ਹਨ । ਦਿਉਰ ਵੀ ਭਰਜਾਈ ਦੀ ਹਾਲਤ ਨੂੰ ਸਮਝਦਾ ਹੈ । ਦੋਵਾਂ ਦੀ ਆਪਸੀ ਵਿਚਾਰ-ਧਾਰਾ ਹੀ ਰਿਸ਼ਤੇ ਦੀ ਪ੍ਰਕਿਰਤੀ ਨੂੰ ਸੁਖਾਵਾਂ ਮਾਹੌਲ ਪ੍ਰਦਾਨ ਕਰਦੀ ਹੈ :

ਵਿਹੜੇ ਦੇ ਵਿਚ ਫਿਰਦਾ ਭਾਬੀ, ਪੜ੍ਹਦਾ ਤੇਰੀ ਬਾਣੀ ।
ਹੋਰ ਤੇ ਸਾਰੇ ਬੁਢੜੇ ਖੁਢੜੇ ਮੈਂ ਤੇਰਾ ਹਾਣੀ ।
ਭਾਬੋ ਮੇਰੇ ਬੋਦਿਆਂ ਤੇ ਛਿੜਕ ਦੇ ਪਾਣੀ ।

ਵਿਰੋਧਾਤਮਕ ਸਥਿਤੀ ਵਿਚ ਤਰਲੇ ਮਿੰਨਤਾਂ ਤੋਂ ਸਿਵਾਏ ਉਸ ਨੂੰ ਕੋਈ ਚਾਰਾ ਨਜ਼ਰ ਨਹੀਂ ਆਉਂਦਾ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਬੀ ਭਾਬੀ ਕਰਦਾ ਭਾਬੀਏ, ਪੜ੍ਹਦਾ ਤੇਰੀ ਬਾਣੀ ।
ਨਿੱਕੀ ਜਿਹੀ ਗੱਲ ਤੋਂ ਪਿਆ ਪਵਾੜਾ,
ਤੰਦ ਦੀ ਬਣ ਗਈ ਤਾਣੀ
ਲੈ ਭਾਬੀ ਘਰ ਬਾਰ ਸਾਂਭ ਲੈ, ਰਤੀ ਫਰਕ ਨਾ ਜਾਣੀ ।
ਮਰਦੇ ਦੇਵਰ ਦੇ ਮੂੰਹ ਵਿਚ ਪਾ ਦੇ ਪਾਣੀ ।

ਭਾਬੀ ਵੀ ਅੱਗੋਂ ਘੱਟ ਨਹੀਂ ਉਸ ਕੋਲ ਵੀ ਜਿਵੇਂ ਘੜਿਆ ਘੜਾਇਆ ਜਵਾਬ ਹੋਵੇ :

ਹੁਣ ਤਾਂ ਤੂੰ ਪਿਆ ਮਿੰਨਤਾਂ ਕਰਦਾ, ਘਾਟੇ ਵਾਧੇ ਕਰਕੇ
ਛੜੇ ਲੋਕ ਤਾਂ ਰਾਜ਼ੀ ਰਹਿੰਦੇ, ਬੇਹੇ ਟੁੱਕੜ ਚਰਕੇ
ਹੁਣ ਤੋਂ ਮੁੰਡਿਆ ਪੀਹਣ ਬਹਿ ਜਾ, ਸਾਰੇ ਕੱਢੇਗਾ ਮਰਕੇ
ਗੋਲੀ ਨੈਣਾਂ ਦੀ ਹੁਣ ਮਾਰੂੰਗੀ ਭਰ ਕੇ ।

ਦਿਉਰ ਜਾਣਦਾ ਹੈ ਕਿ ਮਿਠਤ ਹੀ ਠੰਢ ਵਰਤਾ ਸਕਦੀ ਹੈ । ਉਹ ਜਿਵੇਂ ਡੁਬਕੂੰ ਡੁਬਕੂੰ ਡੋਲਦਾ ਆਪਣੇ ਚਹਿੱਤਰ ਦੀ ਸਹੁੰ ਖਾਂਦਾ ਹੈ :

ਕਾਹਤੋਂ ਭਾਬੀ ਗੋਲੀ ਮਾਰੇਂ, ਕੀ ਚੁੱਕ ਲਿਆ ਤੇਰਾ ਛੰਨਾ,
ਘਰ ਤੇ ਬਾਹਰ ਸਭ ਤੇਰਾ ਭਾਬੋ, ਰਤੀ ਫਰਕ ਨਾ ਮੰਨਾਂ ।
ਕੰਮ ਕਾਰ ਮੈਂ ਕਰਦੂੰ ਤੇਰਾ, ਚਰਕੇ ਟੁਕੜਾ ਖੰਨਾ ।
ਸੋਹਣੀ ਭਾਬੋ ਨੂੰ ਰਾਮ ਬਰੋਬਰ ਮੰਨਾ ।

ਗਰਭਵਤੀ ਹੋਣ ਦੀ ਸੂਰਤ ਵਿਚ ਜੇਕਰ ਭਾਬੀ ਮਿੱਟੀ ਮੰਗਦੀ ਹੈ ਤਾਂ ਦਿਉਰ ਸੇਵਾ ਭਾਵ ਸਮਝਦਾ ਹੋਇਆ ਵੱਖ ਵੱਖ ਪਦਾਰਥ ਪ੍ਰਦਾਨ ਕਰਦਾ ਹੈ । ਉਹ ਭਰਜਾਈ ਦੀ ਖੁਸ਼ਾਮਦ ਕਰਕੇ ਉਸ ਦਾ ਦਿਲ ਜਿੱਤਣਾ ਚਾਹੁੰਦਾ ਹੈ । ਏਸੇ ਸੇਵਾ ਭਾਵ ਸਦਕਾ ਹੀ ਤਾਂ ਭਰਜਾਈ ਉਸ ਨੂੰ ਅੱਖੀਆਂ 'ਚ ਵਸਾਈ ਰੱਖਦੀ ਹੈ :

ਕਾਲਾ ਦਿਉਰ ਕੱਜਲ ਦੀ ਧਾਰੀ,
ਅੱਖੀਆਂ 'ਚ ਪਾ ਰੱਖਦੀ ।

ਇਸ ਰਿਸ਼ਤੇ ਦਾ ਇਹ ਪੱਖ ਸਿਰਫ਼ ਹਾਸੇ ਮਖੌਲ ਤਕ ਹੀ ਸੀਮਿਤ ਰਹਿੰਦਾ ਹੈ ਜੇਕਰ ਦਿਉਰ ਇਸ ਤੋਂ ਅਗਾਂਹ ਕਦਮ ਪੁੱਟਣ ਵੀ ਲੱਗਦਾ ਹੈ ਤਾਂ ਭਰਜਾਈ ਫਿਟਕਾਰ ਪਾਉਂਦੀ ਹੈ :

ਅੱਧੀ ਤੇ ਰਾਤੀਂ ਤੇ ਪਿਛਲਾ ਈ ਪਹਿਰਾ,
ਮੇਰਾ ਕੁੰਡਾ ਕਿਨ ਖੜਕਾਇਆ ।
ਵੇ ਸਾਡੇ ਹਾਣ ਦਿਆ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੁੱਪ ਕਰ ਨਾਜੋ, ਚੁੱਪ ਕਰ ਭਾਬੋ
ਨੀ ਅੜੀਏ ਦਿਉਰ ਘਰਾਂ ਵੱਲ ਆਇਆ ।
ਹੱਥ ਵਿਚ ਮੇਰੇ ਮਖਮਲ ਜੋੜਾ, ਵੇ ਦਿਉਰਾ
ਮਾਰਾਂ ਇਹ ਸਿਰ ਤੇਰੇ, ਵੇ ਸਾਡੇ ਹਾਣ ਦਿਆ ।

ਇਹ ਰਿਸ਼ਤੇ ਦਾ ਦੂਜਾ ਪੱਖ ਜੋ ਲੋਕ ਗੀਤਾਂ 'ਚੋਂ ਉਘੜਦਾ ਹੈ ਉਹ ਹੈ ਜਾਇਦਾਦ ਦੀ ਵਾਰਸੀ ਦਾ ਸਵਾਲ । ਜੇਕਰ ਭਰਜਾਈ ਤਕਰਾਰ ਕਾਰਣ ਦਿਉਰ ਤੋਂ ਵੱਖਰਾ ਘਰ ਸਥਾਪਿਤ ਕਰਨ ਦੀ ਗੱਲ ਪਤੀ ਨਾਲ ਕਰਦੀ ਹੈ ਤਾਂ ਉਸ ਦਾ ਪਤੀ ਉਸ ਨੂੰ ਸਮਝਾਉਂਦਾ ਹੈ :

ਦਿਉਰ ਭਾਬੀ ਲੱਖ ਲੱਖ ਹੱਸਦੇ, ਕੀ ਗੋਲੀ ਸੀ ਮਾਰੀ ?
ਜੇ ਨਿਆਣੇ ਨੇ ਕਰੀ ਮਸ਼ਕਰੀ, ਤੂੰ ਕੀ ਹੋ ਗਈ ਮਾੜੀ ?
ਹਾੜੀ ਸੁਧੇ ਵੰਡਾ ਲਊ ਸਾਉਣੀ, ਭੋਂ ਵੰਡਾ ਲਊ ਸਾਰੀ ।
ਫੇਰ ਵੰਡਾ ਲਊ ਟੂਮਾਂ ਨਖਰੋ, ਆਹ ਬੂਥਾ ਨਹੀਂ ਰਹਿਣਾ
(ਮੈਂ) ਸਮਝਾ ਦਊਂਗਾ ਤੂੰ ਕੀ ਬੋਲ ਕੇ ਲੈਣਾ ?

ਭਰਾ ਇਹ ਨਹੀਂ ਚਾਹੁੰਦਾ ਕਿ ਜ਼ਮੀਨ ਦੀਆਂ ਵੰਡੀਆਂ ਪੈਣ ਤੇ ਉਸ ਦਾ ਭਰਾ ਅੱਧ ਵੰਡਾ ਕੇ ਸਾਂਝ ਤੋੜ ਲਏ । ਇਸੇ ਲਈ ਉਹ ਆਪਣੀ ਨਾਜੋ ਨੂੰ ਚੁੱਪ ਰਹਿਣ ਦੀ ਹੀ ਤਾਕੀਦ ਕਰਦਾ ਹੈ ਤੇ ਭਾਬੀ ਦਿਉਰ ਵਿਚਕਾਰ ਇਹ ਈਰਖਾਬਾਜ਼ੀ ਸਮਝੌਤਾ ਸਥਿਤੀ ਗ੍ਰਹਿਣ ਕਰ ਲੈਂਦੀ ਹੈ । ਹੁਣ ਉਹ ਉਸ ਦੇ ਵਿਆਹ ਦੀ ਤਮੰਨਾ ਕਰਦੀ ਹੈ :

ਘੁੰਡ ਕੱਢ ਕੇ ਸਲਾਮੀ ਪਾਵਾਂ,
ਵਿਆਹ ਕਰਵਾ ਦਿਉਰਾ ।

ਜਿਥੇ ਦਿਉਰ ਭਾਬੀ ਦੇ ਰਿਸ਼ਤੇ ਵਿਚ ਡਾਕਟਰ ਬੇਦੀ ਅਨੁਸਾਰ[60] ਉਲਾਰਪੁਣਾ ਆ ਜਾਂਦਾ ਹੈ, ਉਥੇ ਭਰਜਾਈ ਦਿਉਰ ਤੋਂ ਆਪਣੀ ਜਾਇਦਾਦ ਦਾ ਵਿਭਾਜਨ ਕਰ ਲੈਣਾ ਚਾਹੁੰਦੀ ਹੈ :

ਮੈਂ ਅੱਧਿਆਂ ਮੁਰੱਬਿਆਂ ਵਾਲੀ,
ਦਿਉਰਾ ਮੇਰੀ ਭੋਂ ਵੰਡ ਦੇ ।

ਜਦੋਂ ਆਰਥਿਕ ਪੱਖ ਤੋਂ ਭਰਾਜਈ ਦਿਉਰ ਦੀ ਜਾਇਦਾਦ ਹੜੱਪ ਕਰਨ ਬਾਰੇ ਸੋਚਦੀ ਹੈ ਤਾਂ ਉਹ ਲਗਦੀ ਵਾਹੇ ਉਸ ਦਾ ਵਿਆਹ ਨਹੀਂ ਹੋਣ ਦੇਣਾ ਚਾਹੁੰਦੀ । ਉਸ ਦੀ ਮੰਗਣੀ ਮਗਰੋਂ ਵੀ ਉਸ ਦੀ ਇਹ ਮਨੋਕਾਮਨਾ ਹੁੰਦੀ ਹੈ ਕਿ ਕਿਸੇ ਤਰ੍ਹਾਂ ਗੰਢਿਆ ਜਾ ਚੁੱਕਾ ਰਿਸ਼ਤਾ ਵਿਚਾਲਿਉਂ ਤੁੱਟ ਜਾਵੇ ਜਾਂ ਕੋਈ ਅਬੀ ਨਬੀ ਹੀ ਹੋ ਜਾਵੇ ਤਾਂ ਜੋ ਉਹ ਉਸ ਦਾ ਮੁਥਾਜ ਬਣਕੇ ਰਹਿ ਜਾਵੇ ਤੇ ਉਸ ਦੀ ਜਾਇਦਾਦ ਦੀ ਉਹ ਮਾਲਕ ਬਣ ਜਾਵੇ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਤੇਰੀ ਸੰਗ ਮਾਰ ਜੇ,
ਵੇ ਤੂੰ ਮੇਰਿਆਂ ਹੱਥਾਂ ਵਲ ਵੇਖੇਂ ।

ਉਪਰੋਕਤ ਵਿਚਾਰ ਵਿਮਰਸ਼ ਤੋਂ ਅਸੀਂ ਇਹ ਅੰਦਾਜ਼ਾ ਸਹਿਜੇ ਹੀ ਲਾ ਸਕਦੇ ਹਾਂ ਕਿ ਜਿਥੇ ਕਿਤੇ ਇਹ ਰਿਸ਼ਤਾ ਸੁਖਾਵੇਂ ਮਾਹੌਲ 'ਚ ਹੈ ਭਾਵ ਸਵਾਰਥ ਰਹਿਤ ਹੈ ਉਥੇ ਇਹ ਰੁਮਾਂਚਿਕਤਾ ਭਰਪੂਰ ਤੇ ਹਾਸੇ ਮਖੌਲ ਵਾਲਾ ਹੈ ਪਰ ਜਿਥੇ ਕਿਤੇ ਸਵਾਰਥ ਦੀ ਗੱਲ ਹੈ, ਉਥੇ ਇਹ ਰਿਸ਼ਤਾ ਇਕ ਰੋਗ ਤੇ ਸਾੜੇ ਕੀਨੇ ਤੋਂ ਵੱਧ ਕੁਝ ਨਹੀਂ :

## ਜੀਜਾ ਸਾਲੀ ਦਾ ਰਿਸ਼ਤਾ

ਸਾਲੀ ਸਾਲੀ ਸਾਲੀ,
ਹੁੰਦੀ ਅੱਧੀ ਘਰ ਵਾਲੀ ।

ਸਾਲੀ ਘਰ ਵਾਲੀ ਤੋਂ ਬਾਅਦ ਦੂਜੀ ਸੰਭਾਵਿਤ ਪਤਨੀ ਹੁੰਦੀ ਹੈ । ਇਸੇ ਕਰਕੇ ਹੀ ਉਸ ਨੂੰ ਅੱਧੀ ਘਰ ਵਾਲੀ ਆਪਣੀ ਪਤਨੀ ਦੇ ਜੀਊਂਦੇ ਜੀਅ ਕਹਿਣ ਦਾ ਹੱਕ ਹੁੰਦਾ ਹੈ, ਜੋ ਪਤਨੀ ਤੋਂ ਬਾਅਦ ਵਿਆਹ ਕਰਵਾਉਣ ਤੇ ਪੂਰੀ ਪਤਨੀ ਭਾਵ ਘਰ ਵਾਲੀ ਬਣ ਜਾਂਦੀ ਹੈ । ਜੀਜੇ ਸਾਲੀ ਦਾ ਰਿਸ਼ਤਾ ਮਖੌਲ ਵਾਲੇ ਸੰਬੰਧਾਂ ਨਾਲ ਸੰਬੰਧਿਤ ਹੈ । ਸਤਿਕਾਰ ਅਤੇ ਪ੍ਰਹੇਜ਼ ਵਾਲੇ ਸੰਬੰਧਾਂ ਦੇ ਉਲਟ ਮਖੌਲ ਵਾਲੇ ਸੰਬੰਧ ਮਿਲਦੇ ਹਨ । ਕਈ ਸਭਿਆ-ਚਾਰਾਂ ਵਿਚ ਸਾਲੇ ਸਾਲੀਆਂ ਚਾਹੇ ਉਹ ਵੱਡੇ ਥਾਂ ਜਾਂ ਛੋਟੇ ਥਾਂ ਹੋਣ, ਸਭ ਨਾਲ ਹਾਸਾ ਮਜ਼ਾਕ ਚੱਲ ਜਾਂਦਾ ਹੈ । ਪਰ ਕਈਆਂ ਵਿਚ ਕੇਵਲ ਨਿੱਕਿਆਂ ਨਾਲ ਹੀ ਮਜ਼ਾਕ ਚੱਲਦਾ ਹੈ ਵੱਡਿਆਂ ਨੂੰ ਸਤਿਕਾਰ ਭਾਵਨਾ ਦੀ ਦ੍ਰਿਸ਼ਟੀ ਤੋਂ ਹੀ ਵੇਖਿਆ ਜਾਂਦਾ ਹੈ । ਐਸ. ਐਸ. ਅਮੋਲ ਅਨੁਸਾਰ :

> ਸਾਲੀ ਨਾਲ ਵਿਆਹ ਵਹੁਟੀ ਦੇ ਜੀਊਂਦੇ ਜੀਅ ਜਾਂ ਪਿੱਛੋਂ ਕਰਵਾਉਣ ਦਾ ਰਿਵਾਜ ਭੀ ਲਗਭਗ ਸਾਰੇ ਹੀ ਭਾਰਤ ਉੱਤੇ ਹੈ ਅਤੇ ਦਿਉਰ ਭਰਜਾਈ ਵਾਂਗ ਸਾਲੀ ਭਣਵਈਏ ਦੇ ਮਖੌਲ ਠੱਠੇ ਤੇ ਪ੍ਰੀਤ ਕਹਾਣੀਆਂ ਵੀ ਬਹੁਤ ਪ੍ਰਚਲਿਤ ਹਨ । ਦੂਜੇ ਪਾਸੇ ਵੱਡੀ ਸਾਲੀ ਦਾ ਲਗਭਗ ਸੱਸ ਜਿੰਨਾ ਸਤਿਕਾਰ ਕਰਨਾ ਉਚਿਤ ਲਿਖਿਆ ਗਿਆ ਹੈ, ਪਰ ਛੋਟੀ ਸਾਲੀ ਨੂੰ ਅੱਧੀ ਪਤਨੀ ਮਖੌਲ ਨਾਲ ਕਿਹਾ ਜਾਂਦਾ ਹੈ ।[51]

ਪੰਜਾਬੀ ਸਭਿਆਚਾਰਕ ਸੰਦਰਭ ਵਿਚ ਇਹ ਰਿਸ਼ਤਾ ਸਿਰਫ਼ ਸਾਲੀਆਂ ਨਾਲ ਹੀ ਮਖੌਲ ਜਾਂ ਹਾਸੇ ਠੱਠੇ ਦੇ ਰੂਪ 'ਚ ਪੇਸ਼ ਹੁੰਦਾ ਹੈ, ਸਾਲਿਆਂ ਨਾਲ ਨਾਲ ਨਹੀਂ । ਸਾਲਾ ਜੀਜਾ ਦੋਵੇਂ ਇਕ ਦੂਜੇ ਦੀਆਂ ਨਜ਼ਰਾਂ 'ਚ ਸਾਊ ਬਣਨ ਦੀ ਕੋਸ਼ਿਸ਼ ਹੀ ਕਰਦੇ ਹਨ ।

ਜੀਜਾ ਸਾਲੀ ਦੇ ਰਿਸ਼ਤੇ ਵਿਚ ਹਾਸੇ ਮਖੌਲ ਨੂੰ ਸਮਾਜਕ ਪ੍ਰਵਾਨਗੀ ਕਾਰਣ ਕੋਈ ਵੀ ਧਿਰ ਬੁਰਾ ਨਹੀਂ ਮਨਾਉਂਦੀ । ਇਹ ਸੰਬੰਧ ਜ਼ਬਾਨੀ ਮਖੌਲ ਦੀਆਂ ਹੱਦਾਂ ਟੱਪ ਕੇ ਕ੍ਰਿਆਤਮਕ ਛੇੜਖਾਨੀ ਨਾਲ ਵੀ ਜਾ ਜੁੜਦਾ ਹੈ । ਇਥੋਂ ਤਕ ਕਿ ਕਈ ਸਮਾਜਾਂ ਵਿਚ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸ਼ਲੀਲਤਾ ਜਾਂ ਅਸ਼ਿਸ਼ਟਤਾ ਨੂੰ ਵੀ ਥਾਂ ਦਿੱਤੀ ਜਾਂਦੀ ਹੈ ਪਰ ਪੰਜਾਬੀ ਸਭਿਆਚਾਰ ਵਿਚ ਅਸ਼ਲੀਲਤਾ ਦੇ ਅੰਸ਼ ਲੁਕਵੇਂ ਰੂਪ 'ਚ ਕੇਵਲ ਜ਼ਬਾਨੀ ਅਪਣਾਉਣੇ ਤਾਂ ਜਾਇਜ਼ ਹਨ ਪਰ ਕ੍ਰਿਆਤਮਕ ਰੂਪ 'ਚ ਅਸ਼ਲੀਲਤਾ ਪ੍ਰਵਾਨ ਨਹੀਂ। ਰੈਡਕਲਿਫ ਬ੍ਰਾਊਨ ਨੇ ਇਸ ਪ੍ਰਕਾਰ ਦੇ ਸੰਬੰਧਾਂ ਨੂੰ ਮਿੱਤਰਤਾ ਅਤੇ ਵਿਰੋਧਤਾ ਦੇ ਭਾਵਾਂ ਦਾ ਮਿਸ਼ਰਣ ਦੱਸਿਆ ਹੈ। ਉਸ ਅਨੁਸਾਰ :

> ਇਹ ਵਰਤਾਉ ਹੀ ਅਜਿਹੀ ਪ੍ਰਕਾਰ ਦਾ ਹੈ ਕਿ ਕਿਸੇ ਵੀ ਹੋਰ ਸਮਾਜਕ ਪ੍ਰਸੰਗ ਵਿਚ ਇਸ ਤੋਂ ਵਿਰੋਧਤਾ ਪੈਦਾ ਹੋ ਸਕਦੀ ਹੈ। ਪਰੰਤੂ ਇਸ ਪ੍ਰਕਾਰ ਦੇ ਵਤੀਰੇ ਨੂੰ ਗੰਭੀਰ ਰੂਪ ਵਿਚ ਨਹੀਂ ਲਿਆ ਜਾਂਦਾ ਇਸ ਵਿਚ ਲੁਕਵੇਂ ਰੂਪ ਵਿਚ ਵਿਰੋਧਾ ਭਾਵ (ਪ੍ਰਤਿਰੋਧ) ਅਤੇ ਸੱਚੀ ਮਿੱਤਰਤਾ ਵਾਲੇ ਭਾਵ ਮਿਲਦੇ ਹਨ ਜਾਂ ਫਿਰ ਇਸ ਪ੍ਰਕਾਰ ਦੇ ਵਰਤਾਉ ਵਿਚ ਵਿਰੋਧਤਾ ਦਾ ਬਹਾਨਾ ਕੀਤਾ ਜਾਂਦਾ ਹੈ ਅਤੇ ਅਸਲ ਵਿਚ ਸੱਚੀ ਮਿੱਤਰਤਾ ਵਾਲੇ ਸੰਬੰਧ ਸ਼ਾਮਿਲ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਠੱਠਾ ਮਖੌਲ ਦੇ ਸੰਬੰਧ ਅਜਿਹੇ ਸਤਿਕਾਰ ਰਹਿਤ ਸੰਬੰਧ ਹਨ ਜਿਨ੍ਹਾਂ ਨੂੰ ਪ੍ਰਵਾਨਗੀ ਪ੍ਰਾਪਤ ਹੈ।[62]

ਦਰਅਸਲ ਜੀਜਾ ਸਾਲੀ ਵਿਚਕਾਰ ਕੋਈ ਆਰਥਿਕ ਜਾਂ ਸਮਾਜਕ ਵਿਰੋਧ ਨਾ ਹੋਣ ਕਰਕੇ ਰਿਸ਼ਤਾ ਨਰਮ ਹੈ। ਹੋਰਨਾ ਸਾਕ ਸੈਣਾਂ ਨਾਲੋਂ ਜੀਜੇ ਤੇ ਜ਼ਿਆਦਾ ਭਰੋਸਾ ਹੋਣ ਕਾਰਣ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸਾਲੀ ਦਾ ਸਾਕ ਕਿਸੇ ਨਿਗਦੇ ਘਰ ਅਥਵਾ ਸੁਨੱਖੇ ਲੜਕੇ ਨਾਲ ਗੰਢਣ ਵਿਚ ਸਭ ਤੋਂ ਵੱਧ ਸਹਾਈ ਹੋ ਸਕਦਾ ਹੈ। ਦੂਜਾ 'ਭਾਈਆ ਪ੍ਰਾਹੁਣਾ' ਕਿਉਂਕਿ ਆਪਣੀ ਪਤਨੀ ਦੀ ਮੌਤ (ਜੇਕਰ ਉਹ ਜਵਾਨ ਉਮਰ ਵਿਚ ਮਰ ਜਾਵੇ) ਤੋਂ ਬਾਅਦ ਸਾਲੀ ਨਾਲ ਵਿਆਹ ਕਰਵਾ ਸਕਦਾ ਹੈ ਜਿਸ ਕਾਰਣ ਇਸ ਰਿਸ਼ਤੇ ਵਿਚ ਸੰਭਾਵਨਾ ਬਣੀ ਰਹਿੰਦੀ ਹੈ। ਇਹ ਰਿਸ਼ਤਾ ਦਿਉਰ ਭਾਬੀ ਦੇ ਬਦਲਵੇਂ ਰਿਸ਼ਤੇ ਦਾ ਹੀ ਸਮਰੂਪ ਹੈ। "ਭਾਬੀ ਦਿਉਰ ਅਤੇ ਜੀਜਾ ਸਾਲੀ ਵਿਚਲਾ ਲੈਣ ਦੇਣ ਇਸ ਗੱਲ ਦਾ ਪ੍ਰਤੀਕ ਹੈ ਕਿ ਉਹ ਇਕ ਦੂਜੇ ਲਈ ਪਤੀ ਪਤਨੀ ਦੀ ਸੰਭਾਵਨਾ (Potentiality ਰੱਖਦੇ ਹਨ। ਦੂਜੇ ਸ਼ਬਦਾਂ ਵਿਚ ਉਹ ਸੰਭਾਵੀ ਪਤੀ-ਪਤਨੀ (Potential Husband Wife) ਹਨ"।[63] ਇਸ ਕਾਰਣ ਉਹ ਮਾਹੌਲ ਇਥੇ ਵੀ ਉਜਾਗਰ ਹੁੰਦਾ ਹੈ ਜਿਹੜਾ ਦਿਉਰ ਭਾਬੀ ਦੇ ਰਿਸ਼ਤੇ ਵਿਚ ਲੋਕਗੀਤਕ ਸੰਦਰਭ ਵਿਚ ਸਿਰਜਿਆ ਮਿਲਦਾ ਹੈ :

ਜੀਜਾ ਵਾਰ ਦੇ ਦੁਆਨੀ ਖੋਟੀ,
ਗਿੱਧੇ ਵਿਚ ਸਾਲੀ ਨੱਚਦੀ।

ਦੁਆਨੀ ਖੋਟੀ ਹੈ, ਜੀਜੇ ਤੇ ਵਿਅੰਗ ਹੈ ਕਿ ਉਹ ਹੋਰ ਕੁਝ ਦੇਣੋਂ ਅਸਮਰਥ ਹੈ ਕੀ ਉਸ ਪਾਸੋਂ ਖੋਟਾ ਸਿੱਕਾ ਵੀ ਨਹੀਂ ਵਾਰ ਹੁੰਦਾ ? ਫਿਰ ਜੇਕਰ ਜੀਜੇ ਨੂੰ ਪਰੀਬੰਦ ਲਿਆਉਣ ਲਈ ਕਿਹਾ ਜਾਂਦਾ ਹੈ ਤਦ ਵੀ ਵਾਜਬ ਹੱਕ ਦੀ ਗੱਲ ਜ਼ਰੂਰ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਜਾ ਸਾਲੀ ਨੂੰ ਪਰੀ ਬੰਦ ਲਿਆ ਦੇ,
ਮੈਂ ਨਾ ਤੇਰਾ ਹੱਕ ਰੱਖਦੀ ।

ਜੀਜਾ ਵੀ ਘੱਟ ਨਹੀਂ ਕਰਦਾ ਸਾਲੀ ਦੇ ਹੱਥ ਜੁੜਵਾਉਣੇ ਹੀ ਉਸ ਦੀ ਜਿੱਤ ਹੈ :

ਛੰਦ ਪਰਾਗੇ ਆਈਏ ਜਾਈਏ,

ਛੰਦ ਪਰਾਗੇ ਥਾਲੀ,
ਹੋਰ ਛੰਦ ਮੈਂ ਤਾਂ ਸੁਣਾਵਾਂ ਜੇ ਹੱਥ ਜੋੜੇ ਸਾਲੀ ।

ਸਾਲੀ ਦੇ ਹੱਥ ਜੋੜਨ ਤੇ ਲੁਕਵੀਂ ਅਸ਼ਲੀਲਤਾ ਜੀਜੇ ਦੇ ਬੋਲਾਂ 'ਚ ਸ਼ਰਾਰਤ ਦਾ ਰੂਪ ਧਾਰ ਕੇ ਆ ਘੁਸੜਦੀ ਹੈ :

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਤੁੰਮਾ ।
ਸੱਭੇ ਸਾਲੀਆਂ ਸੋਹਣੀਆਂ ਮੈਂ ਕੀਹਦਾ ਮੂੰਹ ਚੁੰਮਾ ?

ਮੇਲੇ ਜਾਣ ਦਾ ਸੰਕਲਪ ਦਿਉਰ ਭਾਬੀ ਦੇ ਰਿਸ਼ਤੇ ਵਾਂਗ ਇਥੇ ਵੀ ਵਿਦਮਾਨ ਹੈ । ਸਾਲੀ ਦਾ ਅੰਦਰਲਾ ਮੰਨ ਡਰਦਾ ਹੈ ਪਰ ਇਸ ਵਿਚ ਸਵਾਦ ਵੀ ਹੈ ਕਿਉਂਕਿ ਉਨ੍ਹਾਂ ਵਿਚਕਾਰ ਹਾਸੇ ਮਖੌਲ ਦੀ ਸੀਮਾ ਸਿਖਰ ਤੇ ਪਹੁੰਚ ਚੁੱਕੀ ਹੈ ਜੋ ਕਿਸੇ ਵੇਲੇ ਵੀ ਹੱਦਾਂ ਪਾਰ ਕਰ ਸਕਦੀ ਹੈ । ਜੀਜੇ ਨੂੰ ਉਪਰਲੇ ਮਨ ਨਾਲ ਚੇਤਾਵਨੀ ਵੀ ਜ਼ਰੂਰੀ ਹੈ :

ਜੀਜਾ ਲੈ ਚੱਲ ਮੈਨੂੰ ਮੇਲੇ,
ਆਪਣਾ ਧਰਮ ਰੱਖੀਂ ।

ਸਾਊ ਜਾਂ ਸ਼ਰੀਫ ਜੀਜੇ ਤੇ ਵੀ ਜੇਠ ਵਾਲੀ ਹਾਲਤ ਭਾਰੂ ਹੈ । ਸਾਊ ਬਣ ਕੇ ਸਹੁਰਿਆਂ 'ਚ ਵਿਚਰਨਾ ਜੀਜੇ ਲਈ ਸ਼ੋਭਦਾ ਹੈ । ਉਹ ਅੱਖ ਉਤਾਂਹ ਚੁੱਕ ਕੇ ਨਹੀਂ ਵੇਖਦਾ ਪਰ ਸਹੁਰੇ ਘਰ ਵਿਚ ਸਾਲੀ ਇਕ ਅਜਿਹੀ ਪਾਤਰ ਹੈ ਜੋ ਉਸ ਨੂੰ ਮੱਲੋ ਮੱਲੀ ਆਪਣੀ ਦਿੱਖ ਦਿਖਾਉਣੀ ਚਾਹੁੰਦੀ ਹੈ :

ਜੀਜਾ ਅੱਖੀਆਂ ਨਾ ਮਾਰ,
ਵੇ ਮੈਂ ਕੱਲ੍ਹ ਦੀ ਕੁੜੀ ।

ਅਜਿਹਾ ਗੀਤ ਉਸ ਨੂੰ ਮਜ਼ਬੂਰ ਕਰਦਾ ਹੈ ਕਿ ਉਹ ਸ਼ਰਾਫਤ ਦਾ ਚੋਗਾ ਉਤਾਰ ਕੇ ਉਸੇ ਵਿਚਾਰਧਾਰਾ ਦਾ ਧਾਰਣੀ ਹੋ ਜਾਵੇ ਜਿਸ ਦੀ ਕਿ ਉਸ ਦੀ ਸਾਲੀ ਹੈ । ਗੁੱਸਾ ਜਾਂ ਨਰਾਜ਼ਗੀ ਇਸ ਸਾਕ ਵਿਚ ਵਿਵਰਜਤ ਹੋਣ ਕਾਰਣ ਉਹ ਅਜਿਹਾ ਕਰਨੋਂ ਵੀ ਬੇਵੱਸ ਹੁੰਦਾ ਹੈ । ਇਸ ਲਈ ਉਸ ਕੋਲ ਵੀ ਮਖੌਲ ਜਾਂ ਮਸ਼ਕਰੀ ਤੋਂ ਸਿਵਾਏ ਕੋਈ ਹਥਿਆਰ ਨਹੀਂ ਰਹਿ ਜਾਂਦਾ ਜਿਸ ਨਾਲ ਉਹ ਸਾਲੀ ਦਾ ਮੁਕਾਬਲਾ ਕਰ ਸਕੇ । ਪਤਨੀ ਦੇ ਪੁੱਛਣ ਤੇ ਕਿ ਦਿਲ ਦਾ ਭੇਤ ਕਿਸ ਨੇ ਲਿਆ ? ਪਤੀ ਦਾ ਨਿੱਕੀ ਸਾਲੀ ਦਾ ਨਾਂ ਲੈਣਾ ਵਾਸਤ-



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਕਤਾ ਦੀ ਸੋਝੀ ਕਰਾਉਂਦਾ ਹੈ :

ਛੋਟੀ ਸਾਲੀ ਲੈ ਲਿਆ ਗੋਰੀਏ,
ਦਿਲ ਦਾ ਭੇਤ ।

ਜੀਜਾ ਨੂੰ ਤਾਂ ਪਹਿਲੇ ਦਿਨ ਜਿਸ ਵੇਲੇ ਪਲੰਘ ਤੇ ਬੈਠਣ ਦੀ ਰਸਮ ਹੁੰਦੀ ਹੈ ਉਸ ਵੇਲੇ ਤੋਂ ਹੀ ਟਿਚਕਰਾਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ :

ਜੀਜਾ ਸੁਰਮਾ ਦੋ ਭਰਾ,
ਇਕ ਕੱਢੀਏ ਇਕ ਪਾਈਏ,
ਤੈਨੂੰ ਨਵੀਂ ਬੰਨੋ ਦਾ ਚਾਅ ।

ਜੀਜਾ ਵੀ ਨਿਰਸੰਕੋਚ ਹੋ ਸਾਲੀ ਦੇ ਸਾਕ ਦੀ ਗੱਲ ਇਸ ਵੇਲੇ ਤੋਂ ਹੀ ਸ਼ੁਰੂ ਕਰ ਦਿੰਦਾ ਹੈ ਜੋ ਛੰਦਾਂ 'ਚੋਂ ਪ੍ਰਗਟ ਹੁੰਦੀ ਹੈ :

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਗਹਿਣਾ ।
ਇਕ ਨੂੰ ਤਾਂ ਅਸੀਂ ਲੈ ਚੱਲੇ,
ਇਕ ਸਾਕ ਹੋਰ ਲੈਣਾ ।...
ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਚੱਕੀ ।
ਇਕ ਨੂੰ ਅਸੀਂ ਲੈ ਚੱਲੇ,
ਦੂਜੀ ਦੀ ਕਰ ਚੱਲੇ ਪੱਕੀ ।

ਇਕ ਗੱਲ ਵਿਚਾਰਾਧੀਨ ਲਿਆਉਣ ਯੋਗ ਹੈ ਕਿ ਸਾਲੀ ਨਾਲ ਹੀ ਵਿਆਹ ਕਰਵਾਉਣ ਦੀ ਧਾਰਣਾ ਕਿਉਂ ਦ੍ਰਿੜ੍ਹ ਹੈ ? ਸਾਕ ਤਾਂ ਹੋਰ ਵੀ ਕਿਤੇ ਹੋ ਸਕਦਾ ਹੈ । ਕਾਰਣ ਇਹ ਹੈ ਕਿ ਦੁਹਾਜੂ ਨਾਲ ਕੋਈ ਧੀ ਵਿਆਹੁਣੀ ਮੁਨਾਸਿਬ ਨਹੀਂ ਸਮਝਦਾ, ਦੂਜੇ ਉਮਰ ਦਾ ਫਰਕ ਹੋਣ ਕਰਕੇ ਹੋਰ ਕਿਸੇ ਘਰੋਂ ਉਸ ਨੂੰ ਸਾਕ ਮਿਲਣ ਦੀ ਉਮੀਦ ਨਹੀਂ ਹੁੰਦੀ, ਸਹੁਰੇ ਘਰ ਤਾਂ ਉਸ ਦੇ ਹੱਥ ਰਲੇ ਹੁੰਦੇ ਹਨ। ਤੀਜਾ ਸਾਲੀ, ਹੋਰ ਕਿਸੇ ਵੀ ਮਤਰੇਈ ਮਾਂ ਨਾਲੋਂ ਆਪਣੀ ਭੈਣ ਦੇ ਬੱਚਿਆਂ (ਜੇਕਰ ਹੋਣ ਤਾਂ) ਦੀ ਚੰਗੀ ਤਰ੍ਹਾਂ ਦੇਖ ਭਾਲ ਕਰੇਗੀ। ਰੈਡਕਲਿਫ ਬ੍ਰਾਊਨ ਨੇ ਇਸ ਸੱਚ ਨੂੰ ਸਵੀਕਾਰਿਆ ਹੈ। ਉਸ ਅਨੁਸਾਰ :

ਸਾਲੀਆਂ ਨਾਲ ਵਿਆਹ ਕਰਵਾਉਣ ਦੇ ਰਿਵਾਜ ਨੂੰ ਇਸ ਤੱਥ ਨਾਲ ਜੋੜਿਆ ਜਾਂਦਾ ਹੈ ਕਿ ਸੌਂਕਣਾਂ ਜਿਹੜੀਆਂ ਕਿ ਆਪੋ ਵਿਚ ਭੈਣਾਂ ਹੁੰਦੀਆਂ ਹਨ ਆਪਸ ਵਿਚ ਉਨ੍ਹਾਂ ਪਤਨੀਆਂ ਨਾਲੋਂ ਜੋ ਕਿ ਇਕ ਦੂਜੇ ਦੀਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਸ਼ਤੇਦਾਰ ਨਹੀਂ ਹੁੰਦੀਆਂ, ਘੱਟ ਲੜਾਈ ਕਰਨਗੀਆਂ ਅਤੇ ਇਸ ਤਰ੍ਹਾਂ ਸਾਲੀਆਂ ਨਾਲ ਵਿਆਹ ਦੇ ਰਿਵਾਜ਼ ਨੂੰ ਵੀ ਇਸੇ ਤੱਥ ਦੇ ਆਧਾਰ ਤੇ ਯੋਗ ਸਮਝਿਆ ਜਾਂਦਾ ਹੈ ਕਿ ਇਕ ਮਤਰੇਈ ਮਾਂ ਦਾ ਆਪਣੇ ਮਤਰੇਏ ਬੱਚਿਆਂ ਨਾਲ ਵਧੇਰੇ ਪਿਆਰ ਹੋਵੇਗਾ ਜੇਕਰ ਉਹ ਬੱਚੇ ਉਸ ਦੀ ਆਪਣੀ ਹੀ ਭੈਣ ਦੇ ਹੋਣ।[54]

ਉਪਰੋਕਤ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿਉਂਕਿ ਉਸ ਦੀ ਭੈਣ ਦੇ ਬੱਚੇ ਲਹੂ ਦੀ ਸਾਂਝ ਹੋਣ ਕਾਰਣ ਉਸ ਦੇ ਵੀ ਤਾਂ ਕੁਝ ਲੱਗਦੇ ਹਨ।

ਵਿਸ਼ੇਸ਼ ਕਰ ਇਹ ਗੱਲ ਉਘੜਕੇ ਸਾਹਮਣੇ ਆਉਂਦੀ ਹੈ ਕਿ ਜੀਜਾ ਸਾਲੀ ਦਾ ਰਿਸ਼ਤਾ ਸੰਭਾਵਨਾ ਅਧੀਨ ਹੋਣ ਕਰਕੇ ਹਾਸੇ ਮਖੌਲ ਨਾਲ ਭਰਪੂਰ ਹੁੰਦਾ ਹੈ ਜੋ ਵਿਸ਼ੇਸ਼ ਪ੍ਰਸੰਗਾਂ ਵਿਚ ਸਥਿਤੀ ਅਨੁਕੂਲ ਆਪਣਾ ਸਰੂਪ ਗ੍ਰਹਿਣ ਕਰਦਾ ਹੈ ਤੇ ਸਮਾਂ ਆਉਣ ਤੇ ਸੰਭਾਵਨਾਵਾਂ ਦਾ ਪੱਲੂ ਛੱਡ ਕੇ ਅਸਲੀਅਤ ਵਿਚ ਬਦਲ ਜਾਂਦਾ ਹੈ।

### ਜਵਾਈ ਦਾ ਰਿਸ਼ਤਾ

ਜਦੋਂ ਘਰ ਦੀ ਧੀ ਬਿਗਾਨੀ ਨੂੰਹ ਬਣਕੇ ਮਾਪਿਆਂ ਲਈ ਸਾਡੀ ਕੁੜੀ ਹੋ ਜਾਂਦੀ ਹੈ ਤਾਂ ਰਿਸ਼ਤਿਆਂ ਦਾ ਇਕ ਪ੍ਰਵਾਹ ਚਲਦਾ ਹੈ ਜਿਸ ਵਿਚ ਧੀ ਦੇ ਨਾਲ ਦੂਜਾ ਕੇਂਦਰ ਬਿੰਦੂ ਜਵਾਈ ਹੁੰਦਾ ਹੈ। ਇਸ ਤੋਂ ਪਹਿਲਾਂ ਪਤੀ ਲਈ ਪਤਨੀ ਦਾ ਪਰਿਵਾਰ ਓਪਰਾ ਹੁੰਦਾ ਹੈ। ਇਹ ਸਮਾਜਕ ਅਸੰਜੋਗ (disjunction) ਦੀ ਸਥਿਤੀ ਹੁੰਦੀ ਹੈ ਜਿਸ ਨੂੰ ਸਿਰਫ ਵਿਆਹ ਦੁਆਰਾ ਹੀ ਖਤਮ ਨਹੀਂ ਕੀਤਾ ਜਾ ਸਕਦਾ। ਸਮਾਜਕ ਸੰਜੋਗ (conjuction) ਦੋਹਾਂ ਪਰਿਵਾਰਾਂ ਦੇ ਸੰਬੰਧਾਂ ਨੂੰ ਇਕ ਦੂਜੇ ਨਾਲ ਕਾਇਮ ਰੱਖਣ ਤੋਂ ਹੀ ਪੈਦਾ ਹੁੰਦਾ ਹੈ। ਇਸ ਰਿਸ਼ਤੇ ਵਿਚ ਸਹੁਰਿਆਂ ਵਾਲੇ ਪਾਸੇ ਅਚੇਤ ਤੌਰ ਤੇ ਲੱਜਤ ਤੇ ਨਮੋਸ਼ੀ ਦੇ ਭਾਵ ਸਮੋਏ ਹੁੰਦੇ ਹਨ ਕਿਉਂਕਿ 'ਪੰਜਾਬੀ ਸਮਾਜ ਵਿਚ ਧੀਆਂ ਦੂਜਿਆਂ ਪਰਿਵਾਰਾਂ ਨੂੰ ਦਿੱਤੀਆਂ ਜਾਂਦੀਆਂ ਹਨ ਅਤੇ ਸੁਚੇਤ ਪੱਧਰ ਤੇ ਇਨ੍ਹਾਂ ਨੂੰ ਪਰਵਾਨ ਵੀ ਕਰ ਲਿਆ ਜਾਂਦਾ ਹੈ ਪਰ ਅਚੇਤ ਜਾਂ ਅਵਿਅਕਤ ਪੱਧਰ ਉੱਤੇ ਭਾਈਚਾਰੇ ਵਿਚ ਇਸ ਸਥਿਤੀ ਨਾਲ ਪੂਰੀ ਤਰ੍ਹਾਂ ਸਮਝੌਤਾ ਨਹੀਂ ਹੋਇਆ ਲੱਗਦਾ''[55]। ਜਵਾਈ ਨੂੰ ਸੱਸ ਸਹੁਰਾ ਆਪਣਾ ਹੀ ਪੁੱਤਰ ਸਮਝਦੇ ਹਨ। ਉਸ ਦੀ ਆਏ ਦੀ ਸੇਵਾ ਕਿਸੇ ਵੀ ਹੋਰ ਰਿਸ਼ਤੇਦਾਰ ਤੋਂ ਜ਼ਿਆਦਾ ਮੋਹ ਤੇ ਸੇਵਾ ਭਾਵ ਨਾਲ ਕੀਤੀ ਜਾਂਦੀ ਹੈ। ਇਸ ਦੇ ਅੰਤਰਗਤ ਧੀ ਸੌਂਪਣ ਦੀ ਮਨੋਭਾਵਨਾ ਸਮਾਈ ਰਹਿੰਦੀ ਹੈ।

ਜਵਾਈ ਦਾ ਸਹੁਰੇ ਘਰ ਵਿਚ ਹਰੇਕ ਜੀਅ ਨਾਲ ਵਿਭਿੰਨ ਵਿਵਹਾਰ ਹੁੰਦਾ ਹੈ। ਸਹੁਰੇ ਤੇ ਸੱਸ ਨੂੰ ਉਹ ਆਪਣੇ ਮਾਂ ਬਾਪ ਦੇ ਤੁਲ ਮੰਨਦਾ ਹੈ ਅਤੇ ਸਾਲੀ ਸਾਲੇ (ਛੋਟੇ ਦੇ ਸੰਦਰਭ 'ਚ) ਨਾਲ ਸਦਾ ਮਖੌਲੀਆ ਸੁਭਾਅ ਅਪਣਾਉਂਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਜੀਜਾ ਸਾਲੀ ਦੇ ਰਿਸ਼ਤੇ ਵਿਚ ਵੇਖ ਚੁੱਕੇ ਹਾਂ। ਪਰ ਸਾਲੇ ਨਾਲ ਕੁੱਝ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਰਿਸਥਿਤੀਆਂ ਅਧੀਨ ਹੀ ਹਾਸਾ ਮਖੌਲ ਸੰਭਵ ਹੈ। ਇਹ ਆਮ ਤੌਰ ਤੇ ਘਰੇਲੂ ਤੰਗੀਆਂ ਤੁਰਸ਼ੀਆਂ ਤੇ ਉਨ੍ਹਾਂ ਨਾਲ ਨਜਿੱਠਣ ਦੀ ਵਿਚਾਰ ਵਿਮਰਸ਼ ਹੀ ਕਰਦੇ ਹਨ। ਇਨ੍ਹਾਂ ਦਾ ਰਿਸ਼ਤਾ ਸੰਕੋਚਵਾਂ ਹੁੰਦਾ ਹੈ। ਦੋਵੇਂ ਧਿਰਾਂ ਆਪੋ ਆਪਣੀ ਪੁਜ਼ੀਸ਼ਨ ਨੂੰ ਇਜ਼ਤ ਭਾਵ ਨਾਲ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ। ਇਕ ਪਾਸੇ ਜੇਕਰ ਆਚਰਨ ਦੀ ਪੇਸ਼ਕਾਰੀ ਹੈ ਤਾਂ ਦੂਜੇ ਪਾਸੇ ਲੱਜਿਆ ਤੇ ਨਮੋਸ਼ੀ ਦੇ ਭਾਵ ਕੰਮ ਕਰ ਰਹੇ ਹੁੰਦੇ ਹਨ। ਇਸ ਲਈ ਇਨ੍ਹਾਂ ਦਾ ਰਿਸ਼ਤਾ ਕਿਸੇ ਸੀਮਾ ਤੱਕ ਹੀ ਸੀਮਤ ਰਹਿੰਦਾ ਹੈ।

ਲੋਕ ਗੀਤਾਂ ਵਿਚ ਇਸ ਰਿਸ਼ਤੇ ਦਾ ਉਲੇਖ ਨਾਮਾਤਰ ਹੀ ਹੋਇਆ ਹੈ। ਕੇਵਲ ਇਕ ਜਾਂ ਦੋ ਗੀਤ ਹੀ ਮਿਲਦੇ ਹਨ ਜਿਸ ਤੋਂ ਇਸ ਰਿਸ਼ਤੇ ਦੀ ਸਾਂਸਕ੍ਰਿਤਿਕ ਪ੍ਰਕਿਰਤੀ ਪ੍ਰਤਿ ਜਾਇਜ਼ਾ ਲਾਇਆ ਜਾ ਸਕਦਾ ਹੈ। ਸਹੁਰੇ ਘਰ ਵਿਚ ਹਰੇਕ ਮੈਂਬਰ ਦਾ ਵੱਖੋ ਵੱਖਰਾ ਵਿਵਹਾਰ ਨਿਮਨ ਗੀਤ ਤੋਂ ਸਪੱਸ਼ਟ ਹੁੰਦਾ ਹੈ ਜਦੋਂ ਪਤੀ ਨੂੰ ਸਹੁਰੇ ਘਰੋਂ ਵਾਪਸ ਆਉਣ ਤੇ ਹਰੇਕ ਜੀਅ ਦੇ ਉਸ ਪ੍ਰਤਿ ਕਿਰਦਾਰ ਬਾਰੇ ਉਸ ਦੀ ਪਤਨੀ ਪੁੱਛਦੀ ਹੈ :

ਕਿਸ ਮੰਜਾ ਡਾਹਿਆ ਮਾਹੀ ਵੇ, ਕਿਸ ਸੀ ਵਿਛਾਇਆ ?
ਕਿਸ ਤੁਹਾਡਾ ਕੀਤਾ ਮਾਹੀ ਵੇ ਆਦਰ ਭਾਉ ?
ਸੱਸ ਮੰਜਾ ਡਾਹਿਆ ਗੋਰੀਏ ਨੀ, ਸਾਲੇ ਵਿਛਾਇਆ,
ਸਾਲੇਹਾਰ ਕੀਤਾ ਗੋਰੀਏ, ਆਦਰ ਭਾਉ।
ਕਿਸ ਗੱਲਾਂ ਕੀਤੀਆਂ ਮਾਹੀ ਵੇ, ਕਿਸ ਬਹਿਕੇ ਸੁਣੀਆਂ ?
ਕਿਸ ਤੁਹਾਡਾ ਲਿੱਤੜਾ ਮਾਹੀ ਵੇ ਦਿਲ ਦਾ ਭੇਤ ?
ਅਸਾਂ ਗੱਲਾਂ ਕੀਤੀਆਂ ਗੋਰੀਏ, ਸੱਸ ਬਹਿਕੇ ਸੁਣੀਆਂ,
ਛੋਟੀ ਸਾਲੀ ਲੈ ਲਿਆ ਗੋਰੀਏ, ਦਿਲ ਦਾ ਭੇਤ।

ਸਾਲਾ ਸੇਵਾ ਭਾਵ ਕਰਨੀ ਆਪਣਾ ਫਰਜ਼ ਸਮਝਦਾ ਹੈ। ਸੱਸ ਘਰੇਲੂ ਜ਼ਿੰਦਗੀ ਦੀ ਸਫਲਤਾ ਲਈ ਉਸ ਨੂੰ ਉਦੇਸ਼ ਦੇਣਾ ਆਪਣੀ ਜ਼ਿੰਮੇਵਾਰੀ ਸਮਝਦੀ ਹੈ, ਸਾਲੇਹਾਰ ਰੋਟੀ ਟੁੱਕ ਪਕਾ ਕੇ ਸੇਵਾ ਕਰਦੀ ਹੈ ਤੇ ਛੋਟੀ ਸਾਲੀ ਉਹੀ ਹਾਸਾ ਮਜ਼ਾਕ। ਇਸ ਸੰਵਾਦ ਵਿਚੋਂ ਵਿਭਿੰਨ ਪਦਵੀਆਂ ਦੇ ਜੀਆਂ ਦਾ ਜਵਾਈ ਨਾਲ ਮਿਲਵਰਤਣ ਤੇ ਉਸ ਦਾ ਆਦਰ ਮਾਣ ਰਿਸ਼ਤੇ ਦੀ ਯਥਾਰਥਕਤਾ ਪੇਸ਼ ਕਰਦਾ ਹੈ।

ਕਈ ਵਾਰ ਜਵਾਈ ਸਹੁਰੇ ਘਰ ਸਥਾਈ ਨਿਵਾਸ ਸਥਾਨ ਬਣਾ ਲੈਂਦੇ ਹਨ। ਅਜਿਹਾ ਕੋਈ ਸਾਲਾ ਸਾਲੀ (ਖਾਸ ਤੌਰ ਤੇ ਸਾਲਾ) ਨਾ ਹੋਣ ਦੀ ਸਥਿਤੀ ਵਿਚ ਹੁੰਦਾ ਹੈ। ਸਹੁਰੇ ਘਰ ਵਿਚ ਸਥਾਈ ਤੌਰ ਤੇ ਰਹਿਣ ਵਾਲੇ ਜਵਾਈ ਦਾ ਮਾਣ ਸਤਿਕਾਰ ਘਟ ਜਾਂਦਾ ਹੈ। ਏ. ਸੀ. ਮੇਅਰ ਨੇ ਸਹੁਰੇ ਘਰ ਰਹਿੰਦੇ ਤੇ ਆਪਣੇ ਜੱਦੀ ਨਿਵਾਸ ਸਥਾਨ ਤੇ ਰਹਿੰਦੇ ਜਵਾਈ ਬਾਰੇ ਲਿਖਿਆ ਹੈ ਕਿ "ਦੂਰ ਰਹਿਣ ਵਾਲਾ ਜਵਾਈ ਦੇਵਤਾ ਸਰੂਪ ਹੁੰਦਾ ਹੈ, ਸਹੁਰੇ ਪਿੰਡ ਰਹਿੰਦਾ ਸਾਧਾਰਣ, ਪਰ ਸਹੁਰਿਆਂ ਦੇ ਘਰ ਰਹਿਣ ਵਾਲਾ ਜਵਾਈ ਉਸ ਗਧੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਨਿਆਈਂ ਹੈ ਜਿਸ ਤੇ ਜਿੰਨਾ ਚਾਹੇ ਭਾਰ ਲੱਦ ਸਕਦੇ ਹਨ।[66] ਇਕ ਲੋਕ ਗੀਤ ਵੀ ਅਜਿਹਾ ਮਿਲਦਾ ਹੈ ਜਿਸ ਵਿਚ ਸਹੁਰੇ ਘਰ ਜਵਾਈ ਬਣਕੇ ਰਹਿਣ ਤੋਂ ਤੋਬਾ ਕੀਤੀ ਗਈ ਹੈ :

ਮੈਂ ਕੀ ਕਰ ਬੈਠਾ, ਕੀ ਮੇਰਾ ਬਣਿਆ ?
ਘਰ ਜੁਆਈ ਰਹਿਣ ਦਾ ਨਾਂ ਨਾ ਲਈ ਅੜਿਆ।
ਜੂੜੀ ਵਿਚੋਂ ਧਾਈਂ ਦੀ ਫੜਾਈ ਸਹੁਰੇ ਬੋਰੀ,
ਹੱਥਾਂ ਦੀ ਖਲ ਲੱਥੀ ਝੜ ਝੜ ਸਹੁਰੀ।
ਹੋਈ ਅੱਧੀ ਰਾਤ ਜਦੋਂ ਹੋਈ ਮੰਨਲੀ ਫੜਾਈ,
ਘਰ ਜੁਆਈ ਬਣੀ ਨਾ ਜੇ ਖੈਰ ਲੋੜੇਂ ਭਾਈ।
ਅੱਧੀ ਜਾਂ ਰਾਤ ਹੋਈ ਲੱਥੀ ਨੀਂਦਰ ਭਾਰੀ,
ਸਿਰ ਕੱਢ ਲੇਫ 'ਚੋਂ ਹਾਕ ਸਹੁਰੇ ਮਾਰੀ।
ਜਾਗ ਜਾਗ ਮੂਰਖਾ ਦੁਪਹਿਰ ਚੜ੍ਹ ਆਈ,
ਘਰ ਜੁਆਈ ਰਹਿਣ ਦਾ ਨਾਂ ਨਾ ਲਈ ਭਾਈ।[67]

ਜਵਾਈ ਇੱਜ਼ਤ ਦਾ ਪਾਤਰ ਹੈ ਪਰ ਤਦ ਤਕ ਜਦ ਤਕ ਉਹ ਸਹੁਰੇ ਘਰ ਜਾ ਕੇ ਆਪਣੇ ਆਪ ਨੂੰ ਸਥਾਈ ਤੌਰ ਤੇ ਸਥਾਪਿਤ ਨਹੀਂ ਕਰ ਲੈਂਦਾ। ਅਜਿਹਾ, ਭਾਵ ਸਹੁਰੇ ਜਾ ਕੇ ਰਹਿਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ ਇਸ ਲਈ ਪ੍ਰਮੁੱਖ ਤੌਰ ਤੇ ਇਸ ਰਿਸ਼ਤੇ ਦੀ ਯਥਾਰਥਕਤਾ ਨੂੰ ਇੱਜ਼ਤ ਤੇ ਮਾਣ ਭਰਪੂਰ ਰਿਸ਼ਤਾ ਹੀ ਪ੍ਰਵਾਨਿਆ ਗਿਆ ਹੈ। ਜਵਾਈ ਲਈ ਸਹੁਰੇ ਘਰ ਜਾ ਕੇ ਆਪਣੇ ਹੋਛੇਪਣ ਦਾ ਇਜ਼ਹਾਰ ਕਰਨਾ ਆਪਣੇ ਆਪ ਨੂੰ ਗਿਰਾਣ ਦੇ ਤੁਲ ਹੈ ਦੂਜੇ ਪਾਸੇ ਸਹੁਰੇ ਘਰ ਦੇ ਸਾਰੇ ਜੀਅ ਉਸ ਦੀ ਦਿਲ-ਜਾਨ ਤੋਂ ਸੇਵਾ ਕਰਨਾ ਆਪਣਾ ਫਰਜ਼ ਸਮਝਦੇ ਹਨ।

## ਹਵਾਲੇ ਅਤੇ ਟਿੱਪਣੀਆਂ

1. ਲੇਖਰਾਜ ਪ੍ਰਵਾਨਾ 'ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚ ਲੋਕ ਤੱਤ', 'ਖੋਜ ਪੱਤ੍ਰਿਕਾ' (ਪੂਰਨ ਸਿੰਘ ਅੰਕ), ਮਾਰਚ 1981, ਪੰਨਾ 316.
2. ਗੁਰਮੀਤ ਸਿੰਘ ਢੁਡੀਕੇ, 'ਆਦਰਸ਼ਵਾਦੀ ਮਨੁੱਖਵਾਦੀ—ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ', 'ਸੇਧ', ਅਕਤੂਬਰ 1978, ਪੰਨੇ 25-26.
3. ਲੈਵੀ ਸਤ੍ਰਾਸ, 'ਕੁਟੰਬ', 'ਮਾਨਵ, ਸੰਸਕ੍ਰਿਤੀ ਤਥਾ ਸਮਾਜ', (ਸੰਪ. ਹੈਰੀ. ਐਲ. ਸੇਪੀਰੋ, ਅਨੁ. ਸ੍ਰੀ ਵਾਸਤਵ), ਪੰਨਾ 270.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. C. P. Murdock, 'An Outline of Cultural Material', *Every Man His Way* (Ed. Allen Dundes), p. 170.
5. *The Elementry Structure of Kinship*, p. 393.
6. ਹਾਰਸ ਮੇਅਰ, 'ਸਮਾਜ ਮਾਨਵ ਵਿਗਿਆਨ ਕੀ ਭੂਮਿਕਾ' (ਅਨੁ. ਸਚਿਦਾ ਨੰਦ), ਪੰਨਾ 62.
7. 'ਇਕ ਰਾਂਝਣ ਮੈਨੂੰ ਲੋੜੀਦਾ', 'ਸੋਧ', ਅਪ੍ਰੈਲ, 1978, ਪੰਨਾ 11.
8. As quoted by A Ramanamma and Usha Bambausole, 'Women's Age at Marriage in India', *Social Sciences Research Journal*, p. 101.
9. ਸੰਤੋਖ ਸਿੰਘ ਔਲਖ, 'ਮਾਲਵੇ ਦੇ ਲੋਕ ਗੀਤਾਂ ਦਾ ਸਮਾਜ ਸਭਿਆਚਾਰਕ ਅਧਿਐਨ' (ਅਪ੍ਰਕਾਸ਼ਿਤ ਖੋਜ ਪ੍ਰਬੰਧ), ਪੰਨਾ 5.
10. ਪਰਮਜੀਤ ਸਿੰਘ ਸਿਧੂ, 'ਮਾਲਵੇ ਦੀ ਕੁੜਮਾਚਾਰੀ', 'ਖੋਜ ਦਰਪਣ', ਜੁਲਾਈ 1978, ਪੰਨੇ 96–98.
11. Rubie S. Watson, 'Class Differences and Affinal Relationships in South China', *Man: The Journal of Royal Anthropological Institute*, December 1981, p. 603.
12. ਸੁਹਿੰਦਰ ਸਿੰਘ ਬੰਤੀ, 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' (ਜਿਲਦ ਪਹਿਲੀ), ਪੰਨਾ 119.
13. ਉਹੀ, ਪੰਨਾ 55.
14. Lawrence Stone, '*The Family, Sex and Marriage in England* (1500-1800), p 195.
15. ਸ੍ਰੀਧਰ ਮਿਸ਼ਰ, 'ਭੋਜਪੁਰੀ ਲੋਕ ਸਾਹਿਤਯ : ਸਾਂਸਕ੍ਰਿਤਕ ਅਧਿਐਨ', ਪੰਨਾ 151.
16. ਨਜਮ ਹੁਸੈਨ ਸੱਯਦ, ਉਹੀ, ਪੰਨਾ 42.
17. ਐਨ. ਏ. ਕੋਵਾਲਸਕ, 'ਅੱਜ ਦੀ ਇਸਤਰੀ' (ਸੰਪ. ਵਾਈ. ਬੀ. ਬੈਲੀਨੋਰਾ), ਪੰਨੇ 114–15.
18. ਬਲਦੇਵ ਸਿੰਘ, 'ਵਿਆਹ ਦੇ ਪੰਜਾਬੀ ਲੋਕ ਗੀਤ : ਇਕ ਅਧਿਐਨ, (ਅਪ੍ਰਕਾਸ਼ਿਤ ਸ਼ੋਧ-ਨਿਬੰਧ) ਪੰਨਾ 65.
19. ਅੰਮ੍ਰਿਤਾ ਪ੍ਰੀਤਮ, 'ਪੰਜਾਬ ਦੀ ਆਵਾਜ਼', ਪੰਨਾ 38.
20. 'ਮੌਲੀ ਤੇ ਮਹਿੰਦੀ', ਪੰਨਾ 129.
21. Narold A Gould, 'The Dimesion and Structural Change in an Indian Kinship System : A Problem of Conceptual prefinement, *Structure and change in Indian Society* (Ed. Milton Singer & others), p. 418.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

22. ਪਿਆਰ ਸਿੰਘ, "ਪੰਜਾਬ ਦਾ ਲੋਕ ਸਾਹਿਤ", 'ਖੋਜ ਦਰਪਣ', ਜਨਵਰੀ 1978, ਪੰਨਾ 136.
23. ਵਜ਼ੀਰ ਸਿੰਘ, "ਸੰਜੋਗ ਤੇ ਵਿਜੋਗ ਦਾ ਰਹੱਸ", 'ਆਲੋਚਨਾ', ਅਕਤੂਬਰ 1981–ਮਾਰਚ 1982, ਪੰਨਾ 69.
24. ਸ੍ਰੀਧਰ ਮਿਸ਼ਰ, ਉਹੀ ਰਚਨਾ, ਪੰਨਾ 154.
25. ਉਹੀ ਰਚਨਾ, ਜਿਲਦ ਦੂਜੀ, ਪੰਨਾ 382.
26. 'ਹਸਤਾ ਗਾਤਾ ਪੰਜਾਬ', ਪੰਨਾ 99.
27. 'ਜਿਉਂਦੀ ਦੁਨੀਆ', ਪੰਨੇ 74–75.
28. ਅੰਮ੍ਰਿਤਾ ਪ੍ਰੀਤਮ, 'ਮੌਲੀ ਤੇ ਮਹਿੰਦੀ', ਪੰਨਾ 178.
29. ਸੰਤੋਖ ਸਿੰਘ ਔਲਖ, ਉਹੀ ਰਚਨਾ, ਪੰਨਾ 37.
30. ਪਿਆਰ ਸਿੰਘ, ਉਹੀ ਰਚਨਾ, ਪੰਨਾ 137.
31. ਉਹੀ ਰਚਨਾ, ਪੰਨਾ 24
32. *Marriage and Family Relationship*, Pp. 277-78.
33. ਇਕਬਾਲ ਸੌਂਦ, "ਸੱਸ ਭਲੀ ਕਿ ਨੂੰਹ–ਲੋਕ ਗੀਤਕ ਆਧਾਰ", 'ਪਰੰਪਰਾ', ਮਾਰਚ 1982, ਪੰਨਾ 692.
34. ਐਮ. ਐਸ. ਰੰਧਾਵਾ, 'ਹਰਿਆਣੇ ਦੇ ਲੋਕ ਗੀਤ, ਪੰਨਾ 89.
35. ਸੁਹਿੰਦਰ ਸਿੰਘ ਬੇਦੀ, ਉਹੀ ਰਚਨਾ, ਪੰਨਾ 406.
36. Sylvia Vatuk, *Kinship and Urbanisation*, Pp. 120-21.
37. ਅੰਮ੍ਰਿਤਾ ਪ੍ਰੀਤਮ, ਉਹੀ ਰਚਨਾ, ਪੰਨਾ 189.
38. ਬੈਜਨਾਥ ਵਿਨੋਦ, 'ਭੋਜਪੁਰੀ ਲੋਕ ਗੀਤ ਇਕ ਅਧਿਐਨ', ਪੰਨਾ 99.
39. Family Jati, *Structure and Change in Indian Society*, p. 33.
40. ਅੰਮ੍ਰਿਤਾ ਪ੍ਰੀਤਮ, ਉਹੀ ਰਚਨਾ, ਪੰਨਾ 191.
41. D. C, Dube, *Indian Village*, p. 155.
42. ਅੰਮ੍ਰਿਤਾ ਪ੍ਰੀਤਮ, ਉਹੀ ਰਚਨਾ ਪੰਨਾ 192.
43. S. P Arya, *A Sociological Study of Folklore*, p. 104.
44. ਉਹੀ ਰਚਨਾ, ਪੰਨਾ 24.
45. ਅੰਮ੍ਰਿਤਾ ਪ੍ਰੀਤਮ, 'ਮੌਲੀ ਤੇ ਮਹਿੰਦੀ', ਪੰਨਾ 193
46. ਸੁਹਿੰਦਰ ਸਿੰਘ ਬੇਦੀ, 'ਪੰਜਾਬ ਦੀ ਲੋਕਧਾਰਾ', ਪੰਨਾ 84.
47. ਉਹੀ, ਪੰਨੇ 57–58.
48. ਉਹੀ ਰਚਨਾ, ਪੰਨਾ 137.
49. ਉਹੀ ਰਚਨਾ, 407.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

50. ਪਿਛੇ ਵੇਖੋ : 'ਦਿਉਰ ਭਾਬੀ ਦਾ ਰਿਸ਼ਤਾ', ਪੰਨਾ 64.
51. 'ਭਾਰਤੀ ਸਮਾਜਕ ਸੰਸਥਾਵਾਂ', ਪੰਨਾ 102.
52. ਉਹੀ ਰਚਨਾ, ਪੰਨਾ 94.
53. ਪਰਮਜੀਤ ਸਿੰਘ ਸਿਧੂ, ਉਹੀ ਰਚਨਾ, ਪੰਨਾ 101.
54. ਉਹੀ ਰਚਨਾ, ਪੰਨਾ 83.
55. ਆਤਮਜੀਤ ਸਿੰਘ, 'ਸਾਹਿੱਤਕੀ', ਪੰਨਾ 132.
56. "For off Jamai like a God, Village Jamai ordinary, Ghar Jamai like an ass load him with what you like." —A. C. Mayur, *Caste and Kinship in Central India* p. 222.
57. 'ਕਸ਼ਮੀਰੀ ਲੋਕ ਗੀਤ' (ਅਨੁ. ਹਰਬੰਸ ਸਿੰਘ ਆਜ਼ਾਦ), ਪੰਨੇ 172–73.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਖ਼ੂਨ ਦੇ ਰਿਸ਼ਤੇ (Blood Relations)

ਰਕਤ ਸੰਬੰਧੀ ਪਰਿਵਾਰ ਪਤੀ ਪਤਨੀ ਦੇ ਕੇਂਦਰ ਬਿੰਦੂ ਤੋਂ ਹੋਂਦ ਵਿਚ ਆਉਂਦਾ ਹੈ। ਅਜਿਹੇ ਪਰਿਵਾਰ ਦਾ ਮੁਖੀ ਘਰ ਦਾ ਨਿਰਮਾਤਾ ਭਾਵ ਪਿਓ ਹੀ ਹੁੰਦਾ ਹੈ। ਪਿਓ ਤੋਂ ਸਿਵਾਏ ਇਸ ਪਰਿਵਾਰ ਵਿਚ ਉਸ ਦੀ ਪਤਨੀ ਤੇ ਬੱਚੇ ਸ਼ਾਮਿਲ ਹੁੰਦੇ ਹਨ। ਜਿਨਸੀ ਸੰਬੰਧਾਂ ਦੀ ਸਮਾਜਕ ਪ੍ਰਵਾਨਗੀ ਉਪਰੰਤ ਪਰਿਵਾਰ ਦੀ ਬਣਤਰ ਵਜੂਦ ਚ ਆਉਂਦੀ ਹੈ ਜਿਸ ਵਿਚ ਖ਼ੂਨ ਦੇ ਰਿਸ਼ਤੇ ਫਿਰ ਅੱਗੇ ਪੁਨਰ-ਉਤਪਾਦਨ ਦੀ ਪ੍ਰਕਿਰਿਆ ਰਾਹੀਂ ਸਿਰਜੇ ਜਾਂਦੇ ਹਨ। ਅਜਿਹੇ ਰਿਸ਼ਤਿਆਂ ਵਿਚ ਪਤੀ ਪਤਨੀ ਦੇ ਸਾਂਝੇ ਸੂਤਰ ਹੋਣ ਕਾਰਣ ਇਨ੍ਹਾਂ ਦੇ ਸਾਂਝੇ ਗੁਣ ਬੱਚਿਆਂ ਨੂੰ ਵਿਰਾਸਤ ਵਿਚ ਮਿਲਦੇ ਹਨ। ਏ. ਸੀ. ਮੇਅਰ ਨੇ ਹਰੇਕ ਆਦਮੀ ਵਿਚ ਸੱਤ ਗੁਣ ਮੰਨੇ ਹਨ। ਉਸ ਅਨੁਸਾਰ "ਧੀ ਇਨ੍ਹਾਂ ਸੱਤਾਂ ਵਿਚੋਂ ਚਾਰ ਆਪਣੀ ਮਾਂ ਪਾਸੋਂ ਗ੍ਰਹਿਣ ਕਰਦੀ ਹੈ ਤੇ ਤਿੰਨ ਪਿਓ ਪਾਸੋਂ ਜਦ ਕਿ ਪੁੱਤਰ ਚਾਰ ਪਿਓ ਪਾਸੋਂ ਪ੍ਰਾਪਤ ਕਰਦਾ ਹੈ ਅਤੇ ਤਿੰਨ ਮਾਂ ਪਾਸੋਂ"।[1] ਲੈਵੀ ਸਤ੍ਰਾਸ ਅਨੁਸਾਰ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬੱਚਾ ਹੱਡੀਆਂ (bones) ਪਿਓ ਵਾਲੇ ਪਾਸਿਉਂ ਪ੍ਰਾਪਤ ਕਰਦਾ ਹੈ ਅਤੇ ਮਾਸ (flesh) ਮਾਂ ਵਾਲੇ ਪਾਸਿਉਂ।[2] ਸਮਾਜਕ ਤੇ ਆਰਥਿਕ ਵਿਰਾਸਤਾਂ ਦੀ ਵਾਰਸੀ ਦਾ ਸਵਾਲ ਹੋਣ ਕਰਕੇ ਇਸ ਪ੍ਰਕਾਰ ਦੇ ਰਿਸ਼ਤਿਆਂ ਵਿਚ ਪਿਆਰ ਭਾਵਨਾ ਤੇ ਸਨੇਹ ਹੋਣ ਦੇ ਬਾਵਜੂਦ ਵੀ ਆਪਸੀ ਵਿਰੋਧ ਮਿਲਦਾ ਹੈ। ਇਕ ਅੱਧ ਰਿਸ਼ਤਾ ਜ਼ਰੂਰ ਭਾਵੁਕਤਾ ਭਰਪੂਰ ਹੈ ਜਿਵੇਂ ਮਾਂ-ਪੁੱਤ ਦਾ ਰਿਸ਼ਤਾ, ਮਾਂ ਧੀ ਦਾ ਰਿਸ਼ਤਾ, ਪਿਓ ਧੀ ਦਾ ਰਿਸ਼ਤਾ। ਵੈਸੇ ਇਨ੍ਹਾਂ ਰਿਸ਼ਤਿਆਂ ਦੀ ਬਹੁਗਿਣਤੀ ਸਨੇਹ ਤੋਂ ਵਟਦੀ ਸਵਾਰਥਾਂ ਤਕ ਜਾ ਪੁੱਜਦੀ ਹੈ ਤੇ ਸਵਾਰਥ ਭਰਪੂਰ ਰਿਸ਼ਤਿਆਂ ਵਿਚ ਦਵੰਦ ਉਪਜਣਾ ਕੁਦਰਤੀ ਹੈ।

ਹਰੇਕ ਸਮਾਜ ਵਿਚ ਮਾਪੀਅਤਾ ਸਾਕਾਰਾਤਮਕ ਤੇ ਨਾਕਾਰਾਤਮਕ ਦੋਹਾਂ ਕੀਮਤਾਂ ਦੀ ਧਾਰਣੀ ਹੁੰਦੀ ਹੈ। "ਮਾਪਿਆਂ ਤੇ ਬੱਚਿਆਂ ਦੇ ਸੰਬੰਧ ਉੱਨੇ ਹੀ ਇੱਛਾ-ਪੂਰਤੀ (gratification) ਨਾਲ ਸੰਬੰਧਿਤ ਹੁੰਦੇ ਹਨ ਜਿੰਨੇ ਕਿ ਨਾਬਾਲਿਗਤਾ ਵੇਲੇ ਨਿਰਾਸ਼ਾ ਅਤੇ ਵਿਆਕੁਲਤਾਵਾਂ ਨਾਲ"।[3] ਸੰਯੁਕਤ ਪਰਿਵਾਰਾਂ ਵਿਚ ਮੈਂਬਰ ਇਕੱਠੇ ਰਹਿੰਦੇ ਹਨ ਇਸ ਕਾਰਣ ਜ਼ਿੰਮੇਵਾਰੀ ਦਾ ਅਹਿਸਾਸ ਹਰੇਕ ਪਰਿਵਾਰਕ ਮੈਂਬਰ ਨੂੰ ਹੁੰਦਾ ਹੈ। ਇਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਾਰ ਦੇ ਪਰਿਵਾਰਕ ਢਾਂਚੇ ਦੇ ਅੰਤਰਗਤ ਹੇਠ ਲਿਖੇ ਰਿਸ਼ਤੇ ਆਉਂਦੇ ਹਨ ਜੋ ਖ਼ੂਨ ਦੇ ਰਿਸ਼ਤੇ ਕਹਾਉਂਦੇ ਹਨ :

1. ਪਿਓ-ਪੁੱਤ
2. ਪਿਓ-ਧੀ
3. ਮਾਂ-ਪੁੱਤ
4. ਮਾਂ-ਧੀ
5. ਭੈਣ-ਭਰਾ
6. ਭੈਣ-ਭੈਣ
7. ਭਰਾ-ਭਰਾ

ਇਸ ਅਧਿਆਇ ਵਿਚ ਕ੍ਰਮਵਾਰ ਇਨ੍ਹਾਂ ਰਿਸ਼ਤਿਆਂ ਦਾ ਮੁਤਾਲਿਆ ਲੋਕ ਗੀਤਕ ਆਧਾਰ ਤੇ ਕੀਤਾ ਜਾਵੇਗਾ। ਜਿਹੜੇ ਰਿਸ਼ਤਿਆਂ ਦਾ ਲੋਕ ਗੀਤਾਂ ਵਿਚ ਉਲੇਖ ਨਹੀਂ ਹੋਇਆ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਸਭਿਆਚਾਰਕ ਸੰਦਰਭ ਅਨੁਸਾਰ ਦਿੱਤੀ ਜਾਵੇਗੀ।

## ਪਿਓ ਪੁੱਤ ਦਾ ਰਿਸ਼ਤਾ

ਪੰਜਾਬੀ ਸਭਿਆਚਾਰਕ ਪਰਿਪੇਖ ਵਿਚ ਪੁੱਤਰ ਦੀ ਧੀ ਦੇ ਮੁਕਾਬਲਤਨ ਜ਼ਿਆਦਾ ਮਹੱਤਾ ਹੈ। ਜਾਇਦਾਦ ਦਾ ਉਤਰਾਧਿਕਾਰੀ ਬਣਨ ਕਾਰਣ ਉਸ ਦਾ ਜਨਮ ਘਰ ਵਿਚ ਖੇੜਾ ਲੈ ਆਉਂਦਾ ਹੈ ਜਦ ਕਿ ਧੀ ਦੇ ਜਨਮ ਦਿਨ ਨੂੰ ਤਾਂ ਗੌਲਿਆ ਵੀ ਨਹੀਂ ਜਾਂਦਾ। ਪੁੱਤ ਦੇ ਜੰਮਣ ਤੇ ਜਿਥੇ ਠੇਕੇ ਬਹਿ ਕੇ ਬੁੱਕਣ ਦੀ ਅਭਿਧਾਰਣਾ ਕੰਮ ਕਰਦੀ ਹੈ ਉਥੇ ਧੀ ਦੇ ਜੰਮਣ ਤੇ ਤਾਂ ਸਾਰੇ ਜੀਅ ਸੋਚੀਂ ਪੈ ਜਾਂਦੇ ਹਨ :

ਜੇ ਘਰ ਜੰਮਿਆ ਪੁੱਤ ਵੇ ਬਾਬਲਾ,
ਹੁਣ ਦਾਰੂ ਦੀ ਰੁੱਤ ਵੇ ਬਾਬਲਾ।
ਜੇ ਘਰ ਜੰਮੀ ਧੀ ਵੇ ਬਾਬਲਾ,
ਦਾਰੂ ਥੋੜ੍ਹੀ ਪੀ ਵੇ ਬਾਬਲਾ।
ਜੇ ਘਰ ਜੰਮਿਆ ਪੁੱਤ ਵੇ ਬਾਬਲਾ,
ਠੇਕੇ ਬਹਿ ਕੇ ਬੁਕ ਵੇ ਬਾਬਲਾ।
ਜੇ ਘਰ ਜੰਮੀ ਧੀ ਵੇ ਬਾਬਲਾ,
ਸੋਚੀਂ ਪੈ ਗਏ ਜੀਅ ਵੇ ਬਾਬਲਾ।

ਪੁੱਤਰ ਦੀ ਅਣਹੋਂਦ ਦੰਪਤੀ ਜੋੜੇ ਨੂੰ ਜੀਵਨ ਦੇ ਅਧੂਰੇਪਨ ਤੁੱਲ ਹੈ ਕਿਉਂਕਿ ਇਸ ਰਿਸ਼ਤੇ ਦੀ ਮੁਕਾਬਲਤਨ ਮਹੱਤਾ ਆਰਥਿਕਤਾ ਤੇ ਆਧਾਰਿਤ ਹੁੰਦੀ ਹੈ। 'ਪੁਤੀ ਗੰਢੁ ਪਵੈ ਸੰਸਾਰੁ'[4] ਦੇ ਸੰਕਲਪ ਅਨੁਸਾਰ ਉਹ ਪਿਓ ਦੀ ਜਾਇਦਾਦ ਦਾ ਅਸਲੀ ਵਾਰਿਸ ਹੁੰਦਾ ਹੈ। ਦਾਦਾ ਆਪਣੇ ਪੋਤਰੇ ਨੂੰ ਵੇਖਕੇ ਇਸੇ ਲਈ ਖੁਸ਼ ਹੁੰਦਾ ਹੈ ਕਿ ਉਸ ਦੀ ਜਾਇਦਾਦ ਘਟੋ ਘਟ ਉਸ ਦੇ ਜੀਊਂਦੇ ਜੀਅ ਕਿਸੇ ਸ਼ਰੀਕ ਨੂੰ ਨਹੀਂ ਜਾ ਸਕਦੀ। ਦਾਦੇ ਦਾ ਪੋਤਰੇ ਪ੍ਰਤੀ ਭਾਵੁਕ ਪ੍ਰਗਟਾਅ ਇਸੇ ਗੱਲ ਦਾ ਪ੍ਰਤੀਕ ਹੈ। ਪਰ ਸਿਰਫ਼ ਇਹੀ ਕਾਰਣ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਹੀਂ ਹੋਰ ਵੀ ਕਾਰਣ ਹਨ ਜਿਨ੍ਹਾਂ ਦਾ ਜ਼ਿਕਰ ਪਿਆਰ ਸਿੰਘ ਨੇ ਇਸ ਪ੍ਰਕਾਰ ਕੀਤਾ ਹੈ ਜਿਨ੍ਹਾਂ ਤੋਂ ਪੁੱਤ ਨੂੰ ਧੀ ਨਾਲੋਂ ਪਹਿਲ ਦੇਣ ਦੇ ਕਾਰਣ ਸਪੱਸ਼ਟ ਹੁੰਦੇ ਹਨ। ਉਸ ਅਨੁਸਾਰ :

1. ਮੁੰਡਾ ਵੱਡਾ ਹੋ ਕੇ ਪਰਿਵਾਰ ਦੀ ਆਮਦਨ ਵਧਾਉਣ ਵਿਚ ਸਹਾਈ ਹੋ ਸਕਦਾ ਹੈ ਜਦੋਂ ਕਿ ਲੜਕੀ ਵੱਡੀ ਹੋ ਕੇ ਬੋਝ ਬਣ ਜਾਣ ਦੀ ਰੁਚੀ ਰੱਖਦੀ ਹੈ, ਆਖਿਰ ਉਸ ਨੂੰ ਦਾਜ ਆਦਿ ਦੇ ਕੇ ਵਿਆਹੁਣ ਦੀ ਲੋੜ ਵੀ ਤਾਂ ਹੁੰਦੀ ਹੈ;

2. ਮੌਜੂਦਾ ਸਮਾਜਕ ਨਿਜ਼ਾਮ ਵਿਚ ਲੜਕੀ ਲਈ ਯੋਗ ਵਰ ਲੱਭਣਾ ਭਾਰੀ ਸਿਰ ਦਰਦੀ ਹੈ;

3. ਬਦੇਸ਼ੀ ਹਮਲਾਵਰਾਂ ਅਤੇ ਅੰਦਰੂਨੀ ਹਮਲੇ ਦਾ ਮੁਕਾਬਲਾ ਕਰਨ ਲਈ ਅਤੇ ਖਾਨਦਾਨੀ ਦੁਸ਼ਮਣੀਆਂ ਪਾਲਣ ਲਈ ਜੋ ਕਿ ਪੇਂਡੂ ਪੰਜਾਬ ਦੀ ਆਪਣੀ ਕਿਸਮ ਦੀ ਹੀ ਵਿਲੱਖਣਤਾ ਹੈ, ਦੇਸ਼ ਨੂੰ ਸਿਪਾਹੀਆਂ (ਮਰਦ ਬਾਲਿਗਾਂ) ਦੀ ਹਰ ਸਮੇਂ ਲੋੜ ਰਹੀ ਹੈ ਅਤੇ ਇਹ ਹੁਣ ਵੀ ਉਵੇਂ ਜਿਵੇਂ ਖੜੀ ਹੈ;

4. ਹਿੰਦੂ ਸ਼ਾਸਤਰਾਂ ਦੀ ਅਕੱਟ ਮਰਯਾਦਾ ਹੈ ਕਿ ਪਿਤਾ ਦੀ ਸਵਰਗ ਵਿਚ ਥਾਂ ਯਕੀਨੀ ਬਣਾਉਣ ਲਈ ਉਸ ਦੀ ਚਿਤਾ ਨੂੰ ਲਾਂਬੂ ਬੇਟੇ ਹੱਥੋਂ ਦਿੱਤਾ ਜਾਵੇ।[5]

ਪੁੱਤਰ ਤੇ ਪਿਓ ਦਾ ਰਿਸ਼ਤਾ ਭਾਵੁਕ ਸਾਂਝ ਵਾਲਾ ਵੀ ਹੈ ਅਤੇ ਆਪਸੀ ਵਿਰੋਧ ਵਾਲਾ ਵੀ। ਜਵਾਨ ਹੋਣ ਤਕ ਪਿਓ ਚਾਅ ਮਲ੍ਹਾਰ ਨਾਲ ਪੁੱਤਰ ਨੂੰ ਪਾਲਦਾ ਤੇ ਉਸ ਪ੍ਰਤੀ ਹਰ ਕੁਰਬਾਨੀ ਦੀ ਭਾਵਨਾ ਰੱਖਦਾ ਹੈ, ਪਰ ਜਦੋਂ ਪੁੱਤ ਜਵਾਨ ਹੋ ਜਾਂਦਾ ਹੈ ਤਾਂ ਉਸ ਅੰਦਰ ਪਿਓ ਦੀ ਜਾਇਦਾਦ ਦਾ ਵਾਰਿਸ ਬਣਨ ਅਤੇ ਬਹੁਤ ਜਲਦੀ ਇਸ ਪਦਵੀ ਨੂੰ ਸੰਭਾਲਣ ਦੀ ਲਾਲਸਾ ਕਾਰਣ ਦੋਹਾਂ ਵਿਚਕਾਰ ਆਪਸੀ ਵਿਰੋਧ ਜਨਮ ਲੈਂਦਾ ਹੈ। ਦੂਜੇ ਪਾਸੇ ਬਾਪ ਦਾ ਵਤੀਰਾ ਅਨੁਸ਼ਾਸਨ ਵਾਲਾ ਹੋਣ ਦੇ ਬਾਵਜੂਦ ਪੁੱਤਰ ਪ੍ਰਤੀ ਸਨੇਹ ਦੀ ਭਾਵਨਾ ਦਾ ਪ੍ਰਗਟਾਵਾ ਵੀ ਕਰਦਾ ਹੈ। ਵਾਸਤਵ ਵਿਚ ਇਸ ਦਾ ਮੁੱਖ ਕਾਰਣ ਸਾਮੰਤੀ ਢਾਂਚੇ ਵਿਚ ਆਪਸੀ ਹੋਂਦ ਨੂੰ ਬਚਾਈ ਰੱਖਣ ਲਈ ਬਾਹਵਾਂ ਦੀ ਲੋੜ ਹੁੰਦੀ ਹੈ ਜੋ ਕਿਸੇ ਵੀ ਡਿੱਗ ਸਕਣ ਵਾਲੀ ਜਾਗੀਰ ਨੂੰ ਬਚਾਉਣ ਦੇ ਸਮਰਥ ਹੁੰਦੀਆਂ ਹਨ।[6] ਤਾਂ ਹੀ ਇਕ ਪੁੱਤ ਦੀ ਕਲਪਣਾ ਨਹੀਂ, ਜੋੜੀ ਦੀ ਕਲਪਣਾ ਕੀਤੀ ਜਾਂਦੀ ਹੈ :

ਕੱਲੀ ਹੋਵੇ ਨਾ ਬਨਾ ਵਿਚ ਲੱਕੜੀ,
ਕੱਲਾ ਨਾ ਹੋਵੇ ਪੁੱਤ ਜੱਟ ਦਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਓ ਪੁੱਤਰ ਉਪਰ ਹਰ ਨਿਗਰਾਨੀ ਰੱਖਦਾ ਹੈ ਜੋ ਉਸ ਦਾ ਫਰਜ਼ ਵੀ ਹੈ ਤੇ ਅਧਿਕਾਰ ਵੀ। ਘਰ ਦੇ ਕਿਸੇ ਜੀਅ ਦਾ ਕਹਿਣਾ ਮੋੜਨ ਉਪਰੰਤ ਪੁੱਤ ਦੀ ਸ਼ਕਾਇਤ ਉਸ ਦੇ ਪਿਤਾ ਪਾਸ ਹੀ ਹੁੰਦੀ ਹੈ :

ਜੇ ਸਹੁਰਿਆ ਵੇ ਤੇਰੀ ਪਾਣੀਏ ਦੀ ਵਾਰੀ,
ਆੜੇ ਆੜੇ ਜਾ ਸਹੁਰਿਆ,
ਪੁੱਤ ਵਿਗੜੇ ਨੂੰ ਸਮਝਾ ਸਹੁਰਿਆ।

ਕੁਲ ਦੀ ਗਤੀਸ਼ੀਲਤਾ ਲਈ ਅਤੇ ਬੁਢੇ ਮਾਪਿਆਂ ਦਾ ਸਹਾਰਾ ਬਣਨ ਲਈ ਪੁੱਤ ਦੀ ਹੋਂਦ ਜ਼ਰੂਰੀ ਹੈ। ਸੰਬੰਧਾਂ ਦੀ ਜ਼ਿੰਮੇਵਾਰੀ ਪਰਿਵਾਰ ਦੇ ਵਡਿਕੇ ਸਿਰ ਹੁੰਦੀ ਹੈ। ਇਸ ਲਈ ਪੁੱਤਰ ਦਾ ਰਿਸ਼ਤਾ ਉਹ ਚੰਗੇ ਘਰ ਕਰੇ, ਮਾੜੇ ਕਰੇ ਉਸ ਦੀ (ਵਡਿੱਕੇ ਦੀ) ਚੋਣ ਤੇ ਨਿਰਭਰ ਕਰਦਾ ਹੈ ਨਾ ਕਿ ਪੁੱਤਰ ਦੀ ਚੋਣ ਤੇ। ਇਹ ਵਡਿੱਕਾ ਆਮ ਤੌਰ ਤੇ ਪਿਓ ਹੀ ਹੁੰਦਾ ਹੈ। ਉਸ ਦੇ ਚਲਾਣੇ ਪਿੱਛੋਂ ਪੁਰਖਾ ਸ਼ਕਤੀ ਉਸ ਦੇ ਜੇਠੇ ਪੁੱਤਰ ਨੂੰ ਵਿਰਸੇ ਵਿਚ ਮਿਲਦੀ ਹੈ ਜੋ ਕੁਟੰਬ ਦਾ ਮੁਖੀਆ ਬਣਕੇ ਬਰਾਦਰੀ ਵਿਚ ਆਪਣੇ ਸਾਰੇ ਕੁਟੰਬ ਦੀ ਪ੍ਰਤੀਨਿਧਤਾ ਕਰਨ ਲੱਗਦਾ ਹੈ। ਇਹ ਪੁਰਖਾ ਸ਼ਕਤੀ ਬਕਾਇਦਾ ਰਸਮੀ ਢੰਗ ਨਾਲ ਭਰੀ ਬਰਾਦਰੀ ਵਿਚ ਉਸ ਨੂੰ ਪੱਗ ਬੰਨ੍ਹਕੇ ਪ੍ਰਦਾਨ ਕੀਤੀ ਜਾਂਦੀ ਹੈ। ਇਸ ਰਸਮ ਨੂੰ ਪੱਗ ਬੰਨ੍ਹਣਾ ਕਹਿੰਦੇ ਹਨ।[7]

ਜਿਥੇ ਪਿਓ ਦਾ ਫਰਜ਼ ਹੈ ਕਿ ਉਹ ਪੁੱਤਰ ਨੂੰ ਸਮਾਜ 'ਚ ਵਿਚਰਨ ਲਈ ਸੇਧ ਦੇਵੇ, ਉਸ ਨੂੰ ਪਾਲੇ, ਉਥੇ ਅਚੇਤ ਤੌਰ ਤੇ ਪਿਤਾ ਦਾ ਆਸ਼ਾ ਹੁੰਦਾ ਹੈ ਕਿ ਬੱਚਾ ਵੱਡਾ ਹੋ ਕੇ ਉਸ ਦੀ ਡੰਗੋਰੀ ਫੜੇਗਾ। ਜੇ ਉਹ (ਪੁੱਤਰ) ਆਪਣੇ ਇਸ ਫਰਜ਼ ਤੋਂ ਮੂੰਹ ਮੋੜਦਾ ਹੈ ਤਾਂ ਪਾੜ ਪੈਣਾ ਕੁਦਰਤੀ ਹੈ। "ਪਿਤਾ ਦੀ ਆਗਿਆ ਨਾ ਮੰਨਣਾ ਸਪੱਸ਼ਟ ਤੌਰ ਤੇ ਅਧਿਕਾਰ ਜਾਂ ਹੱਕ ਇਥੋਂ ਤਕ ਕਿ ਸ਼ਾਇਦ ਫਰਜ਼ ਦੀ ਨਾ ਪਛਾਣ ਹੈ। ਇਸ ਤਰ੍ਹਾਂ ਦੇ ਸਮੇਂ ਕੁਦਰਤੀ ਤੌਰ ਤੇ ਪਿਓ ਅਤੇ ਪੁੱਤਰ ਦੇ ਵਿਹਾਰ ਤੇ ਜ਼ਰੂਰ ਬੰਦਿਸ਼ਾਂ ਲੱਗ ਜਾਂਦੀਆਂ ਹਨ ਜਿਵੇਂ ਬੈਂਕਸ ਇਜਲੈਂਡਜ਼ ਵਿਚ, ਜਿਥੇ ਪਿਓ ਅਤੇ ਪੁੱਤਰ ਇਕੱਠੇ ਬੈਠ ਕੇ ਖਾ ਨਹੀਂ ਸਕਦੇ"।[8] ਇਸ ਤਰ੍ਹਾਂ "ਪਿਓ ਪੁੱਤਰ ਦਾ ਸੰਬੰਧ ਓਨਾ ਚਿਰ ਤਕ ਮਿਲਿਆ ਜੁਲਿਆ ਰਹਿੰਦਾ ਹੈ ਜਦ ਤਕ ਪੁੱਤਰ ਪਿਓ ਦੀ ਆਗਿਆ ਦਾ ਉਲੰਘਣ ਨਹੀਂ ਕਰਦਾ"।[9]

ਇਸ ਦੇ ਅਤਿਰਿਕਤ ਪੁੱਤਰ ਕਿਸੇ ਵੀ ਔਰਤ ਨਾਲ ਸੰਬੰਧਾਂ ਦੀ ਦੁਨੀਆ ਸਮਾਜਕ ਪ੍ਰਵਾਨਗੀ ਤੋਂ ਬਿਨਾਂ ਨਹੀਂ ਸਿਰਜ ਸਕਦਾ। ਜੇਕਰ ਅਜਿਹਾ ਹੁੰਦਾ ਹੈ ਤਾਂ ਪਿਓ ਪ੍ਰਤੀਕਰਮ ਪ੍ਰਗਟਾਉਂਦਾ ਹੈ ਜਿਥੋਂ ਆਪਸੀ ਵਿਰੋਧ ਨੂੰ ਜਨਮ ਮਿਲਦਾ ਹੈ। ਦਰਅਸਲ ਕਿਸ਼ੋਰ ਅਵਸਥਾ ਦੇ ਸਮੇਂ ਹੋਇਆ ਵਿਕਾਸ ਪੀੜ੍ਹੀਆਂ ਦੇ ਟਕਰਾਉ ਦੀ ਪ੍ਰਕਿਰਤੀ ਨੂੰ ਨਿਸ਼ਚਿਤ ਕਰ ਦਿੰਦਾ ਹੈ ਜਦ ਮਾਪਿਆਂ ਦਾ ਅਨੁਸ਼ਾਸਨ ਜ਼ਿਆਦਾ ਤਾਬੇਦਾਰੀ ਦੀ ਮੰਗ ਕਰਦਾ ਹੈ ਤਾਂ ਪੀੜ੍ਹੀਆਂ ਦੇ ਸੁਭਾਵਾਂ ਦਾ ਤਜ਼ਰਬਾ ਇਸ ਰਾਹ ਨੂੰ ਨਿਖੇੜਨ ਦਾ ਬੜਾ ਵਿਸ਼ਾਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਣ ਬਣਦਾ ਹੈ।[10] Murphy ਨੇ ਇਕ ਨੁਕਤਾ ਮਾਪੇ ਬੱਚਿਆਂ ਵਿਚਕਾਰ ਨਿਖੇੜੇ ਦਾ ਇਹ ਦੱਸਿਆ ਹੈ ਕਿ ਮਾਪੇ ਅਧਿਕਾਰਸ਼ੀਲ ਵਰਗ ਨਾਲ ਸੰਬੰਧਿਤ ਹੋਣ ਦੇ ਨਾਤੇ ਬੱਚਿਆਂ ਨਾਲ ਇੰਨੀ ਨੇੜਤਾ ਨਹੀਂ ਕਰ ਸਕਦੇ ਤੇ ਨਾ ਉਹ ਜਾਣਦੇ ਹਨ ਕਿ ਮਾਪਿਆਂ ਤੇ ਬੱਚਿਆਂ ਦੇ ਪਹਿਲੇ ਸੰਬੰਧਾਂ ਨੂੰ ਕਿਵੇਂ ਕਾਇਮ ਰੱਖਣਾ ਹੈ।[11] ਇਸੇ ਕਾਰਣ ਪਿਓ ਪੁੱਤਰ ਵਿਚਕਾਰ ਸੰਬੰਧ ਇੰਨੇ ਨਿੱਘੇ ਨਹੀਂ ਹਨ ਜਿੰਨੇ ਕਿ ਚਾਚਾ ਭਤੀਜਾ ਤੇ ਦਾਦਾ ਪੋਤਾ ਵਿਚਕਾਰ ਹਨ ਕਿਉਂਕਿ :

> ਇਕ ਪੰਜਾਬੀ ਪਿਓ ਸਿਰਫ ਪਿਓ ਹੀ ਨਹੀਂ ਉਹ ਸਥਾਪਿਤ ਧਾਰਮਿਕ ਤੇ ਸਮਾਜਕ ਸੰਸਥਾ ਦਾ ਪ੍ਰਤੀਨਿਧ ਵੀ ਹੈ, ਉਸ ਨੇ ਆਪਣੇ ਪੁੱਤਰ, ਜੋ ਕਿ ਸਮਾਜ ਵਿਚ ਪੂਰੀ ਤਰ੍ਹਾਂ ਢਲਿਆ ਨਹੀਂ ਹੁੰਦਾ, ਆਪਣੇ ਅਨੁਸਾਰ ਢਾਲਣਾ ਹੁੰਦਾ ਹੈ। ਆਪਣੇ ਅਨੁਸਾਰ ਢਾਲ ਕੇ ਹੀ ਆਪਣੀ ਪੁਜੀਸ਼ਨ ਉਸ ਨੂੰ ਦੇਣੀ ਹੁੰਦੀ ਹੈ। ਇਸ ਲਈ ਵੰਸ਼ ਤੇ ਸਮਾਜ ਦੋਵੇਂ ਬਰਾਬਰ ਤੁਰਦੇ ਹਨ।[12]

ਲੋਕ ਗੀਤਾਂ ਨੂੰ ਅਧਿਕਤਰ ਮਾਤਰਾ ਵਿਚ ਸਿਰਜਣ ਵਾਲੀ ਔਰਤ ਜਾਤੀ ਹੈ ਮਰਦਾਂ ਦਾ ਹਿੱਸਾ ਇਸ ਸਿਰਜਣਾ ਵਿਚ ਨਾ ਮਾਤਰ ਹੀ ਹੈ। ਉਹ ਵੀ ਸਿਰਫ਼ ਜਵਾਨ ਦਿਲਾਂ ਦੇ ਪ੍ਰਸੰਗ ਵਿਚ ਹੀ। ਪਿਓ ਪੁੱਤਰ ਵਿਚਕਾਰ ਇਕ ਸੰਕੋਚ ਹੁੰਦਾ ਹੈ। ਘਰ ਦੀਆਂ ਤੰਗੀਆਂ ਤੁਰਸ਼ੀਆਂ ਤੇ ਹੋਰ ਘਰੇਲੂ ਮਸਲੇ ਜਿਹੜੇ ਅਕਸਰ ਉਨ੍ਹਾਂ ਦੋਹਾਂ ਦੇ ਵਿਚਾਰ ਵਟਾਂਦਰੇ ਦਾ ਮਾਧਿਅਮ ਬਣਦੇ ਹਨ ਦਾ ਰੂਪ ਲੋਕ ਗੀਤਕ ਨਾ ਹੋ ਕੇ ਇਕ ਵਾਦ-ਵਿਵਾਦ ਹੀ ਕਿਹਾ ਜਾ ਸਕਦਾ ਹੈ। ਇਸ ਕਾਰਣ ਲੋਕ ਗੀਤਾਂ ਵਿਚ ਇਸ ਰਿਸ਼ਤੇ ਬਾਰੇ ਕੁਝ ਨਹੀਂ ਮਿਲਦਾ।

ਉਪਰੋਕਤ ਧਾਰਣਾਵਾਂ ਅਨੁਸਾਰ ਪੁੱਤਰ ਦੇ ਜਨਮ ਦਿਨ ਤੇ ਬਹੁਤੀ ਦਾਰੂ ਪੀਣ ਵਾਲਾ ਪਿਉ ਪੁੱਤਰ ਨੂੰ ਪਿਆਰ ਨਾਲ ਪਾਲਦਾ ਤੇ ਹਰ ਪ੍ਰਕਾਰ ਦੀ ਸੁਵਿਧਾ ਰਾਹੀਂ ਉਸ ਦਾ ਸਮਾਜੀਕਰਣ ਕਰਦਾ ਹੈ। ਪੁੱਤਰ ਜਵਾਨ ਹੋਣ ਤੇ ਪਿਉ ਦੀ ਕੀਤੀ ਘਾਲਣਾ ਨਾਲੋਂ ਆਪਣੇ ਅਧਿਕਾਰਾਂ ਨੂੰ ਜ਼ਿਆਦਾ ਤਰਜੀਹ ਦੇਣ ਲੱਗ ਜਾਂਦਾ ਹੈ ਅਤੇ ਇਹ ਰਿਸ਼ਤਾ ਪਿਆਰ ਦੇ ਅਹਿਸਾਸ ਤੋਂ ਅਗਾਂਹ ਆਰਥਿਕ ਤੇ ਸਮਾਜਕ ਵਾਰਸੀ ਦੇ ਸਵਾਲ ਰਾਹੀਂ ਸਵਾਰਥ 'ਚ ਵਟ ਜਾਂਦਾ ਹੈ। ਜਿਥੇ ਪਿਉ ਤੇ ਪੁੱਤਰ ਵਿਚਕਾਰ ਤਣਾਉ (tention) ਆਉਣਾ ਲਾਜ਼ਮੀ ਹੋ ਜਾਂਦਾ ਹੈ। ਪਿਉ ਪ੍ਰੋਢ ਹੋਣ ਦੇ ਨਾਤੇ ਸਥਿਤੀ ਨਾਲ ਸਮਝੌਤਾ ਕਰਕੇ ਪੁੱਤਰ ਨੂੰ ਅਲੱਗ ਘਰ ਬਣਾ ਦਿੰਦਾ ਹੈ। ਇਸ ਤਰ੍ਹਾਂ ਇਕ ਨਵਾਂ ਪਰਿਵਾਰ ਹੋਂਦ ਵਿਚ ਆਉਂਦਾ ਹੈ ਜਿਸ ਦਾ ਮੁਖੀ ਪਿਉ ਦਾ ਪੁੱਤਰ ਆਪਣੀ ਸੰਤਾਨ ਦੇ ਮੁਖੀ ਦੇ ਰੂਪ ਵਿਚ ਪਿਉ ਬਣਕੇ ਸੰਤਾਨ ਨੂੰ ਪਾਲਦਾ ਤੇ ਉਸ ਨੂੰ ਸਮਾਜਕ ਵਿਵਸਥਾ ਅਨੁਕੂਲ ਢਾਲਦਾ ਹੈ। ਇਹ ਤਰ੍ਹਾਂ ਇਹ ਪ੍ਰਕਿਰਿਆ ਸਦੀਵੀ ਗਤੀਸ਼ੀਲ ਰਹਿੰਦੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਮਾਂ ਪੁੱਤ ਦਾ ਰਿਸ਼ਤਾ

ਮਾਂ ਪੁੱਤ ਦਾ ਰਿਸ਼ਤਾ ਭਾਵੁਕਤਾ ਅਥਵਾ ਸਨੇਹ ਭਰਪੂਰ ਹੋਣ ਕਾਰਣ ਮਾਂ ਪੁੱਤਰ ਨੂੰ ਆਪਣੇ 'ਜਿਗਰ ਦਾ ਟੋਟਾ' ਕਹਿ ਕੇ ਸੰਬੋਧਿਤ ਕਰਦੀ ਹੈ। ਪੁੱਤਰ ਦੀ ਅਣਹੋਂਦ ਉਸ ਨੂੰ ਆਪਣੇ ਜੀਵਨ ਦਾ ਅਧੂਰਾਪਣ ਭਾਸਦੀ ਹੈ। ਉਹ ਹਰ ਸੰਭਵ ਕੋਸ਼ਿਸ਼ ਰਾਹੀਂ ਪੁੱਤਰ ਦੀ ਪ੍ਰਾਪਤੀ ਲੋਚਦੀ ਹੈ ਚਾਹੇ ਉਸ ਨੂੰ ਆਪਣੀ ਜ਼ਿੰਦਗੀ ਪੁੱਤਰ ਪ੍ਰਾਪਤੀ ਲਈ ਨਿਛਾਵਰ ਕਿਉਂ ਨਾ ਕਰ ਦੇਣੀ ਪਵੇ। ਇਸੇ ਲਈ "ਕਰੜਾ ਤੇ ਪਿਆਰ ਭਰਪੂਰ ਸੰਬੰਧ ਖਾਸ ਤੌਰ ਤੇ ਮਾਂ ਪੁੱਤਰਾਂ ਨੂੰ ਇਕ ਲੜੀ ਵਿਚ ਬੰਨ੍ਹ ਦੇਂਦਾ ਹੈ ਭਾਵੇਂ ਇਕ ਔਰਤ ਮੁਸ਼ਕਲ ਨਾਲ ਹੀ ਆਪਣੀ ਪੁੱਤਰੀ ਦੇ ਪਿਆਰ ਨੂੰ ਰੋਕ ਸਕਦੀ ਹੈ"।[13] ਰਾਣੀ ਇੱਛਰਾਂ ਪੁੱਤਰ ਦੇ ਵਿਛੋੜੇ ਵਿਚ ਹੀ ਬੇਹਾਲ ਹੋ ਕੇ ਅੰਨ੍ਹੀ ਹੋ ਗਈ ਸੀ।

ਪੰਜਾਬੀ ਰਿਸ਼ਤਿਆਂ ਦੀ ਦੁਨੀਆਂ ਵਿਚ ਇਹ ਰਿਸ਼ਤਾ ਬਹੁਤ ਹੀ ਮੋਹ ਭਰਪੂਰ ਹੈ। ਮਾਂ ਪੁੱਤਰ ਦੀ ਪ੍ਰਾਪਤੀ ਲਈ ਕਈ ਅੰਧ ਵਿਸ਼ਵਾਸਾਂ ਨੂੰ ਵੀ ਆਪਣੀ ਚੇਤਨਾ ਦਾ ਅੰਗ ਬਣਾਉਂਦੀ ਹੈ। ਜੇਕਰ ਪੁੱਤਰ ਕਿਧਰੇ ਵਿਕਦੇ ਹੋਣ ਤਾਂ ਲੱਖਾਂ ਕਰੋੜਾਂ ਰੁਪਏ ਦੀ ਵੀ ਪ੍ਰਵਾਹ ਨਾ ਕਰੇ ਕਿਉਂਕਿ ਜਿਥੇ ਉਤਰਾਧਿਕਾਰ ਪਿਤਾ ਪੱਖ ਤੋਂ ਪ੍ਰਾਪਤ ਹੁੰਦਾ ਹੈ ਉਥੇ ਵਿਆਹ ਤਦ ਹੀ ਪੂਰਣ ਰੂਪ 'ਚ ਸੰਪੂਰਣ ਮੰਨਿਆ ਜਾਂਦਾ ਹੈ ਜਦ ਨਾਰੀ ਇਕ ਪੁੱਤਰ ਨੂੰ ਜਨਮ ਦੇ ਦਏ ਅਤੇ ਇਸ ਤਰ੍ਹਾਂ ਆਪਣੇ ਪਤੀ ਦੀ ਉਤਰਾਧਿਕਾਰੀ ਦੀ ਲਾਈਨ ਸਥਾਪਤ ਕਰਨ ਦੇ ਫਰਜ਼ ਨੂੰ ਯਥਾਰਥ ਰੂਪ ਵਿਚ ਪੂਰਾ ਕਰ ਦਏ।[14] ਇਸੇ ਲਈ ਪੁੱਤਰ ਦੀ ਕਾਮਨਾ ਲੋਕ ਗੀਤਾਂ 'ਚ ਪ੍ਰਬਲ ਹੈ:

ਇਕ ਲੱਖ ਦੇਵਾਂ ਦੇਵਾਂ ਲੱਖ ਚਾਰ,<br>
ਪੁੱਤਰ ਲਿਆ ਦੇ ਕਿਸੇ ਹੱਟ ਤੋਂ।

ਪਰ ਇਹ ਕੁਦਰਤੀ ਦਾਤ ਹੈ:

ਗੋਰੀਏ ਇਕ ਲੱਖ ਦੇ, ਭਾਵੇਂ ਦੇ ਲੱਖ ਚਾਰ<br>
ਕਰਮਾਂ ਬਾਝੋਂ ਪੁੱਤਰ ਨਹੀਂ ਲੱਭਦੇ।

ਮਾਂ ਪੁੱਤ ਵਿਚਕਾਰ ਰਿਸ਼ਤਾ ਸੁਖਾਵਾਂ ਹੈ। ਜਿਥੇ ਪਿਉ ਸਮਾਜਕ ਤੇ ਆਰਥਿਕ ਸੰਸਥਾਵਾਂ ਦਾ ਪ੍ਰਤੀਨਿਧ ਹੈ ਉਥੇ ਮਾਂ ਨਹੀਂ। ਮਾਂ ਪਿਉ ਤੋਂ ਮਗਰੋਂ ਘਰ ਵਿਚ ਦੂਜੇ ਨੰਬਰ ਦਾ ਅਧਿਕਾਰਸ਼ੀਲ ਮੈਂਬਰ ਹੈ। ਪਿਉ ਦੇ ਹੁੰਦਿਆਂ ਮਾਂ ਦੀ ਪੁਜ਼ੀਸ਼ਨ ਸਹਾਇਕ ਹੀ ਹੁੰਦੀ ਹੈ। ਇਸ ਲਈ ਜਿਥੇ ਪਿਉ ਤੇ ਪੁੱਤਰ ਵਿਚਕਾਰ ਸਮਾਜਕ ਤੇ ਆਰਥਿਕ ਵਾਰਸੀ ਦਾ ਸੰਬੰਧ ਹੈ ਉਹ ਇਥੇ ਨਹੀਂ। ਇਸ ਲਈ ਮਾਂ ਪੁੱਤ ਦਾ ਰਿਸ਼ਤਾ ਸਵਾਰਥਹੀਣ ਹੋਣ ਕਰਕੇ ਇਨ੍ਹਾਂ ਵਿਚਕਾਰ ਦਵੰਦ ਨਹੀਂ ਉਪਜਦਾ ਜਿਸ ਕਾਰਣ ਇਹ ਰਿਸ਼ਤਾ ਸੁਖਾਵਾਂ ਹੈ। ਬੱਚੇ ਨੂੰ ਜੰਮਣ ਤੋਂ ਲੈ ਕੇ ਉਸ ਨੂੰ ਜਵਾਨ ਕਰਨ ਤੱਕ ਜਿੰਨਾ ਮਾਂ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਲ ਹੈ ਪਿਉ ਦਾ ਉਸ ਦੇ ਤੁਲ ਕੁਝ ਵੀ ਨਹੀਂ। ਬਣੀ ਬਣਾਈ ਵਸਤੂ ਦੇ ਮਾਲਕ ਬਣਨਾ ਤੇ ਵਸਤੂ ਦੀ ਹੋਂਦ ਖੁਦ ਸਿਰਜਕੇ ਉਸ ਨੂੰ ਗੁਣਵਾਨ ਬਣਾਉਣ ਵਿਚ ਬਹੁਤ ਅੰਤਰ ਹੈ। ਪਿਉ ਪ੍ਰੌਡ ਹੋਈ ਸ਼ਖਸੀਅਤ ਤੋਂ ਹੀ ਲਾਭ ਉਠਾਉਂਦਾ ਹੈ ਜਦ ਕਿ ਮਾਂ ਪੁੱਤਰ ਨੂੰ ਪ੍ਰੌਢ ਕਰਦੀ ਹੈ ਤੇ ਸਮਾਜਕ ਬੰਦਿਸ਼ਾਂ ਖੁੱਲ੍ਹਾਂ ਆਦਿ ਦੀ ਚੰਗੀ ਤਰ੍ਹਾਂ ਸੋਝੀ ਦੇਂਦੀ ਹੈ। ਜਿਹੜੀ ਵਸਤੂ ਨੂੰ ਛੋਟੇ ਜਿਹੇ ਪੌਦੇ ਦੇ ਰੂਪ 'ਚ ਪਾਲ ਕੇ ਵੱਡਾ ਕੀਤਾ ਹੋਵੇ ਕੁਦਰਤੀ ਹੈ ਕਿ ਉਸ ਨਾਲ ਜ਼ਿਆਦਾ ਮੋਹ ਹੋਵੇਗਾ। "ਹਾਏ ਵੇ ਪੁੱਤ ਮੈਂ ਮਰ ਜਾਂ' ਮਾਂ ਲਈ ਸਹਿਜ ਸੁਭਾਵਕ ਗੱਲ ਹੈ ਪਰ ਡੂੰਘੇ ਉਤਰ ਕੇ ਇਸ ਵਿਚਾਰ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਰਿਸ਼ਤੇ ਦੀ ਡੂੰਘਾਈ ਗਿਆਤ ਹੁੰਦੀ ਹੈ। ਹਰਚਰਨ ਸਿੰਘ ਸੋਬਤੀ ਦੇ ਸ਼ਬਦਾਂ ਵਿਚ :

> ਇਸਤਰੀ ਦੇ ਚਰਿੱਤਰ ਵਿਚ ਏਨੀ ਵਿਲੱਖਣਤਾ ਹੈ ਕਿ ਇਹ ਆਪਣੇ ਵੱਖ ਵੱਖ ਤਰ੍ਹਾਂ ਦੇ ਚਰਿੱਤਰ ਦਾ ਪ੍ਰਦਰਸ਼ਨ ਕਰਦੀ ਹੈ। ਇਕ ਇਸਤਰੀ ਨਿਰੀ ਪਤਨੀ ਜਾਂ ਪ੍ਰੇਮਿਕਾ ਹੀ ਨਹੀਂ ਉਹ ਇਕ ਮਾਂ ਵੀ ਹੈ ਜੋ ਆਪਣੇ ਬੱਚੇ ਦਾ ਹਰ ਦੁੱਖ ਸੁੱਖ ਵਿਚ ਸਾਥ ਦਿੰਦੀ ਹੈ ਉਸ ਨੂੰ ਛੱਡ ਨਹੀਂ ਸਕਦੀ। ਰੱਬ ਤੋਂ ਦੂਜੀ ਥਾਂ ਮਾਂ ਦੀ ਹੈ ਜੋ ਬੱਚੇ ਨੂੰ ਇਸ ਸੰਸਾਰ ਵਿਚ ਲਿਆਉਣ ਦਾ ਸਾਧਨ ਬਣਦੀ ਹੈ ਅਤੇ ਬੱਚੇ ਦੀ ਆਪਣੇ ਤਨੋ ਮਨੋਂ ਹਰ ਖੇਤਰ ਵਿਚ ਸਹਾਇਤਾ ਅਤੇ ਪਿਆਰ ਕਰਦੀ ਹੈ।[16]

ਮਾਂ ਸਮਾਜਕ ਤੇ ਧਾਰਮਿਕ ਸੰਸਥਾਵਾਂ ਦੀ ਪ੍ਰਤੀਨਿਧ ਵੀ ਨਹੀਂ। ਉਹ ਤਾਂ ਵਿਆਹ ਉਪਰੰਤ ਆਪਣੇ ਘਰ ਦੀ ਚਾਰ ਦੀਵਾਰੀ ਅੰਦਰ ਜਿਉਂ ਦੀ ਤਿਉਂ ਕੈਦ ਰਹਿੰਦੀ ਹੈ। ਉਸ ਦੀ ਸ਼ਖਸੀ ਆਜ਼ਾਦੀ ਲਈ ਕੋਈ ਥਾਂ ਨਹੀਂ। ਉਸ ਦੇ ਸੁਭਾਅ ਵਿਚ ਪੁੱਤਰ ਨੂੰ ਹੋੜਨ ਦੀ ਰੁਚੀ ਨਾ ਹੋਣ ਕਾਰਨ ਉਹ ਹਮੇਸ਼ਾਂ ਹੀ ਮਾਂ ਨੂੰ ਜ਼ਿਆਦਾ ਮੋਹ ਕਰਦਾ ਹੈ। ਮਾਂ ਦੀ ਪਾਲਣ ਪੋਸਣ ਦੀ ਘਾਲਣਾ ਦੇ ਇਵਜ਼ਾਨੇ ਵਜੋਂ ਪੁੱਤ ਉਸ ਦੀ ਬੁਢੇ ਵਾਰੇ ਡੰਗੋਰੀ ਬਣਦਾ ਹੈ। ਧੀਆਂ ਤਾਂ ਇਸ ਸਮੇਂ ਤੱਕ ਪਦੇਸਣਾਂ ਹੋ ਚੁੱਕੀਆਂ ਹੁੰਦੀਆਂ ਹਨ। ਇਸ ਲਈ ਇਹ ਰਿਸ਼ਤਾ ਦੁਪਾਸੀ ਹੀ ਦੇਣਦਾਰ ਹੋਣ ਕਰਕੇ ਜ਼ਿਆਦਾ ਮੋਹ ਦਾ ਅੰਸ਼ ਸਮੋਈ ਬੈਠਾ ਹੈ।

ਮਾਂ ਪੁੱਤ ਤੇ ਪਿਉ ਵਿਚਾਲੇ ਵਿਚੋਲੇ ਦਾ ਕੰਮ ਕਰਦੀ ਹੈ ਜਿਸ ਦੌਰਾਨ ਉਸ ਨੂੰ ਖ਼ੁਦ ਝਿੜਕਾਂ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। "ਭੋਜਪੁਰੀ ਵਿਚ ਇਕ ਕਹਾਵਤ ਹੈ ਕਿ ਮਾਂ ਦੇ ਬਿਨਾਂ ਆਦਰ ਕੌਣ ਕਰੇਗਾ ? ਵਰਖਾ ਦੇ ਬਿਨਾ ਸਾਗਰ ਕੌਣ ਭਰੇਗਾ ? ਵਾਸਤਵ ਵਿਚ ਮਾਂ ਦਾ ਹਿਰਦਾ ਬੱਚੇ ਲਈ ਹਮੇਸ਼ਾਂ ਚਿੰਤਤ ਰਹਿੰਦਾ ਹੈ ਜਿਸ ਤਰ੍ਹਾਂ ਘੁਮਿਆਰ ਦੇ ਆਵੇ ਦੀ ਅੱਗ ਰਹਿ ਰਹਿ ਕੇ ਭਬਕ ਉਠਦੀ ਹੈ ਉਸ ਪ੍ਰਕਾਰ ਮਾਂ ਦੀ ਮਮਤਾ ਹੁੰਦੀ ਹੈ" ।[16]

ਪੰਜਾਬੀ ਲੋਕ ਗੀਤਾਂ ਵਿਚ ਜੋ ਇਸ ਰਿਸ਼ਤੇ ਦਾ ਸਰੂਪ ਮਿਲਦਾ ਹੈ ਉਹ ਕੇਵਲ ਮਾਂ ਦੀ ਪੁੱਤਰ ਪ੍ਰਾਪਤੀ ਦੀ ਅਭਿਲਾਸ਼ਾ ਰਾਹੀਂ ਪ੍ਰਗਟ ਹੁੰਦਾ ਹੈ ਇਨ੍ਹਾਂ ਦੋਹਾਂ ਵਿਚਕਾਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਰੋਧ ਕਿਤੇ ਨਹੀਂ ਮਿਲਦਾ। ਮਾਂ ਪੁੱਤ ਦੀ ਪ੍ਰਾਪਤੀ ਲਈ ਤਰਸਦੀ ਹੈ, ਰਾਤ ਕਿਸੇ ਦੇ ਘਰ ਖੁਸ਼ੀਆਂ ਦਾ ਮੰਡਪ ਵੱਜਦਾ ਹੈ ਤੇ ਉਸ ਦੇ ਹੋਠਾਂ ਤੇ ਪ੍ਰਸ਼ਨ ਚਿੰਨ੍ਹ ਉਭਰਦਾ ਹੈ :

ਅੱਧੀ ਅੱਧੀ ਰਾਤ ਹੋਈ ਪ੍ਰਭਾਤ,
ਕਿਹਦੇ ਘਰ ਮੰਡਪ ਵੱਜਿਆ ?

ਜਦ ਉਸ ਨੂੰ ਪਤੀ ਦੀ ਜ਼ਬਾਨੀ ਪਤਾ ਲੱਗਦਾ ਹੈ ਕਿ :

ਅੱਧੀ ਅੱਧੀ ਰਾਤ ਹੋਈ ਪ੍ਰਭਾਤ,
ਭਾਬੋ ਘਰ ਮੰਡਪ ਵੱਜਿਆ।

ਤੇ ਉਹ ਮਨ ਮਸੋਸ ਕੇ ਰਹਿ ਜਾਂਦੀ ਹੈ ਚਾਹਤ ਬੁਲ੍ਹਾਂ ਤੇ ਆ ਜਾਂਦੀ ਹੈ :

ਕੀ ਸਾਨੂੰ ਖੁਸ਼ੀਆਂ ਤੇ ਕੀ ਨੇ ਮਲ੍ਹਾਰ,
ਮੇਰੇ ਘਰ ਮੰਡਪ ਨਹੀਂ ਵੱਜਿਆ।

ਉਹ ਫਿਕਰ ਕਰਦੀ ਹੈ। ਪਤੀ ਦੇ ਹੌਂਸਲਾ ਦੇਣ ਕਾਰਨ ਉਸ ਨੂੰ ਪੁੱਤਰਾਂ ਵਾਲੀਆਂ ਨਾਲੋਂ ਚੰਗੀ ਦੱਸਦਾ ਹੈ,

ਪੁੱਤਰਾਂ ਵਾਲੀਆਂ ਦੇ ਮੈਲੇ ਮੈਲੇ ਵੇਸ,
ਤੇਰੇ ਸੂਹੇ ਤੇ ਸਾਵੇ ਨੀ ਕੱਪੜੇ।
ਪੁੱਤਰਾਂ ਵਾਲੀਆਂ ਦੀ ਭਿੱਜੀ ਭਿੱਜੀ ਸੇਜ,
ਤੇਰੀ ਸੇਜੇ ਚੰਬਾ ਨੀ ਖਿੜਿਆ।

ਪਰ ਪੁੱਤਰ ਦੀ ਚਾਹ ਇਨ੍ਹਾਂ ਵਕਤੀ ਖੁਸ਼ੀਆਂ ਨਾਲੋਂ ਕਿਤੇ ਪ੍ਰਬਲ ਹੈ :

ਕੀ ਕਰਾਂ ਮੈਂ ਏਹਨਾਂ ਸੂਹੇ ਤੇ ਸਾਵੇ,
ਮੇਰੀ ਗੋਦੀ ਬਾਲ ਨਹੀਂ ਖੇਡਿਆ।
ਕੀ ਕਰਾਂ ਮੈਂ ਇਹ ਚੰਬਾ ਤੇ ਮਰੂਆ,
ਮੇਰੀ ਸੇਜੇ ਪੁੱਤਰ ਨਹੀਂ ਖੇਡਿਆ।

ਜਦੋਂ ਉਸ ਨੂੰ ਆਪਣੇ ਵਿਚ ਆ ਰਹੇ ਵਿਕਾਸ ਦੀ ਸੂਚਨਾ ਮਿਲਦੀ ਹੈ ਤਾਂ ਉਹ ਫੂਲੀ ਨਹੀਂ ਸਮਾਉਂਦੀ :

ਦੋ ਤਾਰੇ ਚਮਕਣ ਵੇ ਰਾਂਝਣਾ
ਨੂਰ ਮਹਲ ਦੀ ਮਾੜੀ।
ਉਹ ਐਸੇ ਲੱਗਣ ਵੇ ਰਾਂਝਣਾ,
ਜਿਉਂ ਲਾੜ੍ਹਾ ਤੇ ਲਾੜ੍ਹੀ।
ਸ਼ਹੁ ਖੱਟਣ ਸਿੱਖਿਆ ਨੀ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਟ ਲਿਆਇਆ ਦਮਾਂ ਦੀ ਬੋਰੀ ।
ਮੈਂ ਬਾਲ ਅੰਞਾਣੀ ਵੇ ਰਾਂਝਣਾ,
ਬਾਲ ਪਿਆ ਮੇਰੀ ਝੋਲੀ ।

ਇਸ ਤੋਂ ਬਾਅਦ ਤਾਂ 'ਜਿਤ ਦਿਹਾੜੇ ਮੇਰਾ ਹਰਿਆ ਨੀ ਜੰਮਿਆ, ਸੋਈ ਦਿਹਾੜਾ ਭਾਗੀਂ ਭਰਿਆ' ਦੀ ਧੁਨੀ ਹੀ ਅਚੇਤ ਤੌਰ ਤੇ ਉਸ ਦੀ ਮਾਨਸਿਕ ਚੇਤਨਾ ਦਾ ਅੰਗ ਬਣ ਜਾਂਦੀ ਹੈ । ਫੇਰ ਅੰਮ੍ਰਿਤਾ ਪ੍ਰੀਤਮ ਦੇ ਸ਼ਬਦਾਂ ਵਿਚ :

> ਉਹ ਵੇਲਾ ਵੀ ਆ ਗਿਆ, ਜਦੋਂ ਬੇਰੀਆਂ ਨੂੰ ਬੇਰ ਲੱਗ ਪਏ, ਤੇ ਕਿਸੇ ਮੁਟਿਆਰ ਦੀ ਝੋਲੀ ਵਿਚ ਗੁਲਾਬ ਦੇ ਫੁੱਲ ਵਰਗਾਂ ਇਕ ਪੁੱਤਰ ਖੇਡਣ ਲੱਗ ਪਿਆ । ਇਕੋ ਫੁੱਲ ਦਾ ਮੂੰਹ ਵੇਖਣ ਨਾਲ ਜ਼ਿੰਦਗੀ ਦੇ ਸਾਰੇ ਕੰਡੇ ਵੀ ਨਾਲੇ ਹੀ ਚੰਗੇ ਲੱਗਣ ਲੱਗ ਪਏ । ਕਿਸੇ ਵੀ ਮਾਂ ਦੀਆਂ ਨਜ਼ਰਾਂ ਵਿਚ ਉਹਦਾ ਪੁੱਤਰ ਕਾਹਨ ਨਾਲੋਂ ਘੱਟ ਨਹੀਂ ।[17]

ਇਹ ਰਿਸ਼ਤਾ ਇਕ ਅਜਿਹੀ ਕੜੀ ਹੈ ਜਿਹੜੀ ਮਰਨ ਬਾਅਦ ਵੀ ਨਹੀਂ ਟੁੱਟਦੀ ਤੇ ਇਸ ਰਿਸ਼ਤੇ ਦੀ ਘਣਤਾ ਸਦਾ ਮਹਿਸੂਸ ਹੁੰਦੀ ਰਹਿੰਦੀ ਹੈ । ਲੋਕ ਗੀਤਾਂ ਵਿਚ ਮਾਂ ਦੀਆਂ ਕਲਪਨਾਵਾਂ ਹੀ ਉਡਾਰੀਆਂ ਲਾਉਂਦੀਆਂ ਹਨ । ਮਾਂ ਪੁੱਤ ਦਾ ਸੰਵਾਦ ਕਿਤੇ ਨਜ਼ਰ ਨਹੀਂ ਆਉਂਦਾ । ਇਸ ਦਾ ਕਾਰਣ ਸ਼ਾਇਦ ਇਹ ਹੈ ਕਿ ਲੋਕ ਗੀਤ ਜਵਾਨ ਦਿਲਾਂ ਦੀਆਂ ਧੜਕਣਾਂ ਅਤੇ ਇਸਤਰੀ ਪੱਖ ਦੀ ਸਿਰਜਣਾ ਹਨ । ਮਾਂ ਕਿਉਂਕਿ ਪੁੱਤਰ ਜਵਾਨ ਹੋਣ ਵੇਲੇ ਤਕ ਪ੍ਰੌਢ ਅਵਸਥਾ ਵਿਚ ਦਾਖਲ ਹੋ ਜਾਂਦੀ ਹੈ ਜਿਸ ਕਾਰਣ ਲੋਰੀਆਂ ਤੋਂ ਸਿਵਾਏ ਕੋਈ ਗੀਤ ਨਹੀਂ ਮਿਲਦਾ । ਦੂਜੇ ਪਾਸੇ ਪੁੱਤਰ ਦੇ ਜਜ਼ਬੇ ਜਵਾਨ ਹੋਣ ਤੇ ਹੋਰ ਰਿਸ਼ਤਿਆਂ ਖਾਸ ਤੌਰ ਤੇ ਅਪ੍ਰਵਾਣਿਤ ਰਿਸ਼ਤੇ ਵੱਲ ਹੀ ਝੁਕੇ ਰਹਿੰਦੇ ਹਨ ਜਿਸ ਕਾਰਣ ਮਾਂ ਦੇ ਪਿਆਰ ਨਾਲ ਸੰਬੰਧਿਤ ਕਿਤੇ ਇਕ ਅੱਧ ਗੀਤ ਭਾਵੇਂ ਮਿਲ ਜਾਵੇ ਵਰਨਾ ਨਿਰਾਸ਼ਾ ਦਾ ਮੂੰਹ ਹੀ ਵੇਖਣਾ ਪੈਂਦਾ ਹੈ ।

## ਪਿਉ-ਧੀ ਦਾ ਰਿਸ਼ਤਾ

ਪੰਜਾਬੀ ਸਭਿਆਚਾਰ ਦੇ ਪਰਿਪੇਖ ਵਿਚ ਪਿਉ ਧੀ ਦਾ ਰਿਸ਼ਤਾ ਬੜਾ ਨਾਜ਼ਕ ਰਿਸ਼ਤਾ ਹੈ । ਜਾਗੀਰਦਾਰ ਨਿਜ਼ਾਮ ਵਿਚ ਧੀ ਦੀ ਸੁਤੰਤਰ ਸੋਚਣੀ ਨੂੰ ਕੋਈ ਥਾਂ ਨਹੀਂ । ਉਹ ਤਾਂ ਘੜੇ ਘੜਾਏ ਨੇਮਾਂ ਅਨੁਕੂਲ ਹੀ ਆਪਣੀ ਜ਼ਿੰਦਗੀ ਬਸਰ ਕਰਦੀ ਹੈ ਕਿਉਂਕਿ "ਭਾਰਤੀ ਸਮਾਜਕ ਪ੍ਰਬੰਧ ਅਨੁਸਾਰ ਜਿਥੇ ਪੁੱਤਰ ਜਨਮੇ ਦੀ ਖੁਸ਼ੀ ਮਨਾਈ ਜਾਂਦੀ ਹੈ ਉਥੇ ਧੀ ਦੇ ਜਨਮ ਨੂੰ ਮਨਹੂਸ ਸਮਝਿਆ ਜਾਂਦਾ ਹੈ । ਲੜਕੀ ਨੂੰ ਪਰਾਇਆ ਧਨ ਸਮਝ ਕੇ ਉਸ ਪ੍ਰਤਿ ਹਰ ਗੱਲੋਂ ਅਣਗਹਿਲੀ ਵਰਤੀ ਜਾਂਦੀ ਹੈ । ਕਈ ਪ੍ਰਾਂਤਾਂ ਵਿਚ ਤਾਂ ਲੜਕੀ ਦਾ ਜੰਮਣਾ ਕਰਮਾਂ ਦੀ ਹਾਰ ਸਮਝਿਆ ਜਾਂਦਾਂ ਹੈ ਅਤੇ ਜੰਮਦੀ ਦਾ ਗਲਾ ਘੁਟ ਕੇ ਮਾਰ ਦੇਣ ਦੀਆਂ ਵਾਰਦਾਤਾਂ ਵੀ ਵੇਖਣ ਸੁਣਨ ਵਿਚ ਆਉਂਦੀਆਂ ਹਨ" ।[18]



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਲਈ ਮੁਢੋਂ ਹੀ ਸਮਾਜਕ ਅਕੀਦੇ ਰਾਹ ਵਿਚ ਬਾਧਾ ਬਣਨ ਕਾਰਣ ਜੇਕਰ ਉਹ ਸਥਾਪਿਤ ਭਾਈਚਾਰੇ ਵਲੋਂ ਨਿਰਧਾਰਤ ਕੀਤੇ ਗਏ ਨੇਮਾਂ ਦੀ ਉਲੰਘਣਾ ਕਰਦੀ ਹੈ ਤਾਂ ਉਸ ਦਾ ਨਤੀਜਾ ਉਸ ਨੂੰ ਖੁਦ ਹੀ ਭੁਗਤਣਾ ਪੈਂਦਾ ਹੈ। ਪਿਉ ਤੇ ਧੀ ਵਿਚਕਾਰ ਵੈਸੇ ਕਦੇ ਵੀ ਸਿੱਧਾ ਦਵੰਦ ਨਹੀਂ ਉਪਜਦਾ ਕਿਉਂਕਿ ਧੀ ਨੇ ਵਿਆਹ ਤੋਂ ਬਾਅਦ 'ਬਿਗਾਨੇ ਦੇਸ਼' ਚਲੀ ਜਾਣਾ ਹੁੰਦਾ ਹੈ ਤੇ ਜਾਇਦਾਦ ਦੀ ਵਾਰਸੀ ਦਾ ਸੰਬੰਧ ਸਿਰਫ਼ ਪੁੱਤਰ ਨਾਲ ਹੀ ਰਹਿ ਜਾਣਾ ਹੈ । ਸ਼ਵਾਰਥਹੀਣ ਸਥਿਤੀਆਂ ਵਿਚ ਤਨਾਉ ਸਥਿਤੀ ਪੈਦਾ ਨਹੀਂ ਹੁੰਦੀ। ਧੀ ਨੇ ਤਾਂ ਆਪਣੀ ਸਾਰੀ ਜ਼ਿੰਦਗੀ ਦੀ ਜ਼ਿੰਮੇਵਾਰੀ ਬਾਪ ਦੇ ਮੋਢਿਆਂ ਤੇ ਸੁਟੀ ਹੁੰਦੀ ਹੈ। ਆਪਣੇ ਭਵਿੱਖਤ ਜੀਵਨ ਦੀ ਸੁਖੈਨਤਾ ਲਈ ਵੀ ਪਿਉ ਅੱਗੇ ਹੀ ਤਰਲਾ ਕਰਦੀ ਹੈ। ਭਾਵੇਂ ਕਿ ਬਾਪ ਆਪਣੀ ਸੋਚਣੀ ਮੁਤਾਬਿਕ ਮਾਹੌਲ ਨੂੰ ਸੁਖਾਵਾਂ ਬਨਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ ਪਰ ਫਿਰ ਵੀ ਧੀ ਚੰਗਾ ਵਰ ਲੱਭਣ ਦਾ ਅਹਿਸਾਸ ਬਾਪ ਨੂੰ ਸਮੇਂ ਸਮੇਂ ਕਰਵਾਉਂਦੀ ਹੀ ਰਹਿੰਦੀ ਹੈ।

ਲੋਕ ਗੀਤਾਂ ਵਿਚ ਧੀ ਵਲੋਂ ਕੀਤੇ ਜਾਂ ਉਠਾਏ ਗਏ ਪ੍ਰਸ਼ਨਾਂ ਦਾ ਜਵਾਬ ਹੀ ਬਾਬਲ ਦਿੰਦਾ ਹੈ, ਵੈਸੇ ਸੁਤੰਤਰ ਤੌਰ ਤੇ ਕੋਈ ਅਜਿਹਾ ਗੀਤ ਨਹੀਂ ਜਿਸ ਨੂੰ ਬਾਪ ਨੇ ਖ਼ੁਦ-ਬਖ਼ੁਦ ਧੀ ਨੂੰ ਸੰਬੋਧਨ ਕਰਕੇ ਸਿਰਜਿਆ ਹੋਵੇ। ਧੀ ਮਾੜੇ ਵਰ ਨਾਲੋਂ ਬਾਬਲ ਦੇ ਘਰ ਰਹਿ ਕੇ ਕੰਮ ਕਰਨਾ ਹੀ ਚੰਗਾ ਸਮਝਦੀ ਹੈ :

ਹਲ ਵਾਹੂੰਗੀ ਛੱਡੂਗੀ ਨੱਕੇ ਤੇਰੇ,
ਕੁਆਰੀ ਘਰੇ ਰੱਖੀਂ ਬਾਬਲਾ।

ਪਰ ਪ੍ਰਚਲਿਤ ਸਮਾਜਕ ਪਰੰਪਰਾਵਾਂ ਮੁਤਾਬਿਕ ਉਹ ਅੱਜ ਵੀ ਪ੍ਰਦੇਸਣ ਤੇ ਕੱਲ੍ਹ ਵੀ। ਇਸ ਲਈ ਉਹ ਘੱਟ ਅਕਲ ਦਾ ਮਾਲਕ, ਕਾਲਾ ਜਾਂ ਅਯੋਗ ਵਰ ਨਾ ਲੱਭਣ ਬਾਰੇ ਬਾਬਲ ਨੂੰ ਚਿਤਾਵਨੀ ਦਿੰਦੀ ਹੈ :

ਛੋਟੇ ਨਾਲ ਨਾ ਵਿਆਹੀਂ ਬਾਬਲਾ,
ਛੋਟਾ ਖਰਾ ਸ਼ੁਦਾਈ।
ਡੰਗਰਾਂ ਦੇ ਵਿਚ ਮੰਜਾ ਡਾਹਵੇ,
ਬੜੇ ਜੇਠ ਦਾ ਭਾਈ।

ਬਾਬਲ ਵੀ ਧੀ ਨੂੰ ਸੁਖੀ ਵੱਸਦੀ ਵੇਖਣਾ ਚਾਹੁੰਦਾ ਹੈ। ਉਹ ਲੜਕਿਆਂ ਦੀ ਚੋਣ ਬਾਰੇ ਲੜਕੀ ਨੂੰ ਉਸ ਦੀ ਮਰਜ਼ੀ ਪੁੱਛ ਕੇ ਹੀ ਚਲਦਾ ਹੈ :

ਬਾਰੀ ਬਰਸੀ ਖੱਟਣ ਗਿਉਂ,
ਖਟ ਕੇ ਲਿਆਂਦੀ ਚਾਂਦੀ।
ਧੀਏ ਨੀ ਪਸੰਦ ਕਰ ਲੈ,
ਗੱਡੀ ਭਰ ਮੁੰਡਿਆਂ ਦੀ ਆਂਦੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਧੀ ਅੱਗੋਂ ਕਿਸੇ ਵੀ ਵਰ ਨੂੰ ਯੋਗ ਨਾ ਸਮਝਦੀ ਹੋਈ ਦਲੇਰੀ ਭਰਿਆ ਜਵਾਬ ਦਿੰਦੀ ਹੈ :

ਬਾਰੀ ਬਰਸੀ ਖਟਣ ਗਿਉਂ ਤੇ,
ਖਟ ਕੇ ਲਿਆਂਦੀ ਡੋਈ ।
ਸਾਰੀ ਗੱਡੀ ਮੋੜ ਬਾਬਲਾ,
ਮੇਰੇ ਹਾਣ ਦਾ ਮੁੰਡਾ ਨਾ ਕੋਈ ।

ਮਾਪਿਆਂ ਘਰ ਧੀ ਪਿਉ ਦੀ ਹਰ ਇੱਜ਼ਤ ਦਾ ਖ਼ਿਆਲ ਰੱਖਦੀ ਹੈ ਤੇ ਕਿਸੇ ਵੇਲੇ ਵੀ ਨਜ਼ਰ ਉੱਚੀ ਚੁੱਕ ਕੇ ਚੁਪਾਸੀਂ ਨਹੀਂ ਵੇਖਦੀ, ਨਜ਼ਰ ਉੱਚੀ ਚੁੱਕ ਕੇ ਵੇਖਣਾ ਸਾਡੇ ਸਮਾਜਕ ਸੰਦਰਭ ਵਿਚ ਨਮੋਸ਼ੀ ਦਿਵਾਉਣ ਦਾ ਕਾਰਨ ਮੰਨਿਆ ਜਾਂਦਾ ਹੈ ਜਿਸ ਕਾਰਣ ਲੜਕੀ ਨਜ਼ਰ ਉੱਚੀ ਕਰਕੇ ਝਾਕਣਾ ਤਾਂ ਇਕ ਪਾਸੇ ਰਿਹਾ, ਹਾਰ ਸ਼ਿੰਗਾਰ ਵੀ ਨਹੀਂ ਕਰ ਸਕਦੀ :

ਧਾਰੀ ਬੰਨ੍ਹ ਸੁਰਮਾ ਨਾ ਪਾਈਏ,
ਇਹ ਪਿੰਡ ਮਾਪਿਆਂ ਦਾ ।

8255

ਪਿਉ ਦੀ ਇੱਜ਼ਤ ਧੀ ਨੂੰ ਹਰ ਪਲ ਪਿਆਰੀ ਲੱਗਦੀ ਹੈ ਅਤੇ ਉਹ ਪਿੰਡ ਦੇ ਗੱਭਰੂਆਂ ਸਾਹਮਣੇ ਨੀਵੀਂ ਪਾ ਕੇ ਲੰਘਣਾ ਹੀ ਮੁਨਾਸਿਬ ਸਮਝਦੀ ਹੈ :

ਸੁਣ ਨੀ ਕੁੜੀਏ ਮੱਛਲੀ ਵਾਲੀਏ,
ਮੱਛਲੀ ਨਾ ਚਮਕਾਈਏ ।
ਜਿਥੇ ਪਿੰਡ ਦੇ ਮੁੰਡੇ ਹੋਵਣ,
ਨੀਵੀਂ ਪਾ ਲੰਘ ਜਾਈਏ ।
ਬਾਬਲ ਧਰਮੀ ਦੀ,
ਕੁਲ ਨੂੰ ਦਾਗ ਨਾ ਲਾਈਏ ।

ਤੇ ਸਹੁਰੇ ਘਰ ਸਥਿਤੀ ਇਸ ਦੇ ਐਨ ਉਲਟ ਹੈ :

ਬਣ ਠਣ ਨਿਕਲ ਸਰੀਰਾ,
ਇਹ ਪਿੰਡ ਸਹੁਰਿਆਂ ਦਾ ।

ਧੀ ਆਪਣੇ ਵਿਆਹ ਦੀ ਚੋਣ ਬਾਰੇ ਨਿਝੱਕ ਹੋ ਕੇ ਪਿਤਾ ਨਾਲ ਹੀ ਗੱਲ ਕਰਦੀ ਹੈ । ਨਿਮਨ ਲਿਖਤ ਸੰਵਾਦ ਪਿਉ ਧੀ ਦੇ ਵਿਚਾਰਾਂ ਦਾ ਸਮਰਥਨ ਕਰਦਾ ਹੈ :

ਬੇਟੀ ਚੰਨਣ ਦੇ ਉਹਲੇ ਉਹਲੇ ਕਿਉਂ ਖੜੀ ?
ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਬਾਰ,
ਬਾਬਲ ਵਰ ਲੋੜੀਏ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੀ ਜਾਈਏ ਕਿਹੋ ਜਿਹਾ ਵਰ ਲੋੜੀਏ ?
ਬਾਬਲਾ ਜਿਉਂ ਤਾਰਿਆਂ ਵਿਚੋਂ ਚੰਨ,
ਚੰਨਾਂ ਵਿਚੋਂ ਕਾਹਨ ਘਨਈਆ ਵਰ ਲੋੜੀਏ ।...

ਬਾਬਲ ਇਕ ਮੇਰਾ ਕਹਿਣਾ ਕੀਜੀਏ,
ਮੈਨੂੰ ਰਾਮ ਰਤਨ ਵਰ ਦੀਜੀਏ ।...

ਦੇਈਂ ਦੇਈਂ ਵੇ ਬਾਬਲਾ ਉਸ ਘਰੇ,
ਜਿਥੇ ਸੱਸ ਭਰੀ ਸਹੁਰਾ ਪਰਧਾਨ ।...

ਦੇਈਂ ਦੇਈਂ ਵੇ ਬਾਬਲਾ ਉਸ ਘਰੇ,
ਜਿਥੇ ਸੱਸ ਦੇ ਬਾਹਲੇ ਪੁੱਤ ।
ਇਕ ਮੰਗਾਂ ਇਕ ਵਿਆਹਾਂ,
ਮੈਂ ਤਾਂ ਵੇਖਾਂਗੀ ਸ਼ਾਦੀਆਂ ਨਿੱਤ ।...

ਦੇਈਂ ਦੇਈਂ ਵੇ ਬਾਬਲਾ ਉਸ ਘਰੇ,
ਜਿਥੇ ਕਾਲੀਆਂ ਬੂਰੀਆਂ ਸੱਤ,
ਇਕ ਰਿੜਕਾਂ ਇਕ ਚੋਵਾਂ,
ਮੇਰਾ ਵਿਚ ਮਧਾਣੀ ਦੇ ਹੱਥ ।

ਬਾਪ ਵਰ ਟੋਲਦਾ ਹੈ । ਆਪਣੀ ਮਰਜ਼ੀ ਦਾ, ਧੀ ਦੀ ਮਰਜ਼ੀ ਦਾ ਨਹੀਂ । ਧੀ ਤਾਂ ਆਪਣੀ ਚੋਣ ਸਿਰਫ਼ ਸੰਕੇਤਕ ਅਰਥਾਂ ਵਿਚ "ਜਿਥੇ ਲਿੱਪਣੇ ਨਾ ਪੈਣ ਬਨੇਰੇ, ਉਹ ਘਰ ਟੋਲੀ ਬਾਬਲਾ" ਹੀ ਦੱਸਦੀ ਹੈ । ਪਰ ਬਾਪੂ ਦਾ ਮਨਸ਼ਾ ਤਾਂ ਮੁੰਡੇ ਦੇ ਪੱਚੀਆਂ ਪਿੰਡਾਂ ਦੇ ਪਟਵਾਰੀ ਹੋਣ ਨਾਲ ਹੈ ਅੱਗੇ ਧੀ ਦੀ ਕਿਸਮਤ ਹੈ :

ਮੁੰਡਾ ਪੱਚੀਆਂ ਪਿੰਡਾਂ ਦਾ ਪਟਵਾਰੀ,
ਅੱਗੇ ਤੇਰੇ ਭਾਗ ਬੱਚੀਏ ।

ਜੇਕਰ ਧੀ ਕਾਲੇ ਕੰਤ ਨਾਲ ਵਿਆਹ ਕਰਵਾਉਣ ਤੋਂ ਗੁਰੇਜ਼ ਕਰਦੀ ਹੈ ਤਾਂ ਪਿਉ "ਪੁੱਤ ਬਖਤਾਵਰਾਂ ਦੇ ਕਾਲੇ" ਕਹਿ ਕੇ ਆਪਣੇ ਵਿਚਾਰ ਦਾ ਸਮਰਥਨ ਕਰਦਾ ਹੈ ਜਿਹੜਾ ਧੀ ਨੂੰ ਤਸੱਲੀ ਦੇਣ ਦਾ ਕਾਰਨ ਬਣਦਾ ਹੈ । ਆਖਰ ਧੀ "ਸਾਥੋਂ ਹਾਏ ਨਿੰਦਿਆ ਨਾ ਜਾਵੇ ਤੇਰਾ ਵੇ ਸਹੇੜ ਬਾਬਲਾ" ਦੀ ਧਾਰਣਾ ਨੂੰ ਸਵੀਕਾਰ ਕਰਕੇ ਹੀ ਸਬਰ ਨਾ ਕਰਦੀ ਹੋਈ ਵੀ ਸਥਿਤੀ ਨਾਲ ਸਮਝੌਤਾ ਕਰਦੀ ਹੈ । ਪਰ ਬਿਲਕੁਲ ਹੀ ਅਯੋਗ ਵਰ ਦੇ ਵੀ ਉਹ ਖਿਲਾਫ ਹੈ । ਇਥੇ ਵੀ ਪਿਤਾ ਦੀ ਪਦਵੀ ਦਾ ਖਿਆਲ ਰੱਖਦੀ ਹੋਈ ਪਿਆਰੇ ਸਤਿਕਾਰੇ ਬਾਪ ਨਾਲ ਨਿਮਰਤਾ ਸਾਹਿਤ ਹੀ ਪੇਸ਼ ਕਰਦੀ ਹੈ :

ਪਿਤਾ ਜੀ ਤੁਸਾਂ ਏਡਾ ਜ਼ੁਲਮ ਨਹੀਂ ਸੀ ਕਰਨਾ ।
ਪਿਤਾ ਜੀ ਤੁਸਾਂ ਬਾਬੇ ਬੁੱਢੇ ਨਾਲ ਨਹੀਂ ਸੀ ਵਰਨਾ ।...



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਗ ਲਾ ਕੇ ਫੂਕ ਦਿਆਂ [illegible],
ਬਾਪੂ ਮੁੰਡਾ ਤੇਰੇ ਹਾਣ ਦਾ ।

ਪਹਿਲੇ ਗੀਤ ਵਿਚ ਤਰਲਾ ਹੈ, ਪਰ ਦੂਜੇ 'ਚ ਵਿਦਰੋਹ । ਜਿਥੇ ਕਿਤੇ ਬਾਬਲ ਟਕਾ ਵਿਆਹ ਕਰਦਾ ਹੈ ਉਥੇ ਤਾਂ ਜੋੜੀ ਨਾਂ ਦਾ ਲਫ਼ਜ਼ ਹੀ ਹਾਸੋ ਹੀਣਾ ਲੱਗਦਾ ਹੈ । ਇਹ ਵੀ ਪਿਉ ਦੀ ਆਰਥਿਕ ਸਥਿਤੀ ਤੇ ਨਿਰਭਰ ਕਰਦਾ ਹੈ ਬਹੁ ਗਿਣਤੀ ਅਜਿਹੇ ਵਿਆਹ ਦੇ ਖਿਲਾਫ ਹੈ । ਧੀ ਦਾ ਵਿਆਹ ਤਾਂ ਪੁੰਨ ਕਰਨ ਬਰਾਬਰ ਹੈ । ਅਜਿਹੀ ਅਸੁਖਾਵੀਂ ਘਟਨਾ ਵਾਪਰਨ ਸਮੇਂ ਧੀ ਪਿਉ ਦੀ ਸ਼ਕਾਇਤ ਪਿਉ ਪਾਸ ਹੀ ਕਰਦੀ ਹੈ :

ਜੋੜੀ ਨਾ ਬਣਾਈ ਬਾਬਲਾ,
ਵੇ ਤੂੰ ਹੋ ਗਿਆ ਦੰਮਾਂ ਦਾ ਲੋਭੀ ।...

ਗੋਰੇ ਰੰਗ ਦੀ ਕਦਰ ਨਾ ਕੀਤੀ,
ਉਖਲੀ ਭਰਾ ਲਈ ਬਾਬਲਾ ।...

ਸੁੱਤੀ ਪਈ ਦੇ ਸਿਰਹਾਣੇ ਰਿੱਛ ਬੰਨ੍ਹ ਕੇ,
ਪੰਜ ਸੌ ਗਿਣਾ ਲਿਆ ਮਾਪਿਆਂ ।

ਪਰ ਫਿਰ ਵੀ ਉਹ ਬਾਬਲ ਨੂੰ ਹੱਸ ਹੱਸ ਤੋਰਨ ਤੇ ਚਾਰ ਲਾਵਾਂ ਦੇ ਕੇ ਭਾਰਾ ਸਿਰੋਂ ਲਾਹੁਣ ਦਾ ਸੁਝਾਅ ਹੀ ਦੇਂਦੀ ਹੈ :

ਧੀਆਂ ਹੁੰਦੀਆਂ ਨੇ ਦੌਲਤਾਂ ਬਿਗਾਨੀਆਂ,
ਹੱਸ ਹੱਸ ਤੋਰ ਬਾਬਲਾ ।...

ਜੀਊਂਦੀ ਜਾਨ ਤੇ ਲਾਹ ਜਾ ਭਾਰੇ,
ਲਾਵਾਂ ਦੇ ਕੇ ਚਾਰ ਬਾਬਲਾ ।

ਆਪ ਭਾਵੇਂ ਦੁਖਾਂਤਕ ਸਥਿਤੀ ਦੀ ਖ਼ੁਦ ਪਾਤਰ ਹੈ ਪਰ ਬਾਬਲ ਨੂੰ ਅਜਿਹੀ ਸਥਿਤੀ ਅਪਨਾਉਣ ਤੋਂ ਵਰਜਦੀ ਹੈ :

ਬੀਤੀ ਦਾ ਬਾਬਲ ਇਉਂ ਰੋਵੇ,
ਜਿਉਂ ਘਟ ਸਾਵਣ ਦੀ ਛਾਈ ।
ਤੂੰ ਕਿਉਂ ਰੋਨਾ ਏ ਬਾਬਲਾ,
ਜੱਗ ਹੁੰਦੜੀ ਆਈ ।

ਨਹੁੰਆਂ ਨਾਲੋਂ ਮਾਸ ਵੱਖ ਹੁੰਦਿਆਂ ਪੀੜ ਜ਼ਰੂਰ ਮਹਿਸੂਸ ਹੁੰਦੀ ਹੈ । ਧੀ ਵਿਛੜਨ ਵੇਲੇ 'ਅੱਜ ਦੀ ਰਾਤ ਰੱਖਣ ਲਈ' ਬਥੇਰੀਆਂ ਰੁਕਾਵਟਾਂ ਦਾ ਵਰਣਨ ਭਾਵ ਤਰਲੇ ਕਰਦੀ ਹੈ ਪਰ ਬਾਬਲ ਖ਼ੁਦ ਮਜ਼ਬੂਰ ਹੈ ਉਹ ਹਰ ਰੁਕਾਵਟ ਜਾਂ ਮੁਸ਼ਕਲ ਦਾ ਹੱਲ ਦੱਸ ਕੇ ਧੀ ਨੂੰ ਧਰਵਾਸ ਦਿੰਦਾ ਹੈ । ਇਸ ਤਰ੍ਹਾਂ ਇਹ ਪ੍ਰਕਿਰਿਆ ਦੁਵੱਲੀ ਹੋ ਨਿਬੜਦੀ ਹੈ । ਇਸ ਸੁਹਾਗ ਗੀਤ ਤੋਂ ਸਾਰੀ ਸਥਿਤੀ ਸਪਸ਼ਟ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡਾ ਚਿੜੀਆਂ ਦਾ ਚੰਬਾ ਵੇ,
ਬਾਬਲ ਅਸਾਂ ਉਡ ਜਾਣਾ।
ਸਾਡੀ ਲੰਮੀ ਉਡਾਰੀ ਵੇ,
ਬਾਬਲ ਕਿਹੜੇ ਦੇਸ਼ ਜਾਣਾ।
ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਡੋਲਾ ਨਹੀਂ ਲੰਘਦਾ।
ਇਕ ਇਟ ਪੁਟਾ ਦੇਵਾਂ.
ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਗੁਡੀਆਂ ਕੌਣ ਖੇਡੇ ?
ਮੇਰੀਆਂ ਖੇਡਣ ਪੋਤਰੀਆਂ,
ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਚਰਖਾ ਕੌਣ ਕੱਤੇ ?
ਮੇਰੀਆਂ ਕੱਤਣ ਪੋਤਰੀਆਂ,
ਧੀਏ ਘਰ ਜਾ ਆਪਣੇ।
ਮੇਰਾ ਛੁੱਟਾ ਕਸੀਦਾ ਵੇ,
ਬਾਬਲ ਦੱਸ ਕੌਣ ਕੱਢੂ ?
ਮੇਰੀਆਂ ਕੱਢਣ ਪੋਤਰੀਆਂ,
ਧੀਏ ਘਰ ਜਾ ਆਪਣੇ।

ਵਰ੍ਹਿਆਂ ਦਾ ਪਿਆਰ ਘੜੀ ਪਲ ਲਈ ਹੋਰ ਸਾਂਝਾ ਕਰਨ ਖਾਤਰ ਇਕ ਰਾਤ ਹੋਰ ਕੱਟਣਾ ਚਾਹੁੰਦੀ ਹੈ :

ਮੈਨੂੰ ਰੱਖ ਲੈ ਬਾਬਲ ਵੇ,
ਅੱਜ ਦੀ ਰਾਤ ਉਧਾਰੀ।

ਪਰ ਪਿਤਾ ਦੁਬਿਧਾ ਗ੍ਰਸਤ ਹੁੰਦਾ ਹੋਇਆ ਵੀ ਮਜ਼ਬੂਰ ਹੈ :

ਕੀਕਣ ਰੱਖਾਂ ਧੀਏ ਨੀ,
ਮੈਂ ਸੱਜਣ ਸਦਾ ਲਏ ਆਪ ਨੀ।

ਧੀ ਨੂੰ ਆਖਰ ਘਰ ਛੱਡ ਕੇ ਪਰਦੇਸਣ ਹੋਣਾ ਹੀ ਪੈਂਦਾ ਹੈ। ਮਜ਼ਬੂਰੀ ਨੂੰ ਵੀ ਪਿਤਾ ਦੇ ਵਚਨਾਂ ਦੀ ਪਾਲਣਾ ਹੀ ਕਹਿੰਦੀ ਹੈ :

ਬਾਬਲ ਮੇਰੇ ਵਚਨ ਜੋ ਕੀਤੇ,
ਵਚਨਾਂ ਦੀ ਬੱਧੀ ਮੈਂ ਚੱਲੀ ਆਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹੁਰੇ ਘਰ ਵਿਚ ਧੀ ਦੇ ਮਰਨ ਤਕ ਉਸ ਦੀ ਸਾਰ ਲੈਣ ਵਾਲਾ ਪਾਤਰ ਪਿਤਾ ਹੈ। ਜੇ ਉਸ ਦੇ ਜੀਉਂਦੇ ਜੀਅ ਧੀ ਮਰ ਜਾਵੇ ਤਾਂ ਅਰਥੀ ਦਾ ਖੱਫਣ ਵੀ ਪਿਓ ਹੀ ਭੇਜਦਾ ਹੈ। ਧੀ ਵਿਸਥਾਪਤੀ ਸਥਾਪਤੀ ਆਦਿ ਪਰਿਸਥਿਤੀਆਂ ਦਾ ਜ਼ਿਕਰ ਪਿਤਾ ਪਾਸ ਹੀ ਕਰਦੀ ਹੈ :

ਉਹ ਗੱਡੀ ਆਈਂ ਬਾਬਲਾ,
ਜਿਹੜੀ ਧੀਆਂ ਦੇ ਦੇਸ ਨੂੰ ਜਾਵੇ।...

ਬਾਪੂ ਤੇਰੇ ਕੁੜਮਾਂ ਨੇ,
ਗੋਰੇ ਰੰਗ ਦੀ ਕਦਰ ਨਾ ਪਾਈ।...

ਚਾਹੇ ਬਾਪੂ ਮੈਂ ਮਰ ਜਾਂ,
ਚਾਹੇ ਮਰ ਜੇ ਕੁੜਮਣੀ ਤੇਰੀ।

ਜੋੜੀ ਦਾ ਸਿਹਰਾ ਵੀ ਦੁਆ ਦੇ ਰੂਪ 'ਚ ਬਾਪੂ ਨੂੰ ਹੀ ਜਾਂਦਾ ਹੈ :

ਗਰੀਆਂ ਮੇਵੇ ਪਾਏ ਬਾਬਲਾ,
ਵਧੀਆ ਖੀਰ ਬਣਾਈ।
ਜੁਗ ਜੁਗ ਜੀਵੇਂ ਬਾਬਲਾ
ਜੋੜੀ ਮਿਲ ਗਈ ਫਰਕ ਨਾ ਕਾਈ।

ਆਪਣੇ ਪਿਤਾ ਨੂੰ ਧੀ ਨੀਵਾਂ ਜਾਂ ਗਰੀਬ ਨਹੀਂ ਦਰਸਾ ਸਕਦੀ। ਉਹ ਤਾਂ ਅਜਿਹੀਆਂ ਜੁਗਤਾਂ ਦੀਆਂ ਘਾੜਤਾਂ ਘੜਦੀ ਹੈ ਜਿਸ ਨਾਲ ਉਸ ਦੇ ਪਿਉ ਨੂੰ ਕੋਈ ਗਰੀਬ ਕਹਿ ਕੇ ਮੇਹਣਾ ਨਾ ਮਾਰੇ :

ਛਾਪੇ, ਛਾਪੇ, ਛਾਪੇ,
ਡੰਡੀ ਝੁਮਕੀ ਪਾ ਦੇ ਬਾਬਲਾ,
ਕੋਈ ਆਖੇ ਨਾ ਗਰੀਬ ਇਹਦੇ ਮਾਪੇ।...

ਛਾਪੇ, ਛਾਪੇ, ਛਾਪੇ,
ਵਿਦਿਆ ਪੜ੍ਹਾ ਦੇ ਬਾਬਲਾ,
ਕੋਈ ਆਖੇ ਨਾ ਗਰੀਬ ਇਹਦੇ ਮਾਪੇ।

ਉਪਰੋਕਤ ਵਰਣਨ ਤੋਂ ਅਸੀਂ ਵੇਖਦੇ ਹਾਂ ਕਿ ਸਾਡੀਆਂ ਸਭਿਆਚਾਰਕ ਕਦਰਾਂ ਕੀਮਤਾਂ ਦੀ ਬੁਣਤ ਹੀ ਅਜਿਹੀ ਹੈ ਜਿਸ ਵਿਚ ਬਾਬਲ ਦੇ ਟੋਲੇ ਵਰ ਨੂੰ ਹੀ ਧੀ ਰਾਮ ਸਤ ਕਹਿ ਕੇ ਪ੍ਰਵਾਨ ਕਰਦੀ ਹੈ। ਵਿਚੋਲੇ ਦੇ ਉਲਟ ਬਾਪ ਦੀ ਸ਼ਾਨ ਦੇ ਖਿਲਾਫ ਇਕ ਲਫ਼ਜ਼ ਵੀ ਜ਼ਬਾਨੋਂ ਕੱਢਣਾ ਪਿਉ ਦੀ ਤੌਹੀਨ ਕਰਨ ਤੁਲ ਹੈ ਜਿਸ ਤੋਂ ਧੀ ਸਦਾ ਗੁਰੇਜ਼ ਕਰਦੀ ਹੈ। ਦੂਜੇ ਪਾਸੇ ਬਾਬਲ ਵੱਧ ਤੋਂ ਵੱਧ ਸੁਵਿਧਾਵਾਂ ਪ੍ਰਦਾਨ ਕਰਕੇ ਧੀ ਦੇ ਹਰੇਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁੱਖ ਸੁੱਖ ਵਿਚ ਸ਼ਰੀਕ ਹੁੰਦਾ ਹੈ। [illegible] ਅਣਹੋਂਦ ਕਾਰਣ ਇਹ ਰਿਸ਼ਤਾ ਮੋਹ ਭਰਪੂਰ ਹੈ ਜਿਹੜਾ ਸਾਰੀ ਉਮਰ ਸਮਤੋਲ ਵਿਚ ਰਹਿੰਦਾ ਹੈ।

## ਮਾਂ ਧੀ ਦਾ ਰਿਸ਼ਤਾ

"ਮਾਂ ਧੀ ਦਾ ਇਕ ਪਰਦਾ ਹੁੰਦਾ ਹੈ" ਕਹਾਵਤ ਨਾਲ ਹੀ ਮਾਂ ਧੀ ਦੇ ਰਿਸ਼ਤੇ ਦੀ ਗੂੜ੍ਹਤਾ ਦਾ ਅਹਿਸਾਸ ਹੋ ਜਾਂਦਾ ਹੈ। ਪਰ ਇਸ ਰਿਸ਼ਤੇ ਦੀ ਗੂੜ੍ਹਤਾ ਧੀ ਦੇ ਜਵਾਨ ਹੋਣ ਤੇ ਹੁੰਦੀ ਹੈ, ਨਿੱਕੇ ਹੁੰਦਿਆਂ ਤਾਂ ਉਸ ਨੂੰ ਸਰਾਪ ਹੀ ਸਮਝਿਆ ਜਾਂਦਾ ਹੈ। ਬਚਪਨ ਵੇਲੇ ਤਾਂ ਪੁੱਤਰ ਨਾਲ ਪਿਆਰ ਜਤਾਇਆ ਜਾਂਦਾ ਹੈ ਜਦ ਕਿ ਧੀ ਨਾਲ ਰਿਸ਼ਤਾ ਉਦੋਂ ਹੀ ਘਣਤਾ ਗ੍ਰਹਿਣ ਕਰਦਾ ਹੈ ਜਦ ਉਹ ਪਰਾਈ ਹੋਣ ਲਈ ਸੰਪੂਰਣ ਹੁੰਦੀ ਹੈ ਤੇ ਉਸ ਦੀ ਜਵਾਨੀ ਅੰਗੜਾਈਆਂ ਲੈ ਕੇ 'ਚੰਗਾ ਹੁੰਦਾ ਏ ਧੀਆਂ ਨੂੰ ਵਿਦਾ ਹੀ ਕੀਤਿਆਂ' ਵਾਲੀ ਆਪ ਮੁਹਾਰੀ ਨੂੰ ਚੇਤਨਾ ਦਾ ਅੰਗ ਬਣਾ ਲੈਂਦੀ ਹੈ। ਔਰਤ ਸਮਾਜਕ ਦੁਬਿਧਾ ਦਾ ਸ਼ਿਕਾਰ ਹੋਈ ਹੁੰਦੀ ਹੈ ਤੇ "ਸਮਾਜਕ ਦੁਬਿਧਾ ਦਾ ਸਿਖਰ ਤਾਂ ਉਥੇ ਆਉਂਦਾ ਹੈ ਜਿਥੇ ਧੀ ਨੂੰ ਜਨਮ ਦੇਣ ਵਾਲੀ ਔਰਤ ਖੁਦ ਆਪਣੀ ਜੰਮੀ ਨੂੰ ਪੱਥਰ ਆਖਦੀ ਹੈ"।[19] ਜਦੋਂ ਲੜਕੀ ਆਪਣੀ ਸੰਪੂਰਣਤਾ ਨੂੰ ਸਿਰਜਣਾ ਰਾਹੀਂ ਪੂਰਿਆਂ ਕਰਨਾ ਲੋਚਦੀ ਹੈ ਤਾਂ ਉਹ ਕਈ ਵਾਰੀ ਹਾਣ ਦਾ ਵਰ ਵਰਜਿਤ ਰਿਸ਼ਤਿਆਂ 'ਚੋਂ ਲੱਭਦੀ ਹੈ, ਇਥੇ ਮਾਂ ਉਸ ਨੂੰ ਸਮਝਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ :

> ਸੋਹਣੀ ਦੀ ਮਾਂ ਮੱਤਾਂ ਦੇਂਦੀ ਸੁਣ ਧੀਏ ਬਖਤੌਰੇ।
> ਤੇਰੇ ਹਾਣ ਦੀਆਂ ਕੱਢਣ ਕਸੀਦਾ, ਤੂੰ ਚੱਕ ਬਹਿੰਦੀ ਤੌੜੇ।
> ਭੀੜੀ ਗਲੀ ਵਿਚ ਯਾਰ ਟੱਕਰਗੇ, ਟੇਢੇ ਰੱਖਦੇ ਟੋਰੇ,
> ਰੂਪ ਹੰਢਾ ਲਿਆ ਨੀ, ਕੀ ਲੈ ਜੇਂਗੀ ਸਹੁਰੇ।

ਸੰਤੋਖ ਸਿੰਘ ਔਲਖ ਦੇ ਸ਼ਬਦਾਂ ਵਿਚ :

> ਇਹ ਗੀਤ ਮਾਂ ਧੀ ਦੇ ਸੰਬੰਧਾਂ ਦੇ ਸੰਜਮੀ ਤਣਾਉਮੁਖੀ ਵਤੀਰੇ ਦੀ ਗੱਲ ਕਰਦਾ ਇਸ ਅਵੈਧ ਰਿਸ਼ਤੇ ਦੀਆਂ ਬਹੁਤ ਸੰਭਾਵਨਾਵਾਂ ਮੋਕਲੀਆਂ ਕਰ ਦਿੰਦਾ ਤੇ। ਮਾਂ ਬਖਤਾਵਰਾਂ ਦੀ ਧੀ ਨੂੰ ਤੌੜੇ ਚੁਕਣ ਦੀ ਥਾਂ, ਕਸੀਦਾ ਕੱਢਣ ਲਈ ਕਹਿੰਦੀ ਹੈ ਕਸੀਦਾ ਜਿਹੜਾ ਉਸ ਦੇ ਵਿਆਹ ਦੇ ਸੁਪਨਿਆਂ ਨਾਲ ਅਤੇ ਸੰਜਮ ਭਰੇ ਵਿਹਾਰ ਨਾਲ ਜੁੜਿਆ ਹੋਇਆ ਹੈ... ਅਗਲੀ ਸਤਰ ਗੀਤ ਦੇ ਸੁਝਾਉ ਤੱਤ ਦਾ ਸਿਖਰ ਹੈ। 'ਰੂਪ ਹੰਢਾ ਲਿਆ ਨੀ ਕੀ ਲੈ ਜੇਂਗੀ ਸਹੁਰੇ'। ਔਰਤ ਇਕ ਕੱਠਪੁਤਲੀ ਹੈ ਜਿਸ ਦਾ ਸਿਰਫ਼ ਰੂਪ ਹੀ ਉਸ ਦੀ ਕਮਾਈ ਹੈ ਤੇ ਸਥਾਪਿਤ ਭਾਈਚਾਰੇ ਦੇ ਨੈਤਿਕ ਵਿਹਾਰ ਨਾਲ ਜੁੜਨਾ ਹੀ ਉਸ ਦੀ ਸੰਸਾਰਕ ਕਾਮਯਾਬੀ ਹੈ।[20]



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਗੀਤਾਂ ਵਿਚ ਧੀ ਦੇ ਰਿਸ਼ਤੇ ਨਾਲ ਸੰਬੰਧਿਤ ਮਾਂ ਧੀ ਵਲੋਂ ਵਿਸ਼ੇਸ਼ ਕਰ ਧੀ ਵਲੋਂ ਵਿਆਹ ਸਮੇਂ ਦੇ ਗੀਤ ਜਾਂ ਜੁਆਨ ਦਿਲ ਦੀਆਂ ਤਰੰਗਾਂ ਹੀ ਉਜਾਗਰ ਹੋਈਆਂ ਮਿਲਦੀਆਂ ਹਨ। ਵਿਆਹ ਉਪਰੰਤ ਭਰਜਾਈਆਂ ਵੀਰਾਂ ਸਮੇਤ ਵੱਖ ਘਰ ਸਥਾਪਿਤ ਕਰ ਲੈਂਦੀਆ ਹਨ। ਵੀਰਾਂ ਦਾ ਪਿਆਰ ਵੀ ਵਿਆਹ ਤੋਂ ਬਾਅਦ ਵੰਡਿਆ ਜਾਦਾ ਹੈ। ਇਸ ਤਰ੍ਹਾਂ ਇਕ ਮਾਂ ਹੀ ਰਹਿ ਜਾਂਦੀ ਹੈ ਧੀ ਦੇ ਦੁੱਖ ਸੁੱਖ ਵੰਡਾਉਣ ਨੂੰ। ਧੀ ਜਵਾਨ ਹੁੰਦੀ ਹੈ ਤਾਂ ਉਹ ਮਾਂ ਨੂੰ ਆਪਣੇ ਹਾਣ ਦੀਆਂ ਕੁੜੀਆਂ ਦਾ ਹਵਾਲਾ ਪ੍ਰਤੀਕਾਤਮਕ ਸ਼ਬਦਾਂ ਵਿਚ ਦੇ ਕੇ ਆਪਣੇਂ ਵਿਆਹ ਦੀ ਤਮੰਨਾ ਕਰਦੀ ਹੈ।

ਮਾਏ ਨੀ ਸੁਣ ਮੇਰੀਏ ਮਾਏ, ਇਕ ਗੱਲ ਸੁਣ ਲੈ ਮੇਰੀ।
ਮੇਰੀ ਹਾਣ ਦੀਆਂ ਧਰੇਕਾਂ ਫਲੀਆਂ ਕਿਚਰਕ ਰਹਾਂ ਮਨ ਮਾਰੀ।

"ਜਵਾਨੀ ਚੜ੍ਹਦੀ ਹੈ ਤਾਂ ਕੁੜੀ ਨੂੰ ਮਾਪਿਆਂ ਦਾ ਘਰ ਓਪਰਾ ਲੱਗਣ ਲੱਗ ਪੈਂਦਾ ਹੈ। ਸੈ-ਪ੍ਰਗਟਾਵੇ ਦੀ ਸੱਧਰ ਇਕ ਨਵੀਂ ਥਾਂ ਵੱਲ ਸੰਕੇਤ ਕਰਦੀ ਹੈ, ਮਾਪਿਆਂ ਦੀ ਚਿੰਤਾ ਮੂੰਹੋਂ ਬੋਲ ਪੈਂਦੀ ਹੈ"।[21] ਮਾਂ ਧੀ ਵਿਚਕਾਰ ਭਾਵਨਾਤਮਕ ਸਾਂਝ ਹੋਣ ਕਾਰਣ ਦੋਵੇਂ ਇਕ ਦੂਜੀ ਨੂੰ ਸਭ ਤੋਂ ਨਜ਼ਦੀਕੀ ਦੁੱਖ ਦਰਦ ਦਾ ਭਾਈਵਾਲ ਸਮਝਦੀਆਂ ਹਨ। ਧੀ ਆਪਣੇ ਦੁੱਖ ਦਰਦ ਦੇ ਇਵਜ਼ਾਨੇ ਵਜੋਂ ਮਾਂ ਪਾਸੋਂ ਪਦਾਰਥਕ ਜਾਂ ਮਾਨਸਿਕ ਧੀਰਜ ਪ੍ਰਾਪਤ ਕਰਦੀ ਹੈ। "ਮਾਂ ਤੇ ਧੀ ਦੀ ਵਿਥਿਆ ਇਕ ਕਹਾਣੀ ਹੈ। ਉਨ੍ਹਾਂ ਦੀ ਸਮਾਜਕ ਪੁਜ਼ੀਸ਼ਨ ਇਕ ਹੈ। ਇਸ ਤੋਂ ਵੀ ਵੱਧ ਉਨ੍ਹਾਂ ਦਾ ਜੀਵਨ ਇਕ ਹੈ"।[22]

ਸੱਸੀ ਨਾਲ ਵਾਪਰੀ ਘਟਨਾ ਤੋਂ ਕੰਜਕਾਂ ਤੋਬਾ ਕਰ ਗਈਆਂ ਤੇ ਇਸ ਦਾ ਰਾਜ ਸਿਰਫ ਮਾਵਾਂ ਧੀਆਂ ਦੀ ਚੇਤਨਾ ਦਾ ਹੀ ਅੰਗ ਹੈ :

ਊਠਾਂ ਵਾਲਿਆਂ ਨੂੰ ਨਾ ਦੇਈਂ ਮੇਰੀ ਮਾਏ
ਤੜਕੇ ਉਠਕੇ ਲੱਦ ਜਾਣਗੇ,
ਸਾਡੇ ਧਰੇ ਮੁਕਲਾਵੇ ਛੱਡ ਜਾਣਗੇ,

ਮਾਪੇ ਘਰ ਪਲੀ ਹੋਣ ਕਾਰਣ ਧੀ ਘਰ ਦੀਆਂ ਵਿਵਸਥਾਵਾਂ ਪ੍ਰਤਿ ਸੁਚੇਤ ਹੁੰਦੀ ਹੈ। ਉਹ ਤਾਂ ਤਨ ਦੇ ਚਹੁੰ ਕੱਪੜਿਆਂ ਨਾਲ ਹੀ ਸਹੁਰੇ ਘਰ ਜਾਣ ਲਈ ਤਿਆਰ ਹੈ। ਉਹ ਮਾਂ ਨੂੰ ਕਿਸੇ ਤਰ੍ਹਾਂ ਦਾ ਵੀ ਉਚੇਚ ਨਾ ਕਰਨ ਲਈ ਕਹਿੰਦੀ ਹੈ :

ਮਾਏ ਨੀ ਮੇਰਾ ਅੱਜ ਮੁਕਲਾਵਾ ਤੋਰ ਦੇ।
ਜੇ ਮਾਏ ਨੀ ਤੈਥੋਂ ਦਾਜ ਨਹੀਂ ਸਰਦਾ,
ਅੰਗੀ ਦੇ ਨਾਲ ਸਾਨੂੰ ਤੋਰ ਦੇ।
ਜੇ ਮਾਏ ਨੀ ਤੈਥੋਂ ਚੂੜਾ ਨਹੀਂ ਸਰਦਾ,
ਵੰਗਾਂ ਦੇ ਨਾਲ ਸਾਨੂੰ ਤੋਰ ਦੇ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਜੇ ਮਾਏ ਨੀ ਤੈਥੋਂ ਭਾਂਡੇ ਨਹੀਂ ਸਰਦੇ,
ਗੜਵੀ ਦੇ ਨਾਲ ਸਾਨੂੰ ਤੋਰ ਦੇ ।
ਜੇ ਮਾਏ ਤੈਥੋਂ ਕੰਤ ਨਹੀਂ ਸਰਦਾ,
ਰਾਂਝੇ ਦੇ ਨਾਲ ਸਾਨੂੰ ਤੋਰ ਦੇ ।
ਮਾਏ ਨੀ ਸਾਡਾ ਅੱਜ ਮੁਕਲਾਵਾ ਤੋਰ ।

ਤੇ

ਮਾਏ ਨੀ ਸੁਣ ਮੇਰੀਏ ਮਾਏ,
ਨਾ ਕਰ ਮੇਰੀ ਮੇਰੀ ਨੀ ।
ਇਹ ਧੀਆਂ ਦਿਨ ਚਾਰ ਦਿਹਾੜੇ,
ਜਿਉਂ ਜੋਗੀ ਦੀ ਫੇਰੀ ਨੀ ।...

ਕਹਿਣ ਵਾਲੀ ਧੀ ਆਖਰ ਮਾਂ ਘਰੋਂ ਵਿਦਾ ਹੋਣ ਲਈ ਤਿਆਰ ਹੋ ਜਾਂਦੀ ਹੈ ਤੇ ਫਿਰ "ਮਾਵਾਂ ਤੇ ਧੀਆਂ ਦੀ ਦੋਸਤੀ ਟੁੱਟਦੀ ਕਹਿਰਾਂ ਨਾਲ" ਕਿਤਨਾ ਵੱਡਾ ਸਾਕ ਹੈ, ਜਿਸ ਦਾ ਵਿਛੋੜਾ ਸਿਰਫ਼ ਵਿਛੋੜਾ ਨਹੀਂ ਸਗੋਂ ਕਹਿਰ ਹੈ ।[23] ਵਿਛੋੜੇ ਬਾਅਦ ਝੋਰਾ ਉਪਜਦਾ ਹੈ, ਧੀ ਅਲਾਪਦੀ ਹੈ :

ਕਾਹਨੂੰ ਤਾਂ ਭੇਜਿਆ ਸਹੁਰੇ ਮਾਏ ਰਾਣੀਏ,
ਕਾਹਨੂੰ ਤਾਂ ਭੇਜਿਆ ਦੂਰ ਨੀ ਭਲੀਏ ।

ਤੇ ਮਾਂ ਦਾ ਜਵਾਬ ਯਥਾਰਥਕ ਵਾਸਤਵਿਕਤਾ ਦਾ ਪ੍ਰਗਟਾਵਾ ਕਰਦਾ ਹੈ :

ਧੀਆਂ ਤਾਂ ਸਹੁਰੇ ਜਾਂਦੀਆਂ ਧੀਏ ਰਾਣੀਏ,
ਕੀ ਨੇੜੇ ਕੀ ਦੂਰ ਨੀ ਭਲੀਏ ।

ਮਾਂ ਤੋਂ ਬਿਨਾ ਕੋਈ ਵੀ ਧੀਆਂ ਦੇ ਚਾਅ ਪੂਰੇ ਨਹੀਂ ਕਰ ਸਕਦਾ । "ਅਹਿਲ ਜਵਾਨੀ ਦੀਆਂ ਮੇਢੀਆਂ ਗੁੰਦੇਗੀ ਦਰਦਾਂ ਵਾਲੀ ਮਾਂ" ਦਾ ਵੱਸ ਚੱਲੇ ਤਾਂ ਉਹ ਕਦੀ ਵੀ ਆਪਣੇ ਜਿਗਰ ਦੀ ਟੁਕੜੀ ਨੂੰ ਅਲੱਗ ਨਾ ਕਰੇ । ਲੋਕ ਗੀਤਾਂ ਰਾਹੀਂ ਧੀ ਆਪਣੇ ਹਾਵ ਭਾਵ ਨੂੰ ਸ਼ਬਦਾਂ ਦਾ ਜਾਮਾ ਪਹਿਨਾਕੇ ਮਾਂ ਨੂੰ ਯਾਦ ਕਰਦੀ ਹੈ :

ਉਡ ਉਡ ਚਿੜੀਏ ਨੀ, ਉਡ ਬਹਿ ਜਾ ਕੀਲੇ ।
ਮੇਰੀ ਅੰਮੜੀ ਬਾਝੋਂ ਨੀ, ਕੌਣ ਭੇਜੇ ਨੀਲੇ ?...

ਉਡ ਉਡ ਚਿੜੀਏ ਨੀ ਉਡ ਬਹਿ ਜਾ ਖਿੜਕੀ,
ਮੇਰੀ ਅੰਮੜੀ ਬਾਝੋਂ ਨੀ, ਮੈਂ ਸਭ ਨੇ ਝਿੜਕੀ ।...

ਉਡ ਉਡ ਚਿੜੀਏ ਨੀ ਉਡ ਬਹਿ ਜਾ ਉਲਖੀ,
ਮੇਰੀ ਅੰਮੜੀ ਬਾਝੋਂ ਨੀ, ਕੌਣ ਭੇਜੇ ਗੁਥਲੀ ?...



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਅੰਮੜੀਏ [illegible] ਨੀ ਕੌਣ ਭੇਜ [illegible] ?

ਉਡ ਉਡ ਚਿੜੀਏ ਨੀ, ਉਡ ਬਹਿ ਜਾ ਖੂਹੇ ।
ਮੇਰੀ ਅੰਮੜੀ ਬਾਝੋਂ ਨੀ, ਕੌਣ ਭੇਜੇ ਸੂਹੇ ?

ਆਪਣੀ ਮਾਂ ਤੋਂ ਬਿਨਾ ਸੱਧਰਾਂ ਦੀ ਅਪੂਰਤੀ ਹੀ ਰਹਿੰਦੀ ਹੈ :

ਸੁਥਣਾਂ ਛੀਂਟ ਦੀਆਂ ਇਹ ਮੁਲਤਾਨੋਂ ਆਈਆਂ ਨੇ,
ਮਾਵਾਂ ਆਪਣੀਆਂ ਜਿਨ੍ਹਾਂ ਰੀਝਾਂ ਲਾਹੀਆਂ ਨੇ ।

ਅਜੋੜ ਵਰ ਦਾ ਉਲਾਂਭਾ ਪਿਉ ਦੇ ਨਾਲ ਨਾਲ ਮਾਂ ਨੂੰ ਵੀ ਦੇਂਦੀ ਹੈ :

ਮਾਏ ਕਾਹਨੂੰ ਮੁੱਕਾ ਹੂਰੇਂ, ਮੈਂ ਅਭੋਲ ਨੀ ।
ਆਪ ਜੇਡ ਵਰ ਧੀ ਨੂੰ ਦਿੱਤਾ ਟੋਲ ਨੀ ।

ਜਾਂ

ਕੀ ਕੀਤੋਈ ਮਹਿੰਡੀ ਅੰਮਾਂ
ਧੀ ਮੱਧਰੀ ਜਵਾਈ ਤਹਿੰਡਾ ਲੰਮਾਂ
ਜੋੜ ਨਾ ਜੋੜਿਉ ਈ ਅੰਮਾਂ ।

ਨਵ-ਵਿਆਹੁਤਾ ਲਈ ਪਤੀ ਨੂੰ ਰੀਝਾਣ ਦੀ ਸਭ ਤੋਂ ਵੱਡੀ ਮੁਸ਼ਕਿਲ ਹੁੰਦੀ ਹੈ, ਇਸ ਔਕੜ ਦੀ ਸਿਖਿਆ ਲਈ ਮਾਂ ਧੀ ਦੀ ਨਿਰਦੇਸ਼ਕ ਹੋ ਨਿੱਬੜਦੀ ਹੈ :

ਘੋੜਾ ਆਰ ਨੀ ਮਾਏ, ਘੋੜਾ ਪਾਰ ਨੀ ਮਾਏ ।
ਰਾਂਝਾ ਮੰਗੇ ਮਸਰਾਂ ਦੀ ਦਾਲ ਨੀ ਮਾਏ ।

ਘੋੜਾ ਆਰ ਨੀ ਧੀਏ, ਘੋੜਾ ਪਾਰ ਨੀ ਧੀਏ ।
ਮੱਥੇ ਮਾਰ ਮਸਰਾਂ ਦੀ ਦਾਲ ਨੀ ਧੀਏ ।

ਪਰਦੇਸਣ ਹੋਣ ਬਾਅਦ ਆਪਣੀ ਜ਼ਿੰਦਗੀ ਦੀ ਨੀਰਸਤਾ ਨੂੰ ਖ਼ਤਮ ਕਰਨ ਲਈ ਜਦ ਕਦੇ ਧੀ ਪੇਕੇ ਘਰ ਆਉਂਦੀ ਹੈ ਤਾਂ ਜੇ ਭਰਜਾਈਆਂ ਉਸ ਨੂੰ ਸਿੱਧੇ ਮੂੰਹ ਨਹੀਂ ਮਿਲਦੀਆਂ ਤਾਂ ਉਸ ਦੀ ਸੋਚ ਦਾ ਕੇਂਦਰ ਬਿੰਦੂ ਮਾਂ ਹੀ ਬਣਦੀ ਹੈ, ਜੋ ਜਨਮ-ਸ੍ਰੋਤ ਹੈ :

ਦੂਰੋਂ ਤੇ ਆਈ ਸਾਂ ਚੱਲ ਕੇ ਨੀ ਮਾਏ,
ਤੇਰੇ ਦਰ ਵਿਚ ਰਹੀਆਂ ਖਲੋ ।
ਭਾਬੀਆਂ ਨੇ ਪੁੱਛਿਆ ਸੁੱਖ ਦਾ ਸੁਨੇਹਾ,
ਨਾ ਗਲ ਲੱਗੀਆਂ ਰੋ ।
ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀ ਮਾਏ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਲ ਵੇਹੜੇ ਆਈਆਂ ਨੀ ਮਾਏ ਵੰਡ ਕੇ ਰਹੀਆਂ ਖਲੋ ।
ਦੂਰੋਂ ਡਿੱਠੀ ਅੰਮੜੀ ਆਉਂਦੀ, ਗਲ ਨੂੰ ਲੱਗੀ ਰੋ ।

ਇਹ ਰਿਸ਼ਤਾ ਨਿਰੋਲ ਸਵਾਰਥ ਰਹਿਤ ਹੋਣ ਕਰਕੇ ਇਸ ਵਿਚ ਸਨੇਹ ਹੈ, ਪਿਆਰ ਹੈ, ਮੋਹ ਤੇ ਖਿੱਚ ਹੈ। ਮਾਂਵਾਂ ਤੇ ਧੀਆਂ ਦੇ ਵਿਛੜਨ ਲੱਗਿਆਂ ਜੇਕਰ ਬੇਜਾਨ ਕੰਧਾਂ ਹਿੱਲ ਜਦੀਆਂ ਹਨ ਤਾਂ ਮਨੁੱਖੀ ਮਨ ਤੇ ਅਜਿਹੇ ਸਮੇਂ ਕਿੰਨਾ ਕੁ ਕਰੁਣਾਮਈ ਪ੍ਰਭਾਵ ਤੇ ਦਰਦਨਾਕ ਸਥਿਤੀ ਘਰ ਕਰ ਬਹਿੰਦੀ ਹੋਵੇਗੀ, ਕਿਆਸ ਹੀ ਕੀਤਾ ਜਾ ਸਕਦਾ ਹੈ ।

### ਭੈਣ ਭਰਾ ਦਾ ਰਿਸ਼ਤਾ

ਸਾਹਿਬਾਂ ਮਿਰਜ਼ੇ ਨਾਲ ਘਰੋਂ ਨਿਕਲ ਤੁਰੀਂ ਪਰ ਜਦ ਵੀਰ ਦਾ ਪਿਆਰ ਕੁਦਿਆ ਤਾਂ ਉਸ ਨੇ ਆਸ਼ਕ ਦਾ ਤਰਕਸ਼ ਜੰਡ ਉੱਤੇ ਟੰਗ ਛੱਡਿਆ । ਸਾਹਿਬਾਂ ਆਪ ਮਰ ਗਈ, ਪ੍ਰੇਮੀ ਦੀ ਬੋਟੀ ਬੋਟੀ ਕਰਵਾ ਲਈ ਪਰ ਵੀਰ ਨੂੰ ਜਰਬ ਨਹੀਂ ਆਉਣ ਦਿੱਤੀ ।[24] ਉਪਰੋਕਤ ਪ੍ਰਕਿਰਤੀ ਦਾ ਧਾਰਣੀ ਭੈਣ ਭਰਾ ਦਾ ਰਿਸ਼ਤਾ ਮੁੱਢ ਕਦੀਮ ਤੋਂ ਹੀ ਸਭ ਤੋਂ ਵੱਧ ਸਨੇਹ ਭਰਪੂਰ ਰਿਹਾ ਹੈ। ਇਹ ਭਾਰਤੀ ਨੈਤਿਕਤਾ ਅਨੁਸਾਰ ਢਲਿਆ ਹੋਇਆ ਹੈ। ਇਕ ਦੂਜੇ ਦੇ ਦੁੱਖ 'ਚ ਭਾਈਵਾਲ ਹੋਣਾ ਨਿਰਸੰਦੇਹ ਇਸ ਪੱਕੇ ਪੀਡੇ ਸੰਬੰਧ ਦਾ ਅਹਿਸਾਸ ਕਰਵਾਉਂਦਾ ਹੈ । ਸੁਹਿੰਦਰ ਸਿੰਘ ਬੇਦੀ ਦੇ ਸ਼ਬਦਾਂ ਵਿਚ :

> ਪੰਜਾਬ ਵਿਚ ਭੈਣ ਭਰਾ ਦਾ ਰਿਸ਼ਤਾ ਸਭ ਤੋਂ ਵੱਧ ਨਿੱਘਾ, ਨਿਰਮਲ ਤੇ ਮਿੱਠਤ ਭਰਿਆ ਹੈ । ਦੋਵੇਂ ਅਜਿਹੀ ਅਜ਼ਲੀ ਗੰਢ ਵਿਚ ਬੱਝੇ ਹੁੰਦੇ ਹਨ ਜੋ ਕਦੇ ਛਿੱਜਦੀ ਨਹੀਂ, ਜਿਸ ਦਾ ਰੰਗ ਕਦੇ ਫਿੱਕਾ ਨਹੀਂ ਪੈਂਦਾ...ਵੀਰ ਨੇ ਹੀ ਭੀੜਾ ਵੇਲੇ ਉਸ ਦੀ (ਭੈਣ ਦੀ) ਸਾਰ ਲੈਣੀ ਹੁੰਦੀ ਹੈ ਤੇ ਭੈਣ ਦੇ ਮਿੱਠੇ ਸੁਪਨੇ ਉਸੇ ਦੁਆਲੇ ਬੁਣੇ ਹੁੰਦੇ ਹਨ ।[25]

ਵੀਰ ਦੀ ਅਣਹੋਂਦ ਜ਼ਿੰਦਗੀ ਦਾ ਸੁੰਨਾਪਣ ਹੈ :

ਭੈਣਾਂ ਰੋਂਦੀਆਂ ਪਿਛੋਕੜ ਖੜ ਕੇ,
ਜਿਨ੍ਹਾਂ ਘਰ ਵੀਰ ਨਹੀਂ ।

ਭੈਣ ਲਈ ਵੀਰ ਸਭ ਤੋਂ ਮਹਿੰਗਾ ਹੈ। ਇਸੇ ਕਰਕੇ ਉਹ ਸਭ ਤੋਂ ਵੱਡੀ ਕਸਮ ਆਪਣੇ ਵੀਰ ਦੀ ਹੀ ਚੁੱਕਦੀ ਹੈ। ਵੀਰ ਨਾ ਹੋਣ ਦੀ ਸੂਰਤ ਵਿਚ ਉਹ ਅਚੇਤ ਤੌਰ ਤੇ ਹੀ ਗਾ ਉੱਠਦੀ ਹੈ :

ਸਹੁੰ ਖਾਣ ਨੂੰ ਬੜਾ ਚਿੱਤ ਕਰਦਾ,
ਇਕ ਵੀਰ ਦੇਈਂ ਵੇ ਰੱਬਾ ।
ਦੋ ਵੀਰ ਦੇਈਂ ਵੇ ਰੱਬਾ,
ਮੇਰੀ ਸਾਰੀ ਉਮਰ ਦੇ ਮਾਪੇ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਿਹਾ ਕਿਉਂ ਹੈ ? ਕਿਉਂਕਿ ਲੜਕੀ ਦਾ ਆਦਮੀ ਪ੍ਰਤਿ ਧਾਰਨਾ ਦੀਸਿੱਖਿਆ ਉਸ ਦੀ ਪਹਿਲੀ ਉਮਰ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਅਜਿਹੇ ਸਮੇਂ ਉਸ ਦੇ ਭਰਾ ਉਸ ਨੂੰ ਅਜਿਹੇ ਵਤੀਰੇ ਪ੍ਰਤਿ ਚੇਤੰਨ ਕਰਨ ਲਈ ਅਧਿਕਾਰੀਆਂ ਦੇ ਰੋਲ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ।[26]

ਭੈਣ ਹਮੇਸ਼ਾ ਹੀ ਆਪਣੇ ਵੀਰ ਨੂੰ ਕਿਸੇ ਰੁਤਬੇ ਤੇ ਪਹੁੰਚਿਆ ਵੇਖਣਾ ਚਾਹੁੰਦੀ ਹੈ ਇਸੇ ਲਈ ਉਸ ਦੇ ਮਨ ਵਿਚ ਭਰਾਵਾਂ ਦੀ ਦਾਤ ਦੀ ਮੰਗ ਸਮੇਂ ਉਨ੍ਹਾਂ ਦੀਆਂ ਪਦਵੀਆਂ ਦੀ ਕਾਮਨਾ ਵੀ ਅਚੇਤ ਤੌਰ ਤੇ ਸਮਾਈ ਰਹਿੰਦੀ ਹੈ :

ਦੋ ਵੀਰ ਦੇਈਂ ਵੇ ਰੱਬਾ,
ਇਕ ਮੁਨਸ਼ੀ ਤੇ ਦੂਜਾ ਪਟਵਾਰੀ।

ਇਹ ਪੰਜਾਬੀ ਭੈਣ ਦੇ ਬੋਲ ਹੀ ਹੋ ਸਕਦੇ ਹਨ। ਕੁਝ ਸਮਾਜਾਂ ਵਿਚ ਭੈਣ ਭਰਾ ਵਿਚਕਾਰ ਲੱਗੀਆਂ ਬੰਦਿਸ਼ਾਂ ਉਨ੍ਹਾਂ ਦੀਆਂ ਰਹੁ ਰੀਤਾ ਦੀ ਤਰ੍ਹਾਂ ਬਹੁਤ ਕਰੜੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਖ਼ਾਸ ਤੌਰ ਤੇ ਪ੍ਰਹੇਜ ਯੋਗ ਬੰਦਿਸ਼ਾਂ ਕਿਹਾ ਜਾ ਸਕਦਾ ਹੈ ਜਿਵੇਂ ਮੈਲੇਨੇਸ਼ੀਆ ਦੇ ਬਹੁਤ ਸਾਰੇ ਭਾਗਾਂ ਵਿਚ ਭੈਣ ਭਰਾ ਨੂੰ ਆਪਸ ਵਿਚ ਬੋਲਣ ਦੀ ਗੱਲ ਤਾਂ ਇਕ ਪਾਸੇ ਰਹੀ, ਵੇਖਣ ਦੀ ਵੀ ਮਨਾਹੀ ਹੈ ਅਤੇ ਇਹ ਬੰਦਿਸ਼ ਇੰਨੀ ਕਰੜੀ ਹੈ ਜੋ ਮੌਤ ਤੋਂ ਬਾਅਦ ਵੀ ਲਾਗੂ ਰਹਿੰਦੀ ਹੈ। ਆਦਮੀ ਨੂੰ ਉਸ ਘਰ ਵਿਚ ਪੈਰ ਪਾਉਣ ਦੀ ਇਜ਼ਾਜਤ ਨਹੀਂ, ਜਿਥੇ ਉਸ ਦੀ ਮਰੀ ਹੋਈ ਭੈਣ ਦੀ ਲਾਸ਼ ਰੱਖੀ ਹੁੰਦੀ ਹੈ।[27] ਪਰ ਅਜਿਹਾ ਬਹੁਤ ਘੱਟ ਸਭਿਆਚਾਰਾਂ ਵਿਚ ਵਾਪਰਦਾ ਹੈ। ਭੈਣ ਭਰਾ ਦੇ ਪਿਆਰ ਬਾਰੇ ਕੋਈ ਕਿੰਤੂ ਨਹੀਂ ਕੀਤਾ ਜਾ ਸਕਦਾ। ਸੰਤੋਖ ਸਿੰਘ ਧੀਰ ਦੇ ਸ਼ਬਦਾਂ 'ਚ :

> ਭੈਣ ਭਰਾ ਦਾ ਪਿਆਰ ਕੱਚੇ ਦੁੱਧ ਵਰਗਾ ਹੁੰਦਾ ਹੈ ਮੀਂਹ ਦੀ ਸੁੱਚੀ ਕਣੀ ਵਰਗਾ, ਰਸ ਨਾਲ ਭਰੀਆਂ ਤੂਤੀਆਂ ਵਰਗਾ, ਪੱਛੋਂ ਦੀ ਰੁਮਕਦੀ ਪੌਣ ਵਰਗਾ, ਵਣਾਂ ਦੀ ਹਰਿਆਵਲੀ ਵਰਗਾ ਅਤੇ ਅੰਮ੍ਰਿਤ ਦੇ ਘੁੱਟ ਵਰਗਾ। ਭੈਣ ਦੇ ਪਿਆਰ ਨੇ ਧਰਤੀ ਉਤੇ ਵਿਛ ਕੇ, ਰਵ ਰਵ ਕੇ ਕੁਦਰਤ ਦੇ ਅੰਗ ਅੰਗ ਵਿਚ ਆਪਣਾ ਪਿਆਰ ਰਚਾ ਦਿੱਤਾ। ਰੁੱਤਾਂ ਦੇ ਸਾਹ ਵਿਚ, ਤ੍ਰਿਞਣਾ ਦੀ ਘੂਕਰ ਵਿਚ, ਸੰਧਾਰਿਆਂ ਦੀ ਉਡੀਕ ਵਿਚ ਭੈਣ ਦਾ ਪਿਆਰ ਆਪ ਮੁਹਾਰਾ ਪ੍ਰਗਟ ਹੁੰਦਾ ਹੈ। ਧਰਤੀ ਨੇ ਜਿਥੇ ਵੀ ਜਿਸ ਬੋਲੀ ਵਿਚ ਵੀ ਗੱਲਾਂ ਕੀਤੀਆਂ, ਗੀਤ ਕਹੇ, ਉਥੇ ਹੀ ਭੈਣ ਨੇ ਆਪਣੇ ਪਿਆਰ ਦੇ ਰੂਪ, ਸਿੱਕਾਂ ਸੱਧਰਾਂ ਚਾਅ ਅਤੇ ਵਾਰਨੇ ਮਨ ਨੂੰ ਡੋਲ ਡੋਲ ਕੇ ਪ੍ਰਗਟ ਕੀਤੇ ਹਨ। ਹਰ ਦੇਸ਼ ਵਿਚ ਭੈਣ ਦਾ ਮੋਹ ਬੋਲਦਾ ਹੈ।[28]

ਵੀਰ ਦੀ ਮੌਤ ਭੈਣ ਨੂੰ ਪ੍ਰਵਾਨ ਨਹੀਂ। ਇਸ ਦੇ ਬਦਲੇ ਉਹ ਹਰ ਅਹੂਤੀ ਲਈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿਆਰ ਹੈ। ਇਹ ਸੁਭਾਅ ਦਵੰਦਾਤਮਕ ਹੈ। ਪੰਜਾਬੀ ਭੈਣ ਦਾ ਵੀਰ ਤਾਂ ਕਿਸੇ ਵੀ ਉੱਚੇ ਦਰਜੇ ਦੇ ਅਧਿਕਾਰੀ ਤੋਂ ਘੱਟ ਨਹੀਂ :

ਮੇਰਾ ਵੀਰ ਨੀ ਜਮਾਤੀ ਠਾਣੇਦਾਰ ਦਾ,
ਸੰਮਾਂ ਵਾਲੀ ਡਾਂਗ ਰੱਖਦਾ।...
ਵੱਡੇ ਸਾਹਿਬ ਬਰੋਬਰ ਕੁਰਸੀ,
ਅੱਜ ਮੇਰੇ ਵੀਰਨ ਦੀ।

ਪੰਜਾਬੀ ਲੋਕ ਗੀਤਾਂ ਵਿਚ ਭੈਣ ਭਰਾ ਦੇ ਰਿਸ਼ਤੇ ਦੀ ਪੇਸ਼ਕਾਰੀ ਵੀਰ ਦੀਆਂ ਸਿਫ਼ਤਾਂ ਤੇ ਉਸ ਦੇ ਭੈਣ ਵੱਲ ਪ੍ਰਗਟਾਏ ਜਾਂਦੇ ਸਮਾਜਕ ਵਿਹਾਰ ਰਾਹੀਂ ਹੀ ਹੋਈ ਹੈ। ਵੀਰ ਕਿਤੇ ਹੀ ਹੁੰਗਾਰਾ ਦੇਂਦਾ ਨਜ਼ਰ ਆਉਂਦਾ ਹੈ। ਵਿਆਹ ਤੋਂ ਪਹਿਲਾਂ ਤਾਂ ਉਹ ਵੀਰ ਦੀ ਕਾਮਨਾ ਕਰਦੀ ਹੈ, ਉਸ ਦੀ ਬੋਤੀ ਦੀਆਂ ਸਿਫ਼ਤਾਂ ਕਰਦੀ ਹੈ, ਜੰਞ ਚੜ੍ਹਨ ਵੇਲੇ ਘੋੜੀ ਦੀ ਵਾਗ ਗੁੰਦਦੀ ਹੈ ਪਰ ਜਦੋਂ ਪਰਾਏਵੱਸ ਹੋ ਜਾਂਦੀ ਹੈ ਤਾਂ ਸੱਸ ਦੇ ਤਾਹਨੇ ਮੇਹਣੇ, ਵੀਰ ਦੀ ਸੇਵਾ ਨਾ ਕਰਨ ਤੇ ਮਜ਼ਬੂਰ ਹੋਣਾ ਉਹਦੇ ਅੱਡ ਹੋਣ ਤਕ ਰੁੱਖੀ ਮਿੱਸੀ ਖਾ ਕੇ ਗੁਜ਼ਾਰਾ ਕਰਨ ਦੀ ਗੁਜਾਰਸ਼ ਹੀ ਕਰਦੀ ਹੈ।

ਪੰਜਾਬੀ ਸਭਿਆਚਾਰ ਵਿਚ ਭੈਣ ਦਾ ਵੀਰ ਨੂੰ ਰੱਖੜੀ ਬੰਨ੍ਹਣਾ ਤੇ ਵੀਰ ਦਾ ਸੁਗਾਤ ਵਜੋਂ ਕੁਝ ਨਾ ਕੁਝ ਪ੍ਰਦਾਨ ਕਰਨਾ, ਦਰਅਸਲ ਉਸ ਦੀ ਵੇਲੇ ਕੁਵੇਲੇ ਰੱਖਿਆ ਦਾ ਹੀ ਹੁੰਗਾਰਾ ਹੈ। ਵੀਰ ਦੇ ਵਿਆਹ ਤੋਂ ਪਹਿਲਾਂ ਹੀ ਘੋੜੀਆਂ ਗਾਉਣੀਆਂ ਸ਼ੁਰੂ ਕਰ ਦੇਣੀਆਂ ਉਸ ਦੀ ਖੁਸ਼ੀ ਦਾ ਪ੍ਰਗਟਾਵਾ ਕਰਦੀਆਂ ਹਨ। ਕਾਲਪਨਿਕ ਜਗਤ ਵਿਚ ਹੀ ਸਾਰੇ ਕਾਰ ਵਿਹਾਰ ਕਰਕੇ ਭਰਜਾਈ ਨੂੰ ਪਲੰਘ ਤੇ ਲਿਆ ਬਿਠਾਉਂਦੀ ਹੈ, ਇਥੋਂ ਤਕ ਕਿ ਉਸ ਦੇ ਸੁਭਾਅ ਦੇ ਵੀ ਕਈ ਪੱਖ ਉਲੀਕ ਦਿੰਦੀ ਹੈ। ਰੰਧਾਵਾ ਤੇ ਸਤਿਆਰਥੀ ਦੇ ਸ਼ਬਦਾਂ ਵਿਚ :

> ਪੰਜਾਬੀ ਭੈਣ ਵੀਰ ਦਾ ਗੁਣ ਥਾਲਾਂ ਵਿਚ ਗਾਉਂਦੀ ਹੈ ਤੇ ਕਿੱਕਲੀਆਂ ਵਿਚ ਉਸ ਨੂੰ ਅਸੀਸਾਂ ਦਿੰਦੀ ਹੈ ਜਿਸ ਲਈ ਭੈਣ ਦੇ ਸੁਪਨਿਆਂ ਵਿਚ ਸੱਧਰਾਂ ਸਾਹ ਪੌਂਦੀਆਂ ਹਨ, ਉਹਦਾ ਵੀਰ ਜੰਗ ਜਿੱਤਦਾ ਹੈ, ਮੁਕੱਦਮੇ ਵਿਚ ਨਹੀਂ ਹਾਰਦਾ, ਉਹਦੀ ਘੋੜੀ ਦੀਆਂ ਧੁੰਮਾਂ ਪਈਆਂ ਹਨ, ਉਚੀਆਂ ਮਾੜੀਆਂ ਵਾਲਾ, ਸਰਕਾਰੇ ਦਰਬਾਰੇ ਕੁਰਸੀ ਪ੍ਰਾਪਤ ਕਰਨ ਵਾਲਾ। ਉਸ ਦਾ ਵਿਆਹ ਹੁੰਦਾ ਹੈ ਤਾਂ ਭੈਣ ਗਾਉਂਦੀ ਹੈ :
>
> ਜੇ ਤੂੰ ਚੜਿਉਂ ਘੋੜੀ ਵੇ,
> ਤੇਰੇ ਨਾਲ ਭਰਾਵਾਂ ਦੀ ਜੋੜੀ ਵੇ।
> ਚੜ੍ਹ ਜਾਏ ਨੀ ਮਾਂ ਦਾ ਲਾਡਲਾ,
> ਵੇਲਾਂ ਦਿੰਦੀ ਮਾਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਤੂੰ ਵੱਢੀ ਜੰਡੀ ਵੇ,
ਮਾਂ ਨੇ ਸ਼ੱਕਰ ਵੰਡੀ ਵੇ ।
ਚੜ੍ਹ ਜਾਏ ਨੀ ਮਾਂ ਦਾ ਲਾਡਲਾ,
ਵੇਲਾਂ ਦੇਂਦੀ ਮਾਂ ।
ਜੇ ਤੂੰ ਬੈਠੋਂ ਖਾਰੇ ਵੇ,
ਤੇਰਾ ਬਾਪ ਰੁਪਈਏ ਵਾਰੇ ਵੇ,
ਚੜ੍ਹ ਜਾਏ ਨੀ ਮਾਂ ਦਾ ਲਾਡਲਾ,
ਵੇਲਾ ਦਿੰਦੀ ਮਾਂ ।
ਜੇ ਤੂੰ ਲਈਆਂ ਲਾਵਾਂ ਵੇ,
ਤੇਰੇ ਕੋਲ ਖਲੋਤੀਆਂ ਮਾਵਾਂ ਵੇ ।
ਚੜ੍ਹ ਜਾਏ ਨੀ ਮਾਂ ਦਾ ਲਾਡਲਾ,
ਵੇਲਾਂ ਦਿੰਦੀ ਮਾਂ ।
ਜੇ ਤੂੰ ਆਂਦੀ ਡੋਲੀ ਵੇ,
ਤੇਰੀ ਡੋਲੀ ਤੋਂ ਭੈਣ ਘੋਲੀ ਵੇ ।
ਚੜ੍ਹ ਜਾਏ ਨੀ ਮਾਂ ਦਾ ਲਾਡਲਾ,
ਵੇਲਾਂ ਦਿੰਦੀ ਮਾਂ ।

"ਆਪਣੇ ਵੀਰੇ ਤੋਂ ਕੀ ਕੁਝ ਵਾਰਾਂ ਜੋ ਵਾਰਾਂ ਸੋ ਥੋੜ੍ਹਾ ਏ" ਇਕ ਭੈਣ ਆਪਣੇ ਵੀਰ ਦੇ ਵਿਆਹ ਤੋਂ ਜੋ ਵੀ ਵਾਰੇ, ਥੋੜ੍ਹਾ ਹੋਣਾ ਉਸ ਦੀ ਬੇਇੰਤਿਹਾ ਖੁਸ਼ੀ ਦਾ ਵੀ ਸੂਚਕ ਹੈ ਤੇ ਉਸ ਦੇ ਆਪਣੇ ਵੀਰ ਨਾਲ ਭਾਵੁਕ ਸੰਬੰਧਾਂ ਦਾ ਪ੍ਰਗਟਾਵਾ ਵੀ।[30] ਭੈਣ ਆਪਣੇ ਵਿਆਹ ਤੋਂ ਬਾਅਦ ਵੀ ਭਰਾ ਦੇ ਮਹਿਲੀਂ ਰੌਣਕ ਤੇ ਚੜ੍ਹਤ ਨੂੰ ਵੇਖ ਕੇ ਹੋਰ ਵੀ ਖੁਸ਼ ਹੁੰਦੀ ਹੈ ਪਰ ਆਪਣੇ ਪ੍ਰਦੇਸਣ ਹੋਣ ਦਾ ਉਸ ਨੂੰ ਗਿਲਾ ਵੀ ਹੈ :

ਵੀਰ ਮੇਰੇ ਬਾਗ ਲਵਾਇਆ ਬਾਗ 'ਚ ਸਭ ਨੂੰ ਢੋਈ,
ਵੱਸੇਂ ਰੱਸੇਂ ਵੀਰਨਾ ਵੇ ਮੈਂ ਪ੍ਰਦੇਸਣ ਹੋਈ ।
ਵੀਰ ਮੇਰੇ ਨੇ ਬਾਗ ਲਵਾਇਆ ਬਾਗੀਂ ਠੰਢੀਆਂ ਛਾਵਾਂ,
ਡਾਰੋਂ ਵਿਛੜ ਗਈ ਕੂੰਜ ਵਾਂਗ ਕੁਰਲਾਵਾਂ ।

ਸਹੁਰੇ ਗਈ ਵੀ ਹਰ ਵੇਲੇ ਵੀਰ ਦਾ ਰਾਹ ਤੱਕਦੀ 'ਬੋਤਾ ਵੀਰ ਦਾ ਨਜ਼ਰ ਨਾ ਆਵੇ' ਵਰਗੀ ਕਰੁਣਾਮਈ ਸੁਰ 'ਚ ਆਪਮੁਹਾਰੇ ਹੀ ਗੁਣਗੁਣਾਉਂਦੀ ਰਹਿੰਦੀ ਹੈ ਕਿਉਂਕਿ ਪੁੱਤਰ ਖਾਨਦਾਨੀ ਵਿਰਾਸਤ ਨੂੰ ਸਾਂਭਣ ਵਾਲਾ, ਵਿਆਹ ਕਰ ਕੇ ਸੰਤਾਨ ਉਤਪਤੀ ਰਾਹੀਂ ਪਰਿਵਾਰ ਵਿਚ ਵਾਧਾ ਕਰਨ ਵਾਲਾ ਅਤੇ ਖਾਨਦਾਨ ਦਾ ਨਾਂ ਜ਼ਿੰਦਾ ਰੱਖਣ ਵਾਲਾ, ਭੈਣ ਪਿਆਰ ਦਾ ਮੁੱਖ ਪਾਤਰ ਹੋਣ ਕਰਕੇ ਭੈਣ ਦੀ ਇੱਜ਼ਤ ਦਾ ਰਖਵਾਲਾ ਹੁੰਦਾ ਹੈ । ਇਸ ਲਈ ਤੀਵੀਂ ਲਈ ਪੇਕਿਆਂ ਵਿਚ ਭਰਾ ਹੀ ਸਭ ਤੋਂ ਵੱਧ ਮਹੱਤਵਪੂਰਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਸਤੀ ਹੈ ।[31]

ਭੈਣ ਘਰ ਖਾਲੀ ਹੱਥ ਜਾਣਾ ਸਮਾਜਕ ਵਿਵਸਥਾ ਦੇ ਅਨੁਕੂਲ ਭਰਾ ਨੂੰ ਸੋਭਦਾ ਨਹੀਂ ਕਿਉਂਕਿ ਧੀਆਂ ਤਾਂ ਸਾਰੀ ਉਮਰ ਹੀ ਮਾਪਿਆਂ ਤੋਂ ਲੈਣਹਾਰ ਹੁੰਦੀਆਂ ਹਨ :

ਸੂਹੀਆਂ ਰੰਗਾਵਾਂ ਚੁੰਨੀਆਂ, ਮੇਰਾ ਰਾਮ ਜਾਣੇ,
ਜਾਵਾਂ ਲਲਾਰੀ ਦੀ ਹੱਟ ਭੈਣੇ ਮੇਰੀਏ ।
ਭਲਕੇ ਬਣਾਵਾਂ ਪਿੰਨੜੀਆਂ ਮੇਰਾ ਰਾਮ ਜਾਣੇ,
ਪਾਵਾਂਗਾ ਮੋਹਰਾਂ ਸੱਠ ਭੈਣੇ ਮੇਰੀਏ ।

ਵੀਰ ਘਰ ਪੁੱਤਰ ਜੰਮਣ ਤੇ ਭੈਣ ਭਰਜਾਈ ਪਾਸੋਂ ਵਧਾਈ ਦੇ ਤੌਰ ਤੇ ਕੋਈ ਸੁਗਾਤ ਗ੍ਰਹਿਣ ਕਰਨਾ ਚਾਹੁੰਦੀ ਹੈ । ਤਮੰਨਾ ਪੂਰੀ ਹੋਣ ਉਪਰੰਤ ਉਹ ਵੀਰ ਦੇ ਘਰ ਜੜ੍ਹ ਲੱਗਣ ਲਈ ਪਰਮਾਤਮਾ ਦਾ ਸ਼ੁਕਰ ਕਰਦੀ ਹੈ ਤੇ ਬੱਚੇ ਦੀ ਲੰਮੀ ਉਮਰ ਦੀਆਂ ਦੁਆਵਾਂ ਸੁਭਾਵਿਕ ਹੀ ਉਹਦੇ ਮੂੰਹੋਂ ਨਿਕਲਣ ਲੱਗਦੀਆਂ ਹਨ :

ਲੈ ਨੀ ਬੀਬੀ ਦੇਹ ਅਸੀਸਾਂ ਅੜੀਏ,
ਪੂਰਾ ਤੇ ਹੋਇਆ ਈ ਕਰਾਰ ।
ਭਾਬੀ ਭਤੀਜਾ ਮੇਰਾ ਜੁਗ ਜੁਗ ਜੀਵੇ,
ਮੇਰੀ ਭਾਬੋ ਦਾ ਅਟੱਲ ਸੁਹਾਗ ।

ਵੀਰ ਦੀ ਸਰਦਾਰੀ ਭੈਣ ਨੂੰ ਸਹੁਰੇ ਘਰ ਵਿਚ ਮਾਣ ਦਿਵਾਉਣ ਦਾ ਕਾਰਣ ਬਣਦੀ ਹੈ । ਸੱਸ ਸਤਾਉਂਦੀ ਹੈ ਪਰ ਜਦ ਵੀਰ ਉਸ ਦੇ ਘਰ ਆਉਂਦਾ ਹੈ ਤਾਂ ਸਭ ਕੁਝ ਨਵਾਂ ਨਵਾਂ ਭਾਸਣ ਲੱਗ ਜਾਂਦਾ ਹੈ । ਵੀਰ ਹੀ ਅਜਿਹਾ ਪਾਤਰ ਹੈ ਜਿਹੜਾ ਦੁਖੀ ਭੈਣ ਨੂੰ ਧਰਵਾਸ ਦਿੰਦਾ ਹੈ :

ਭੈਣਾਂ ਰੋਂਦੀਆਂ ਨੂੰ ਵੀਰ ਮਨਾਉਂਦੇ,
ਸਿਰ ਪੁਰ ਹੱਥ ਧਰ ਕੇ ।

ਜਿਵੇਂ ਅਸੀਂ ਸੱਸ ਨੂੰਹ ਦੇ ਰਿਸ਼ਤੇ 'ਚ ਇਹ ਸਪਸ਼ਟ ਕਰ ਚੁੱਕੇ ਹਾਂ ਕਿ ਤਣਾਉ-ਗ੍ਰਸਤ ਸਥਿਤੀ ਵਿਚ ਵੀਰ ਹੀ ਮਾਹੌਲ ਨੂੰ ਸੁਖਾਵਾਂ ਬਣਾਉਂਦਾ ਹੈ ਜਿਸ ਤੇ ਵੀਰ ਨੂੰ ਵੇਖਦੇ ਸਾਰ ਭੈਣ ਦੀ ਅੱਡੀ ਭੋਇੰ ਨਹੀਂ ਲੱਗਦੀ :

ਜਦੋਂ ਵੇਖ ਲਿਆ ਵੀਰ ਦਾ ਬੋਤਾ,
ਮੱਲ ਵਾਂਗੂੰ ਪੈਰ ਧਰਦੀ ।

ਜੇਕਰ ਭੈਣ ਵੀਰ ਦੇ ਸਹੁਰੇ ਘਰ ਪੁੱਜਣ ਤੇ ਹਰ ਖੁਸ਼ੀ ਮਹਿਸੂਸ ਕਰਦੀ ਹੈ ਤਾਂ ਵੀਰ ਦੇ ਦਿਲ 'ਚ ਵੀ ਭੈਣ ਦਾ ਬਰਾਬਰ ਸਤਿਕਾਰ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੱਥਾ ਟਕਦਾ ਅੰਮਾ ਦੀਏ ਜਾਈਏ,
ਬੋਤਾ ਭੈਣੇ ਫੇਰ ਬੰਨ੍ਹ ਲਉ ।

ਦੁਖਾਂਤਕ ਸਥਿਤੀ ਵਿਚ ਗੁਜਰ ਰਹੀ ਭੈਣ ਆਪਣੀਆਂ ਮਨੋਭਾਵਨਾਵਾਂ ਦਾ ਇਜ਼ਹਾਰ ਵੀਰ ਕੋਲ ਹੀ ਕਰਦੀ ਹੈ । ਮਾਂ ਪਿਉ ਦੇ ਦੇਸ਼ ਲਿਜਾਣ ਲਈ ਲਿੱਲਕੜੀਆਂ ਲੈਂਦੀ ਹੈ । ਜੇਕਰ ਕਾਂ ਹੱਥ ਸੁਨੇਹਾ ਭੇਜਦੀ ਹੈ ਤਾਂ ਸਿਰਫ਼ ਵੀਰ ਨੂੰ ਹੀ ਕਿਉਂਕਿ ਮਾਂ ਰੋਣ ਧੋਣ ਤੋਂ ਸਿਵਾ ਕੁਝ ਨਹੀਂ ਕਰ ਸਕਦੀ, ਬਾਬਲ ਤੋਂ ਧੀ ਦਾ ਦੁੱਖ ਜ਼ਰ ਨਹੀਂ ਹੋਣਾ, ਭੈਣ ਤ੍ਰਿਵਣ ਛੱਡ ਕੇ ਰੋਵੇਗੀ, ਭਾਬੋ ਪੇਕੇ ਜਾ ਕੇ ਹੱਸੇਗੀ ਤੇ ਵੀਰ :

ਦੱਸੀਂ ਵੇ ਕਾਵਾਂ ਦੱਸੀਂ ਮੇਰੇ ਵੀਰ ਨੂੰ,
ਆਊਗਾ ਨੀਲਾ ਘੋੜਾ ਬੀੜ ਕੇ ਮੈਂ ਵਾਰੀ ।

ਵੀਰ ਦੀ ਆਮਦ ਤੇ ਸੱਸ ਤੋਂ ਜਬਰੀ ਕੁੰਡਾ ਖੋਲ੍ਹਣ ਲਈ ਬੇਵੱਸ ਹੋਣ ਕਾਰਣ ਉਹ ਵੀਰ ਨੂੰ ਆਪਣੀ ਲਾਚਾਰੀ ਇਉਂ ਪ੍ਰਗਟਾਉਂਦੀ ਹੈ :

ਸੱਸ ਦੈਂਗੜੀ ਕੁੰਡਾ ਨਾ ਖੋਹਲੇ,
ਕੋਠੇ ਕੋਠੇ ਆ ਜਾ ਵੀਰਨਾ ।

ਉਹ ਸੱਸ ਸਹੁਰੇ ਦੀਆਂ ਵਧੀਕੀਆਂ ਦਾ ਦੁੱਖੜਾ ਵੀਰ ਨੂੰ ਸੁਣਾਉਂਦੀ ਹੈ :

ਸੱਸ ਪਿਹਾਵੇ ਚੱਕੀਆਂ,
ਸਹੁਰਾ ਘੁਟਾਵੇ ਭੰਗ ਮੈਂ ਵਾਰੀ ।
ਸੱਸ ਜੋ ਲਾਹ ਲਈਆਂ ਵੰਗੜੀਆਂ,
ਸਹੁਰਾ ਲਾਹ ਲਏ ਬੰਦ ਵਾਰੀ ।...
ਦੇਹਲੀ ਉਤੇ ਬਹਿ ਜਾ ਵੀਰਨਾ,
ਤੈਨੂੰ ਸੱਸ ਦੇ ਰੁਦਨ ਸੁਣਾਵਾਂ ।

ਉਹ ਗਾਲ੍ਹਾਂ ਜਿਹੜੀਆਂ ਕਦੀ ਉਹਨੂੰ ਵਿਹੁ ਵਾਂਗ ਡੱਸਦੀਆਂ ਸਨ ਵੀਰ ਬਦਲੇ ਸੱਸ ਕੋਲੋਂ ਉਹ ਵੀ ਸਹਿਣ ਨੂੰ ਤਿਆਰ ਹੈ । ਵੀਰ ਦੀ ਸੇਵਾ ਭਾਵ ਦਾ ਜਜ਼ਬਾ ਉਸ ਦੇ ਮਨ ਵਿਚ ਮਚਲਦਾ ਹੈ ਤੇ ਉਹ ਸੱਸ ਨੂੰ ਸਿਫਾਰਸ਼ ਕਰਦੀ ਹੈ :

ਸੱਸੇ ਦੁੱਧ ਨੂੰ ਜਾਗ ਨਾ ਲਾਈਂ,
ਅੱਜ ਮੇਰੇ ਵੀਰ ਨੇ ਆਉਣਾ ।

ਆਪ ਹਰ ਦੁੱਖ ਜਰਨ ਲਈ ਤਿਆਰ ਹੈ, ਪਰ ਵੀਰ ਦੀ ਸ਼ਾਨ ਦੇ ਖਿਲਾਫ਼ ਕਿਹਾ ਇਕ ਵੀ ਲਫਜ਼ ਉਹ ਬਰਦਾਸ਼ਤ ਨਹੀਂ ਕਰ ਸਕਦੀ :

ਮੇਰੇ ਵੀਰ ਨੂੰ ਮੰਦਾ ਨਾ ਬੋਲੀਂ,
ਮੇਰੀ ਭਾਵੇਂ ਗੁੱਤ ਪੁੱਟ ਲੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਵਿਚ ਪ੍ਰਾਹੁਣੇ ਨੂੰ ਖੰਡ ਘਿਉ ਨਾਲ ਭੋਜਨ ਛਕਾਉਣਾ ਵਿਸ਼ੇਸ਼ ਉਚੇਚਤਾ ਗਿਣੀ ਜਾਂਦੀ ਹੈ। ਨਰੇਂਦਰ ਧੀਰ ਦੇ ਸ਼ਬਦਾਂ ਵਿਚ ਇਹ ਮਿੱਠੇ ਅਤੇ ਸੁਹਾਵਣੇ ਵਿਵਹਾਰ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸੱਸ ਆਪਣੀ ਨੂੰਹ ਦੇ ਭਰਾ ਨੂੰ ਸੁੱਕੀ ਖੰਡ ਖਾਣ ਲਈ ਦੇਂਦੀ ਹੈ। ਵਹੁਟੀ ਦੇ ਸਵੈਮਾਣ ਨੂੰ ਠੇਸ ਲੱਗਦੀ ਹੈ ਉਹ ਮਜ਼ਬੂਰ ਹੋ ਕੇ ਸੱਸ ਤੇ ਤਿੱਖਾ ਕਟਾਖਸ਼ ਕਰਦੀ ਹੈ :

ਸੱਸੇ ਤੇਰੀ ਮੱਝ ਮਰ ਜਾਏ,
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।[32]

ਇਹ ਕਟਾਖਸ਼ ਨਹੀਂ, ਸ਼ਰਾਪ ਹੈ ਜੋ ਬੇਵੱਸ ਨੂੰਹ ਭਾਵਾਂ ਰਾਹੀਂ ਹੀ ਪ੍ਰਗਟਾ ਸਕਦੀ ਹੈ। ਉਸ ਨੂੰ ਭਵਿੱਖਤ ਸਥਿਤੀ ਦੇ ਚੰਗੇਰੇ ਹੋਣ ਦੀ ਆਸ ਹੈ, ਇਸ ਲਈ ਵੀਰ ਦੀ ਸੇਵਾ ਭਾਵ ਦੇ ਸੰਕਲਪ ਨੂੰ ਉਹ ਅੱਡ ਹੋਣ ਤੱਕ ਆਪਣੀ ਚੇਤਨਾ ਦਾ ਅੰਗ ਬਣਾਈ ਬੈਠੀ ਹੈ :

ਅੱਡ ਹੋਊਂਗੀ ਤੇ ਖੰਡ ਘਿਉ ਪਾਊਂਗੀ,
ਰੁੱਖੀ ਸੁੱਖੀ ਖਾ ਲੈ ਵੀਰਨਾ।

ਭੈਣਾਂ ਦੇ ਚਾਅ ਵੀਰ ਹੀ ਪੂਰਦਾ ਹੈ। ਕਿਸੇ ਵੀ ਸੁਗਾਤ ਦੀ ਮੰਗ ਵੇਲੇ ਸੰਕੋਚਤਾ ਨੂੰ ਪਿਛੋਕੜ ਵਿਚ ਹੀ ਰੱਖਿਆ ਜਾਂਦਾ ਹੈ :

ਖੱਟੀ ਕੁੜਤੀ ਗੁਲਾਬੀ ਲੀੜਾ,
ਸਰਦਾ ਤਾਂ ਦੇ ਦੇ ਵੀਰਨਾ।...

ਮੇਰਾ ਆਰਸੀ ਤੋਂ ਹੱਥ ਖਾਲੀ,
ਵੀਰਾ ਵੇ ਮੁਰੱਬੇ ਵਾਲਿਆ।...

ਘਟਾ ਆਣ ਕੇ ਬਨੇਰੇ ਕੋਲੋਂ ਮੁੜ ਗਈ,
ਵੀਰਾ ਕੁਝ ਪੁੰਨ ਕਰ ਦੇ।...

ਭੈਣ ਤੁਰ ਗਈ ਸੰਦੂਖੋਂ ਖਾਲੀ,
ਵੀਰਾ ਵੇ ਮੁਰੱਬੇ ਵਾਲਿਆ।

ਇਸ ਰਿਸ਼ਤੇ ਵਿਚ ਖਿਚੋਤਾਣ ਤਦ ਪੈਦਾ ਹੁੰਦੀ ਹੈ ਜਦ ਭੈਣ ਭਰਾ ਦੀ ਅਧਿਕਾਰਨਾ ਪੁਜੀਸ਼ਨ ਤੋਂ ਈਰਖਾ ਕਰਦੀ ਹੈ। ਪਰ ਇਹ ਤਣਾਉ ਪਰਿਵਾਰ ਦੀ ਸਥਿਰਤਾ ਲਈ ਨੁਕਸਾਨ ਦੇਹ ਨਹੀਂ ਹੁੰਦਾ ਕਿਉਂਕਿ ਭੈਣ ਕੁੱਝ ਸਮੇਂ ਬਾਅਦ ਮਾਪਿਆਂ ਦਾ ਘਰ ਛੱਡ ਜਾਂਦੀ ਹੈ। ਉਹਦੀਆਂ ਸਾਰੀਆਂ ਸ਼ਕਤੀਆਂ ਵਿਆਹ ਹੋਣ ਨਾਲ ਖ਼ਤਮ ਹੋ ਜਾਂਦੀਆਂ ਹਨ।[33] ਪਰ ਗੱਲ ਕੇਵਲ ਵਿਆਹ ਤੱਕ ਹੀ ਸੀਮਤ ਨਹੀਂ ਕਿਉਂਕਿ ਅਜੋਕੇ ਐਕਟ ਅਨੁਸਾਰ ਭੈਣਾਂ ਜਾਇਦਾਦ ਦਾ ਹਿੱਸਾ ਵੰਡਾਉਣ ਲੱਗ ਪਈਆਂ ਹਨ ਜਿਹੜਾ ਉਨ੍ਹਾਂ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੀ ਉਮਰ ਲਈ ਰਾਖਵਾਂ ਹੁੰਦਾ ਹੈ। ਜਿਥੇ ਭੈਣ ਜਾਇਦਾਦ ਦੇ ਮਸਲੇ ਨੂੰ ਠੱਪ ਹੀ ਰਹਿਣ ਦੇਂਦੀ ਹੈ ਉਥੇ ਇਹ ਰਿਸ਼ਤਾ ਜਿਵੇਂ ਦਾ ਤਿਵੇਂ ਕਾਇਮ ਹੈ। ਜਦ ਭੈਣ ਵੰਡ-ਨੀਤੀ ਅਪਣਾਉਂਦੀ ਹੈ ਤਾਂ ਭੈਣ ਭਰਾ ਵਿਚਕਾਰ ਦੁਫੇੜ ਸ਼ੁਰੂ ਹੋ ਜਾਂਦੀ ਹੈ। ਭਾਵੇਂ ਅਜਿਹੀ ਸਥਿਤੀ ਵਿਚ ਭੈਣ ਸਵਾਰਥੀ ਹੁੰਦੀ ਹੈ ਪਰ ਉਹ ਭਰਾ ਨਾਲ ਨਾਤਾ ਕਾਇਮ ਰੱਖਣ ਦੀ ਨੀਤੀ ਕਾਰਣ ਭਰਾ ਦੀ ਬਜਾਏ ਭਰਜਾਈ ਨੂੰ ਹੀ ਇਲਜ਼ਾਮ ਦਿੰਦੀ ਹੈ :

ਕਲਜੁਗ ਦੀ ਜੰਮੀ ਭਰਜਾਈ,
ਵੀਰ ਮੇਰਾ ਸਤਿਜੁਗ ਦਾ।

ਅਸੀਂ ਪਹਿਲਾਂ ਵਿਚਾਰ ਕਰ ਚੁੱਕੇ ਹਾਂ ਕਿ ਸਵਾਰਥਾਧੀਨ ਹੋਣ ਤੇ ਫਿੱਕ ਨੂੰ ਜਨਮ ਮਿਲਣਾ ਕੁਦਰਤੀ ਹੈ। ਉਹੋ ਭੈਣ ਜਿਹੜੀ ਵੀਰ ਥੱਲੇ ਪੱਟ ਦਰਿਆਈ ਵਿਛਾਉਂਦੀ ਸੀ ਵੀਰ ਆਏ ਤੇ ਵਾਜੇ ਵਜਾਉਂਦੀ ਸੀ, ਡਿਓੜੀ ਨੂੰ ਸ਼ੀਸ਼ੇ ਜੜਵਾਉਂਦੀ ਸੀ, ਕੱਚੀ ਲੱਸੀ ਦੀ ਥਾਂ ਦੁੱਧ ਪਿਆਉਂਦੀ ਸੀ, ਰੋਟੀ ਦੀ ਜਗ੍ਹਾ ਗਰੀ ਛੁਹਾਰੇ ਖਵਾਉਂਦੀ ਸੀ ਤੇ :

ਚਾਚੇ ਦਾ ਪੁੱਤ ਭਰਾ ਲੱਗਦਾ ਕੋਲੋਂ ਦੀ ਲੰਘ ਗਿਆ,
ਜੇ ਵੀਰ ਹੁੰਦਾ ਆਪਣਾ ਨਦੀਆਂ ਚੀਰ ਮਿਲੇ।

ਕਹਿਣ ਵਾਲੀ ਜਦੋਂ ਆਪ ਹੀ ਨਿਰਮੋਹੀ ਜਾਂ ਸਵਾਰਥੀ ਹੋ ਜਾਵੇ ਤਾਂ ਰਿਸ਼ਤੇ ਵਿਚ ਇਕ ਨਾ ਮਿਟ ਸਕਣ ਵਾਲੀ ਲਕੀਰ ਪੈ ਜਾਂਦੀ ਹੈ। ਪਰ ਸਾਧਾਰਣ ਸਥਿਤੀ ਵਿਚ ਇਹ ਅਜਿਹਾ ਰਿਸ਼ਤਾ ਹੈ ਜੋ ਕਦੇ ਨਹੀਂ ਟੁੱਟਦਾ। "ਪਤੀ ਪਤਨੀ ਦਾ ਰਿਸ਼ਤਾ ਕਦੀ ਵੀ ਟੁੱਟ ਸਕਦਾ ਹੈ, ਪਰ ਭੈਣ ਭਰਾ ਦਾ ਰਿਸ਼ਤਾ ਫਿਰ ਵੀ ਕਾਇਮ ਰਹਿੰਦਾ ਹੈ"।[34] ਵਿਆਹ ਉਪਰੰਤ ਇਹ ਧੀਆਂ ਪੁੱਤਰਾਂ ਦੇ ਮਾਮਾ ਤੇ ਭੂਆ ਬਣ ਕੇ ਵਿਚਰਦੇ ਹਨ। ਇਸ ਤਰ੍ਹਾਂ ਇਨ੍ਹਾਂ ਦਾ ਸੰਬੰਧ ਉਮਰ ਦੇ ਪਹਿਲੇ ਹਿੱਸੇ ਭਾਵ ਵਿਆਹ ਪੂਰਵ ਪ੍ਰਗਟ ਹੁੰਦਾ ਹੈ ਤੇ ਦੂਜੇ ਹਿੱਸੇ ਵਿਚ ਇਸ ਦਾ ਸਭਿਆਚਾਰਕ ਪ੍ਰਗਟਾਵਾ ਭੂਆ ਅਤੇ ਮਾਮਾ ਬਣਕੇ ਹੁੰਦਾ ਹੈ।

## ਭੈਣ-ਭੈਣ ਦਾ ਰਿਸ਼ਤਾ

ਭੈਣ-ਭੈਣ ਦਾ ਰਿਸ਼ਤਾ ਇਕੋ ਸਮੇਂ ਹਮਰਾਜ਼ਾਂ, ਸਹੇਲੀਆਂ ਤੇ ਮੱਦਦਗਾਰਾਂ ਦੀ ਪ੍ਰਕਿਰਤੀ ਦਾ ਧਾਰਣੀ ਹੁੰਦਾ ਹੋਇਆ ਸਮਾਜਕ ਪਰਿਸਥਿਤੀਆਂ ਦੇ ਅਨੁਕੂਲ ਆਪਣਾ ਰੰਗ ਬਦਲਦਾ ਰਹਿੰਦਾ ਹੈ। ਵਿਆਹ ਤੋਂ ਪਹਿਲਾਂ ਉਹ ਇਕੱਠੀਆਂ ਮਾਪਿਆਂ ਦੇ ਘਰ ਅਜਿਹੀ ਛਤਰ ਛਾਇਆ ਹੇਠ ਪਲਦੀਆਂ ਹਨ ਜਿਸ ਵਿਚ ਸਮਾਜਕ ਬੰਦਿਸ਼ਾਂ ਦੀ ਓੜ ਉਨ੍ਹਾਂ ਦੇ ਅੰਗ ਸੰਗ ਰਹਿੰਦੀ ਹੈ। ਜਵਾਨੀ ਦੇ ਵਲਵਲੇ ਆਪ ਮੁਹਾਰੇ ਫੁਟ ਪੈਂਦੇ ਹਨ, ਡੱਕਿਆਂ ਡੱਕੇ ਨਹੀਂ ਰਹਿੰਦੇ। ਇਨ੍ਹਾਂ ਵਲਵਲਿਆਂ ਨੂੰ ਪ੍ਰਗਟਾਉਣ ਲਈ ਸਮਾਜਕ ਪ੍ਰਵਾਨਗੀ ਜ਼ਰੂਰੀ ਹੈ। ਅਜਿਹੀ ਪ੍ਰਵਾਨਗੀ ਦੀ ਸਵੀਕਿਤੀ ਮਿਲਣਾ ਤਾਂ ਇਕ ਪਾਸੇ ਰਿਹਾ, ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਜਿਸ ਕਾਰਣ ਔਰਤ ਵਰਗ ਆਪਣੀਆਂ ਭਾਵਨਾਵਾਂ ਨੂੰ ਕਿਸੇ ਦੂਜੀ ਧਿਰ ਨਾਲ ਸਾਂਝਿਆਂ ਕਰਕੇ ਜਾਂ ਗੀਤ ਦੀ ਸਿਰਜਣਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਕੇ ਹੀ ਪ੍ਰਗਟਾ ਸਕਦੀ ਸੀ। ਭੈਣਾਂ ਭੈਣਾਂ ਦੇ ਆਪਸੀ ਸੰਬੰਧਾਂ ਵਿਚ ਇਕ ਰਾਜ਼ ਹੁੰਦਾ ਹੈ। ਭੈਣ ਆਪਣੀ ਅਛੋਪਲੀ ਪ੍ਰੀਤ ਨੂੰ ਭੈਣ ਨਾਲ ਹੀ ਸਾਂਝਿਆਂ ਕਰ ਸਕਦੀ ਹੈ ਕਿਉਂਕਿ ਉਹ ਲੋੜ ਪੈਣ ਤੇ ਮੱਦਦਗਾਰ ਵੀ ਸਾਬਤ ਹੋ ਸਕਦੀ ਹੈ।

ਪੰਜਾਬੀ ਲੋਕ ਗੀਤਾਂ ਵਿਚ ਭੈਣਾਂ ਭੈਣਾਂ ਦੇ ਰਿਸ਼ਤੇ ਦਾ ਉਲੇਖ ਨਾ ਹੋਇਆਂ ਬਰਾਬਰ ਹੈ ਇਸ ਦਾ ਕਾਰਣ ਸ਼ਾਇਦ ਉਨ੍ਹਾਂ ਦਾ ਘਟ ਸਮਾਜਕ ਰੋਲ ਹੈ। ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਇਕ ਦੋ ਗੀਤਾਂ ਤੋਂ ਸਿਵਾਏ ਕੋਈ ਗੀਤ ਨਹੀਂ ਮਿਲ ਸਕਿਆ, ਉਹ ਵੀ ਗ੍ਰਹਿਸਤ ਮਾਰਗ ਅਪਨਾ ਲੈਣ ਤੋਂ ਬਾਅਦ ਦੇ ਹੀ। ਸਮਾਜਕ ਪ੍ਰਥਾਵਾਂ ਅਨੁਸਾਰ ਵੱਡੀ ਭੈਣ ਛੋਟੀ ਭੈਣ ਦਾ ਰਿਸ਼ਤਾ ਆਪਣੇ ਸਹੁਰੇ ਘਰ ਵਾਲੇ ਪੱਖ ਦੇ ਸੰਬੰਧੀਆਂ ਵਿਚ ਹੀ ਕਰਵਾ ਦਿੰਦੀ ਹੈ ਕਿਉਂਕਿ ਉਹ ਸਮਾਜਕ ਮੇਲਜੋਲ ਵਿਚ ਉਨ੍ਹਾਂ ਦੀ ਦੁਨੀਆ ਵਿਚ ਵਿਚਰੀ ਹੁੰਦੀ ਹੈ। ਅਜਿਹਾ ਸੋਚ ਕੇ ਕਿ ਉਸ ਦੀ ਭੈਣ ਸੁਖੀ ਵੱਸ ਸਕੇ, ਉਹ ਅਜਿਹਾ ਕਰਦੀ ਹੈ। ਇਸ ਤਰ੍ਹਾਂ ਉਹ ਭੈਣ ਦੀ ਵਿਚੋਲਣ ਹੋ ਨਿਬੜਦੀ ਹੈ। ਇਹ ਰਿਸ਼ਤਾ ਟਾਬਰੀ ਦੀਆਂ ਬਾਹਵਾਂ ਮਜ਼ਬੂਤ ਕਰਨ ਲਈ ਆਮ ਤੌਰ ਤੇ ਆਪਣੇ ਦਿਉਰ ਨੂੰ ਹੀ ਕਰਵਾਇਆ ਜਾਂਦਾ ਹੈ ਜਿਸ ਨਾਲ ਉਨ੍ਹਾਂ ਦਾ ਸਾਕ ਦੂਹਰਾ ਹੋ ਜਾਂਦਾ ਹੈ। ਜਿਥੇ ਉਹ ਪੇਕੇ ਘਰ ਭੈਣਾਂ ਭੈਣਾਂ ਸਨ, ਉਥੇ ਸਹੁਰੇ ਘਰ ਦਰਾਣੀ ਜਠਾਣੀ :

ਮਧਾਣੀਆਂ ਮਧਾਣੀਆਂ ਮਧਾਣੀਆਂ,
ਪੇਕੇ ਅਸੀਂ ਭੈਣਾਂ ਲੱਗੀਏ,
ਸਹੁਰੇ ਲੱਗੀਏ ਦਰਾਣੀਆਂ ਜਠਾਣੀਆਂ।

ਪੇਕੇ ਘਰ ਦਾ ਜੀਵਨ ਹਰੇਕ ਲੜਕੀ ਦੀ ਮਾਨਸਿਕ ਚੇਤਨਾ ਦਾ ਅੰਗ ਬਣਿਆ ਰਹਿੰਦਾ ਹੈ। ਜਿਥੇ ਉਹ ਵੀਰ, ਮਾਪਿਆਂ ਤੇ ਹੋਰ ਸਾਕ ਸੰਬੰਧੀਆਂ ਨੂੰ ਯਾਦ ਕਰਕੇ ਅੱਖਾਂ 'ਚੋਂ ਅੱਥਰੂ ਕੇਰਦੀ ਹੈ ਉਥੇ ਪਿਛੋਕੜ ਵਿਚ ਬਿਤਾਏ ਤੇ ਭੋਗੇ ਸਾਂਝੇ ਰਾਜ਼ਾਂ ਵੱਲ ਵੀ ਜਦ ਧਿਆਨ ਜਾਂਦਾ ਹੈ ਤਾਂ ਉਹ ਉਸ ਵੇਲੇ ਨੂੰ (ਜਦੋਂ ਭੈਣਾਂ ਭੈਣਾਂ ਇਕੱਠੀਆਂ ਸਨ) ਯਾਦ ਕਰਦੀ ਹੋਈ ਗੀਤ ਦਾ ਅਚੇਤਾ ਬਣਦੀ ਹੈ ਜਿਸ ਤੋਂ ਰਿਸ਼ਤੇ ਦੀਆਂ ਅੰਤਰਮੁਖੀ ਤਹਿਆਂ ਉਘੜਦੀਆਂ ਹਨ :

ਚੌਂਕੇ ਵਿਚ ਬੈਠ ਕੇ ਬਣਾਵਾਂ ਮੱਠੀਆਂ,
ਉਹ ਦਿਨ ਯਾਦ ਆਉਂਦਾ
ਜਿਸ ਦਿਨ ਭੈਣਾਂ ਭੈਣਾਂ ਸੀ ਕੱਠੀਆਂ।

ਜਦੋਂ ਭੈਣ ਸਹੁਰੇ ਘਰੋਂ ਦੁੱਖ ਦਾ ਸੁਨੇਹਾ ਕਾਂ ਨੂੰ ਲਾਗੀ ਬਣਾ ਕੇ ਭੇਜਦੀ ਹੈ ਤਾਂ ਜਿਥੇ ਉਹ ਵੀਰ ਤੋਂ ਸਿਵਾਏ ਹੋਰਨਾਂ ਨੂੰ ਨਾ ਦੱਸਣ ਬਾਰੇ ਪੱਕੀ ਕਰਦੀ ਹੈ ਉਥੇ ਭੈਣ ਦਾ ਵੀ ਜ਼ਿਕਰ ਨਾ ਦੱਸਣ ਵਾਲਿਆਂ ਵਿਚ ਆਉਂਦਾ ਹੈ। ਉਹ ਕਲਪਨਾ ਅਧੀਨ ਸੋਚਦੀ ਹੈ ਕਿ ਜਦ ਉਸ ਦੀ ਭੈਣ ਨੂੰ ਉਹ ਦਿਨ ਯਾਦ ਆਏ ਜਦ ਇਕੱਠੀਆਂ ਖੇਡਦੀਆਂ ਮੱਲਦੀਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ ਤਾਂ ਉਸ ਦਾ ਦੁੱਖ ਸੁਣ ਕੇ ਉਸ ਪਾਸੋਂ ਜਰਿਆ ਨਹੀਂ ਜਾਣਾ :

ਇਕ ਨਾ ਦੱਸੀ ਮੇਰੀ ਭੈਣ ਨੂੰ,
ਰੋਏਗੀ ਤ੍ਰਿੰਞਣਾਂ ਨੂੰ ਛੋੜ ਕੇ ।

ਭੈਣਾਂ ਦੇ ਵਿਆਹ ਉਪਰੰਤ ਉਨ੍ਹਾਂ ਦੇ ਪਤੀ ਸਾਂਢੂ ਸਾਂਢੂ ਬਣ ਜਾਂਦੇ ਹਨ। ਉਹ ਭਾਵੇਂ ਲੱਖ ਲੜਦੇ ਭਿੜਦੇ ਰਹਿਣ ਭੈਣਾਂ ਵਸੇਂ ਵਸੇਂ ਲਹੂ ਨੂੰ ਪਾਣੀ ਨਹੀਂ ਹੋਣ ਦਿੰਦੀਆਂ :

ਭੈਣਾਂ ਭੈਣਾਂ ਕਦੇ ਨਾ ਲੜੀਆਂ,
ਸਾਂਢੂ ਮਰ ਗਏ ਖਹਿ ਕੇ,
ਕੋਇਲਾਂ ਬੋਲਦੀਆਂ ਵਿਚ ਬਾਗਾਂ ਦੇ ਬਹਿ ਕੇ ।

ਮਾਵਾਂ ਦੇ ਰੋਲ ਵਿਚ ਉਹ ਇਕ ਦੂਜੀ ਦੇ ਬੱਚਿਆਂ ਦੀਆਂ ਮਾਸੀਆਂ ਬਣ ਕੇ ਵਿਚਰਦੀਆਂ ਹਨ। ਮਾਸੀ ਦਾ ਸਾਕ ਸਾਡੇ ਸਭਿਆਚਾਰ ਵਿਚ ਲੈਣ ਦੇਣ ਦੇ ਪੱਖੋਂ ਸਭ ਤੋਂ ਅੱਗੇ ਹੈ ਜਿਸ ਤੋਂ ਇਸ ਰਿਸ਼ਤੇ ਦੀ ਘਣਤਾ ਉਜਾਗਰ ਹੁੰਦੀ ਹੈ।

ਤਸਵੀਰ ਦਾ ਦੂਜਾ ਪਾਸਾ ਵੀ ਨਾਲ ਹੈ। ਜਦੋਂ ਉਹ ਮਾਪਿਆਂ ਦੀ ਜਾਇਦਾਦ ਦੀਆਂ ਮਾਲਕ ਬਣਦੀਆਂ ਹਨ (ਅਜਿਹਾ ਅਜਿਹੀ ਸੂਰਤ ਵਿਚ ਹੁੰਦਾ ਹੈ ਜਦ ਉਨ੍ਹਾਂ ਦਾ ਕੋਈ ਭਰਾ ਨਾ ਹੋਵੇ) ਤਾਂ ਉਹ ਸ਼ਰੀਕਾਂ ਵਾਲਾ ਰਵੱਈਆ ਵੀ ਅਖਤਿਆਰ ਕਰ ਲੈਂਦੀਆਂ ਹਨ। ਇਥੋਂ ਤੱਕ ਕਿ ਕਈ ਵਾਰੀ ਤਾਂ ਇਨ੍ਹਾਂ ਵਿਚ ਬੋਲਣ ਦੀ ਸਾਂਝ ਵੀ ਨਹੀਂ ਰਹਿੰਦੀ ਤੇ ਅੱਗੋਂ ਉਨ੍ਹਾਂ ਦੇ ਧੀਆਂ ਪੁੱਤਰ ਉਸੇ ਮਰਯਾਦਾ ਨੂੰ ਪਾਲਦੇ ਹੋਏ ਦੁਸ਼ਮਣਾਂ ਦੇ ਰੂਪ 'ਚ ਪੇਸ਼ ਆਉਂਦੇ ਹਨ ਜਿਸ ਨਾਲ ਰਿਸ਼ਤਾ ਖੰਡਿਤ ਹੋ ਜਾਂਦਾ ਹੈ।

ਇਹੋ ਕਹਿਣਾ ਮੁਨਾਸਬ ਲੱਗਦਾ ਹੈ ਕਿ ਜਿਥੇ ਕਿਤੇ ਇਹ ਰਿਸ਼ਤਾ ਸਵਾਰਥ ਰਹਿਤ ਹੈ ਉਥੇ ਇਸ ਵਿਚ ਨਿੱਘ ਹੈ, ਦੋਸਤੀ ਹੈ, ਮੁਹੱਬਤ ਹੈ ਤੇ ਸੁੱਖ ਸਾਂਦ ਦੀ ਤਮੰਨਾ ਹੈ। ਪਰ ਸਵਾਰਥੀ ਬਿਰਤੀਆਂ ਅਧੀਨ ਇਹ ਵੀ ਹੋਰ ਰਿਸ਼ਤਿਆਂ ਵਾਂਗ ਤਰੇੜਾਂ ਦਾ ਸ਼ਿਕਾਰ ਹੋ ਕੇ ਖੁਰਦਰਾ ਹੋ ਜਾਂਦਾ ਹੈ।

## ਭਰਾ-ਭਰਾ ਦਾ ਰਿਸ਼ਤਾ

''ਆਪਣੇ ਆਪਣੇ ਹੀ ਹੁੰਦੇ ਹਨ'' ਅਖਾਉਤ ਅਸੀਂ ਆਮ ਹੀ ਆਪਣੇ ਬਜ਼ੁਰਗਾਂ ਪਾਸੋਂ ਸੁਣਦੇ ਹਾਂ, ਜਿਸ ਵਿਚ ਸਿੱਧੇ ਅਸਿੱਧੇ ਰੂਪ 'ਚ ਭਰਾਵਾਂ ਦੇ ਸੰਬੰਧ ਦੀ ਮਹਾਨਤਾ ਹੀ ਦਰਸਾਈ ਜਾਂਦੀ ਹੈ। ਭਰਾ ਭਰਾ ਦਾ ਰਿਸ਼ਤਾ ਵੀ ਵਿਆਹ ਪੂਰਵ ਤੇ ਵਿਆਹ ਉਪਰੰਤ ਵਿਭਿੰਨ ਪ੍ਰਕਾਰ ਦੀਆਂ ਪਰਵਿਰਤੀਆਂ ਗ੍ਰਹਿਣ ਕਰਦਾ ਹੈ। ਇਸ ਦੇ ਅੰਤਰਗਤ ਵਿਰਾਸਤ ਦੀ ਉਤਰਾਧਿਕਾਰਤਾ ਦੀ ਬਿਰਤੀ ਹੀ ਅਜਿਹੇ ਹਾਲਾਤਾਂ ਨੂੰ ਜਨਮ ਦੇਂਦੀ ਹੈ। ਵਿਆਹ ਤੋਂ ਪਹਿਲਾਂ ਇਹ ਰਿਸ਼ਤਾ ਨਿੱਘ ਤੇ ਹੁਲਾਸ ਭਰਿਆ ਹੁੰਦਾ ਹੈ। ਸੁਹਿੰਦਰ ਸਿੰਘ ਬੇਦੀ ਦੇ ਸ਼ਬਦਾਂ ਵਿਚ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰਾਵਾਂ ਵਿਚ ਅਕਸਰ ਨਿੱਘਾ ਤੇ ਸਨੇਹ ਭਰਿਆ ਵਿਵਹਾਰ ਹੁੰਦਾ ਹੈ। ਉਹ ਬ੍ਰਿਛ ਦੀਆਂ ਵੱਖੋ ਵੱਖ ਟਾਹਣੀਆਂ ਵਾਂਗ ਇਕ ਦੂਜੇ ਨੂੰ ਛਾਉਂ ਤੇ ਸ਼ਕਤੀ ਦਿੰਦੇ ਹਨ ਤੇ ਦੁੱਖ ਸੁੱਖ ਵਿਚ ਇਕ ਦੂਜੇ ਦੇ ਸ਼ਰੀਕ ਬਣਦੇ ਹਨ।[35]

''ਭਰਾ ਭਰਾਵਾਂ ਦੇ ਚਿੱਚੜ ਕਾਵਾਂ ਦੇ'' ਅਖਾਉਤ ਵੀ ਭਰਾਵਾਂ ਦੇ ਸਨੇਹ ਭਰਪੂਰ ਰਿਸ਼ਤੇ ਦੀ ਤਰਜਮਾਨੀ ਕਰਦੀ ਹੈ। ਦੋ ਭਰਾਵਾਂ ਦੀ ਸਮਰੱਥਾ ਉਂਜ ਹੀ ਲੋਕਾਂ ਦੀਆਂ ਨਜ਼ਰਾਂ 'ਚ ਦੁਗਣੀ ਹੋ ਜਾਂਦੀ ਹੈ :

ਪੱਗਾਂ ਖੱਟੀਆਂ ਤੇ ਵੇਖਣ ਜੱਟੀਆਂ,
ਦੋ ਵੀਰ ਘੋੜੀਆਂ ਉਤੇ।

ਪੰਜਾਬੀ ਪਰਿਵਾਰਾਂ ਵਿਚ ਵੱਡੇ ਭਰਾ ਦੀ ਕਾਰਮੁਖਤਾਰੀ ਹੁੰਦੀ ਹੈ। ਉਹ ਜਿਥੇ ਛੋਟੇ ਭਰਾਵਾਂ ਨੂੰ ਕੰਮ ਵੰਡ ਕੇ ਦਿੰਦਾ ਹੈ ਉਥੇ ਆਪ ਵੀ ਆਪਣੀ ਜਿੰਮੇਵਾਰੀ ਦਾ ਖ਼ਿਆਲ ਰੱਖਦਾ ਹੈ। ਕਿਉਂਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਸੰਗਠਿਤ ਪਰਿਵਾਰਾਂ ਵਿਚ ਦੁਫੇੜ ਪੈਣ ਦਾ ਡਰ ਰਹਿੰਦਾ ਹੈ :

ਸੌਣ ਮਹੀਨੇ ਬੱਦਲ ਪੈ ਗਿਆ,
ਹਲੀਆ ਜੋੜ ਕੇ ਜਾਈਂ।
ਬਾਰਾਂ ਘੁਮਾਂ ਦਾ ਵਾਹਣ ਆਪਣਾ,
ਬਾਜਰਾ ਬੀਜ ਕੇ ਆਈਂ।
ਨੱਕਿਆਂ ਦਾ ਤੈਨੂੰ ਗ਼ਮ ਨਾ ਕੋਈ,
ਨੱਕੇ ਛੱਡਾਂ ਮੈਂ ਤੜਕੇ।

ਅਜਿਹੇ ਸਹਿਯੋਗਾਤਮਕ ਵਿਵਹਾਰ ਵਿਚ ਭਰਾ ਨੂੰ ਭਰਾ ਦੀ ਮਿਲਣੀ ਕਿੰਨੀ ਨਿੱਘੀ ਹੈ :

ਵੀਰ ਨੂੰ ਵੀਰ ਮਿਲੇ,
ਵੱਟ ਤੇ ਗੋਪੀਆਂ ਧਰ ਕੇ।

ਰਲ ਕੇ ਬੈਠੇ ਭਰਾ ਕਿਸੇ ਨੂੰ ਵੀ ਇਕ ਸੰਗਠਿਤ ਫੌਜ ਤੋਂ ਘੱਟ ਨਹੀਂ ਲੱਗਦੇ :

ਮਹਿੰਦੀ, ਮਹਿੰਦੀ, ਮਹਿੰਦੀ,
ਫੌਜ ਭਰਾਵਾਂ ਦੀ,
ਤਖ਼ਤ ਪੋਸ਼ ਤੇ ਬਹਿੰਦੀ।

ਭਰਾ ਦੇ ਸਹਿਯੋਗ ਬਿਨਾ ਭਰਾ ਨਿਆਸਰਾ ਹੈ, ਸ਼ਰੀਕੇ ਵਾਲੇ ਤਾਹਨੇ ਮਾਰਦੇ ਹਨ ਪਰ ਜਦ ਉਹ ਸੰਯੁਕਤ ਰੂਪ ਧਾਰਨ ਕਰ ਲੈਂਦੇ ਹਨ ਤਾਂ ਉਹ ਆਪਣੇ ਆਪ ਨੂੰ ਕਈ ਗੁਣਾਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੱਧ ਸ਼ਕਤੀਸ਼ਾਲੀ ਮਹਿਸੂਸ ਕਰਨ ਲੱਗ ਪੈਂਦੇ ਹਨ ਜਿਸ ਦਾ ਸਪਸ਼ਟ ਉਲੇਖ ਨਿਮਨ ਗੀਤ ਵਿਚ ਹੋਇਆ ਹੈ :

ਪਿੰਡਾਂ ਵਿਚੋਂ ਪਿੰਡ ਸੁਣੀਂਦਾ,
ਪਿੰਡ ਸੁਣੀਂਦਾ ਆਲੇ ।
ਭਾਈਆਂ ਬਾਝ ਨਾ ਸੋਹਣ ਮਜਲਸਾਂ,
ਸੋਂਹਏ ਭਾਈਆਂ ਵਾਲੇ ।
ਹੋਣ ਉਨ੍ਹਾਂ ਦੀਆਂ ਸੌ ਸੌ ਬਾਹਵਾਂ,
ਭਾਈ ਜਿਨ੍ਹਾਂ ਦੇ ਬਾਹਲੇ ।
ਬਾਝ ਭਰਾਵਾਂ ਦੇ,
ਮੈਨੂੰ ਘੂਰਦੇ ਸ਼ਰੀਕੇ ਵਾਲੇ ।

ਭਰਾਵਾਂ ਵਿਚ ਬਰਦਾਸ਼ਤ ਦੀ ਹੱਦ ਕਿਸੇ ਸੀਮਾ ਤੱਕ ਹੁੰਦੀ ਹੈ । ਜੇਕਰ ਇਕ ਭਰਾ ਨੂੰ ਘਰ ਦੇ ਜ਼ਿਆਦਾ ਕੰਮ ਕਰਨੇ ਪੈਣ, ਖ਼ਾਸ ਕਰ ਉਸ ਸਮੇਂ ਜਦੋਂ ਵਿਆਹੇ ਭਰਾ ਦੀ ਪਤਨੀ ਦੇ ਕੰਮ ਵੀ ਉਸ ਨੂੰ ਕਰਨੇ ਪੈਣ, ਤਾਂ ਮੱਲੋ ਮੱਲੀ ਉਸ ਦੀ ਚੇਤਨਾ ਨਿਮਨ ਗੀਤ ਜ਼ਾ ਪ੍ਰਗਟਾਵਾ ਕਰ ਦਿੰਦੀ ਹੈ :

ਸੁਣ ਲੈ ਵੀਰਨਾ ਗੱਲ ਤੂੰ ਮੇਰੀ,
ਸੁਣ ਲੈ ਮਨ ਚਿੱਤ ਲਾ ਕੇ ।
ਤੜਕੇ ਉੱਠ ਕੇ ਦੁੱਧ ਮੈਂ ਰਿੜਕਾਂ,
ਬਲਦਾਂ ਨੂੰ ਪੱਠੇ ਪਾ ਕੇ ।
ਦਸ ਸੈਂ ਟੋਕਰੇ ਗੋਹੇ ਦੇ ਸੁੱਟਦਾ,
ਗਾਈਆਂ ਵੱਗ ਰਲਾ ਕੇ ।
ਦਿਨ ਰਾਤ ਮੈਂ ਭੌਂਦਾ ਫਿਰਦਾ,
ਤੂੰ ਆਕੜਦਾਂ ਹੱਲ ਵਾਹ ਕੇ ।

ਗੱਲ ਬਹੁਤੇ ਕੰਮ ਦੀ ਨਹੀਂ, ਜਿੰਨੀ ਕਿ ਸ਼ਰੀਕਾ-ਭਾਵਨਾ ਦੀ ਹੈ । ਪੂਰਵ ਵਿਆਹ ਭਰਾਵਾਂ ਵਿਚਕਾਰ ਆਪਸੀ ਮਿਲਵਰਤਣ ਤੇ ਸਨੇਹ ਅਨੂਠੀ ਸਾਂਝ ਦਾ ਪ੍ਰਗਟਾਵਾ ਕਰਦਾ ਹੈ ਪਰ ਵਿਆਹ ਉਪਰੰਤ ਜਾਇਦਾਦ ਦੀ ਵਾਰਸੀ ਦਾ ਮਾਮਲਾ ਖੜਾ ਹੋ ਜਾਣ ਕਾਰਣ ਕਈ ਵਾਰ ਭਰਾ ਭਰਾ ਸਿਰ ਵੱਢ ਵੈਰੀ ਹੋ ਜਾਂਦੇ ਹਨ । ਜਦ ਤਕ ਪਰਿਵਾਰ ਸੰਯੁਕਤ ਹੁੰਦਾ ਹੈ ਨਿੱਕੇ ਭਰਾ ਆਪਣੀ ਸਮਾਜਕ ਦਿੱਖ ਦੀ ਸੰਪੂਰਣਤਾ ਨੂੰ ਪ੍ਰਾਪਤ ਨਹੀਂ ਕਰ ਸਕਦੇ । ਜਦੋਂ ਛੋਟੇ ਭਰਾ ਆਦਮੀਅਤ (manhood) ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ ਤਾਂ ਇਥੋਂ ਹੀ ਵਿਰੋਧ ਪੈਦਾ ਹੁੰਦਾ ਹੈ ।[36] ਸਾਰੇ ਦੁਫਾੜ ਹੋ ਜਾਂਦੇ ਹਨ ਤੇ ਸੰਗਠਿਤ ਸ਼ਕਤੀ ਖੇਰੂੰ ਖੇਰੂੰ ਹੋ ਜਾਂਦੀ ਹੈ । ਸੁਹਿੰਦਰ ਸਿੰਘ ਬੇਦੀ ਅਨੁਸਾਰ :


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਹ ਤੋਂ ਪਹਿਲਾਂ ਸਾਰੇ ਭਰਾ ਗੁਲਦਸਤੇ ਵਾਂਗ ਇਕ ਦੂਜੇ ਨਾਲ ਬੱਝੇ, ਸਾਰੇ ਘਰ ਵਿਚ ਮਹਿਕ ਖਿੰਡਾਈ ਰੱਖਦੇ ਹਨ, ਪਰ ਵਿਆਹ ਪਿੱਛੋਂ ਉਨ੍ਹਾਂ ਵਿਚ ਝਗੜੇ ਤੇ ਤਕਰਾਰ ਸ਼ੁਰੂ ਹੋ ਜਾਂਦੇ ਹਨ। ਕਿਧਰੇ ਤਾਂ ਇਹ ਝਗੜੇ ਪਰਿਵਾਰਕ ਏਕਤਾ ਤੇ ਘਰੋਗੀ ਸ਼ਾਂਤੀ ਨੂੰ ਭੰਗ ਕਰ ਦੇਂਦੇ ਹਨ। ਜੱਦੀ ਜਾਇਦਾਦ ਦੀ ਵੰਡ ਵੇਲੇ ਵੀ ਕਿਧਰੇ ਕਿਧਰੇ ਵਾਤਸਲ ਪਿਆਰ ਤੇ ਲਿਹਾਜ਼ਦਾਰੀ ਨੂੰ ਛਿੱਕੇ ਟੰਗ ਦਿੱਤਾ ਜਾਂਦਾ ਹੈ ਤੇ ਜਨਮ ਤੋਂ ਚਲੀਆਂ ਆ ਰਹੀਆਂ ਸਾਂਝਾਂ ਦੁਸ਼ਮਣੀਆਂ ਵਿਚ ਵੱਟ ਜਾਂਦੀਆਂ ਹਨ।[37]

ਭਰਾ ਭਰਾ ਨੂੰ ਵੱਢਣ ਤੋਂ ਵੀ ਗੁਰੇਜ ਨਹੀਂ ਕਰਦਾ, ਜਿਥੇ ਲਿਹਾਜ਼ਦਾਰੀ ਨਾਂ ਦੀ ਕੋਈ ਚੀਜ਼ ਹੀ ਨਹੀਂ ਰਹਿ ਜਾਂਦੀ :

ਭਾਈਆਂ ਨੂੰ ਭਾਈ ਵੱਢਦੇ,<br>ਕਹੀਆਂ ਬਦਲੇ ਖੋਰੀਆਂ ਰਾਤਾਂ।

ਇਸ ਤਰ੍ਹਾਂ ਆਰਥਿਕ ਮਿਲਵਰਤਣ ਬਿਲਕੁਲ ਬੰਦ ਹੋ ਜਾਂਦਾ ਹੈ। ਭੁੱਖੇ ਮਰਦੇ ਭਰਾ ਨੂੰ ਭਰਾ ਰੋਟੀ ਦੀ ਬੁਰਕੀ ਦੇ ਕੇ ਰਾਜ਼ੀ ਨਹੀਂ ਹੁੰਦਾ। ਪਰ ਤੀਜੇ ਆਦਮੀ ਦੀ ਭਰਾ ਨੂੰ ਕਹੀ ਕੋਈ ਐਸੀ ਵੈਸੀ ਗੱਲ ਦੂਜੇ ਭਰਾ ਨੂੰ ਸਭ ਦੁਸ਼ਮਣੀਆਂ ਤਿਆਗ ਕੇ ਹਰ ਕੁਰਬਾਨੀ ਕਰਨ ਲਈ ਤਿਆਰ ਕਰ ਦਿੰਦੀ ਹੈ। ਕਿਉਂਕਿ ਇਕੱਲਾ ਆਦਮੀ ਕਦੇ ਵੀ ਪਿੰਡ ਵਿਚ ਆਪਣੇ ਦੁਸ਼ਮਣਾਂ ਦਾ ਮੁਕਾਬਲਾ ਨਹੀਂ ਕਰ ਸਕਦਾ ਜਦ ਤਕ ਉਹ ਆਪਣੇ ਆਪ ਨੂੰ ਇਕ ਸੰਗਠਨ ਵਿਚ ਨਹੀਂ ਬੰਨ੍ਹ ਲੈਂਦਾ। ਦਰਅਸਲ ਭਰਾ ਦੇ ਰਿਸ਼ਤੇ ਪਿੱਛੇ ਮਨੁੱਖੀ ਸ਼ਕਤੀ ਦੀ ਲੋੜ ਦੀ ਭਾਵਨਾ ਕੰਮ ਕਰਦੀ ਹੈ।[38] ਇਸੇ ਕਰਕੇ "ਭੱਜੀਆਂ ਬਾਹਾਂ ਗਲ ਨੂੰ ਹੀ ਆਉਂਦੀਆਂ ਹਨ" ਵਰਗੀ ਅਖਾਉਤ ਦੀ ਸਿਰਜਣਾ ਹੋਈ ਲੱਗਦੀ ਹੈ। ਵਾਰਸੀ ਦੇ ਦਖ਼ਲ ਕਾਰਣ ਇਹ ਰਿਸ਼ਤਾ ਨਰਮ ਤੋਂ ਸਖ਼ਤ ਹੋ ਜਾਂਦਾ ਹੈ।

ਇਸ ਤਰ੍ਹਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਰਾ ਸਮਾਜਕ ਜ਼ਿੰਦਗੀ ਵਿਚ ਇਕ ਦੂਜੇ ਦੀਆਂ ਬਾਹਵਾਂ ਬਣ ਕੇ ਜੀਵਨ ਪੰਧ ਕੱਟਦੇ ਹਨ। ਇਹ ਠੀਕ ਹੈ ਕਿ ਆਰਥਿਕਤਾ ਦੇ ਸਵਾਲ ਤੇ ਉਨ੍ਹਾਂ ਦੇ ਰਿਸ਼ਤੇ ਵਿਚ ਇਕ ਤ੍ਰੇੜ ਆਉਣੀ ਸ਼ੁਰੂ ਹੋ ਜਾਂਦੀ ਹੈ ਪਰ ਦੁੱਖ ਤਕਲੀਫ਼ ਵੇਲੇ ਫਿਰ ਭਰਾ ਹੀ ਕੰਮ ਆਉਂਦੇ ਹਨ। ਸ਼ਰੀਕ ਤਾਂ ਬਿਗਾਨੇ ਘਰ ਲੱਗੀ ਅੱਗ ਵੇਖ ਕੇ ਖਿੱਲੀ ਹੀ ਉਡਾਉਂਦਾ ਹੈ, ਪਰ ਭਰਾ ਫਿਰ ਵੀ ਆਪਣਾ ਲਹੂ ਹੋਣ ਦੇ ਨਾਤੇ ਭਰਾ ਦੇ ਦੁੱਖ ਨੂੰ ਸਮਝਦਾ ਹੋਇਆ ਹਰ ਸੁਵਿਧਾ ਪ੍ਰਦਾਨ ਕਰਨ ਲਈ ਬਿਰਤੀ ਰੱਖਦਾ ਹੈ। ਇਸੇ ਕਰਕੇ ਖੁਸ਼ੀ ਗ਼ਮੀ ਵੇਲੇ ਭਰਾਵਾਂ ਤੋਂ ਬਿਨਾ ਕੰਮ ਸੰਪੂਰਨ ਨਹੀਂ ਮੰਨਿਆ ਜਾਂਦਾ। ਗਿਲੇ ਸ਼ਿਕਵੇ ਦੂਰ ਕਰਕੇ ਭਰਾ ਫਿਰ ਇਕ ਦੂਜੇ ਦੇ ਹੋ ਜਾਂਦੇ ਹਨ। ਆਪਣੇ ਲਹੂ ਨਾਲ ਦੀ ਰੀਸ ਨਹੀਂ ਹੁੰਦੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਹਵਾਲੇ ਅਤੇ ਟਿਪਣੀਆਂ


1. A. C. Mayur, *Op.cit*,, p. 217
2. Claude Levi Strauss, *The Elementry Structure of Kinship*, p. 393.
3. Robert F Winch, *The Modern Family*, Pp. 445-46.
4. ਆਦਿ ਗ੍ਰੰਥ, ਪੰਨਾ 143,
5. ਉਹੀ ਰਚਨਾ, ਪੰਨਾ 136.
6. ਸਵਰਨ ਸਿੰਘ, 'ਪੰਜਾਬੀ ਕਿੱਸਾ ਸਾਹਿਤ ਦਾ ਸਭਿਆਚਾਰਕ ਅਧਿਐਨ (ਅਪ੍ਰਕਾਸ਼ਿਤ ਖੋਜ ਪ੍ਰਬੰਧ), ਪੰਨਾ 113.
7. ਸੁਹਿੰਦਰ ਸਿੰਘ ਬੇਦੀ, 'ਪੰਜਾਬ ਦੀ ਲੋਕਧਾਰਾ', ਪੰਨਾ 83.
8. *Encyclopaedia of Religion & Ethics*, p. 705.
9. Claude Levi Strauss, *Structural Anthropology*, p. 85.
10. Robert F. Winch, *Op. cit.*, q. 52.
11. Gardner Murphy, *Personality, A Biological Approach to Origions and Structure*, p. 512.
12. ਭੁਪਿੰਦਰ ਸਿੰਘ ਖਹਿਰਾ, ਉਹੀ ਰਚਨਾ, ਪੰਨਾ 163.
13. John J. Honigmann, *Understanding Culture*, p. 80.
14. ਲੈਵੀ ਸਤ੍ਰਾਸ, 'ਕੁਟੰਬ', 'ਮਾਨਵ ਸੰਸਕ੍ਰਿਤੀ ਤਥਾ ਸਮਾਜ', ਪੰਨਾ 270.
15. 'ਅੰਮ੍ਰਿਤਾ ਪ੍ਰੀਤਮ ਦਾ ਨਾਵਲ ਚੱਕ ਨੰਬਰ ਛੱਤੀ : ਵਫਾ ਦੀ ਗੱਲ' ? 'ਸੇਧ', ਮਾਰਚ 1978, ਪੰਨਾ 39.
16. ਸ੍ਰੀਧਰ ਮਿਸ਼ਰ, 'ਭੋਜਪੁਰੀ ਲੋਕ ਸਾਹਿਤਯ ਸਾਂਸਕ੍ਰਿਤਿਕ ਅਧਿਐਨ', ਪੰਨਾ 76.
17. 'ਪੰਜਾਬ ਦੀ ਆਵਾਜ਼', ਪੰਨਾ 106.
18. ਭਗਵਾਨ ਦਾਸ ਮਜ਼ਬੂਰ, 'ਪੰਜਾਬ ਅਤੇ ਹਰਿਆਣਾ ਦੇ ਲੋਕ ਗੀਤ : ਸੰਸਕ੍ਰਿਤਕ ਭਾਵ-ਸਮਾਨਤਾ', 'ਖੋਜ ਪੱਤ੍ਰਿਕਾ', ਸਤੰਬਰ 1980, ਪੰਨਾ 335.
19. ਸੰਤੋਖ ਸਿੰਘ ਔਲਖ, ਉਹੀ ਰਚਨਾ, ਪੰਨਾ 39.
20. ਉਹੀ, ਪੰਨੇ 39–40.
21. ਐਮ, ਐਸ. ਰੰਧਾਵਾ ਤੇ ਸਤਿਆਰਥੀ, ਉਹੀ ਰਚਨਾ, ਪੰਨਾ 41.
22. ਭੂਪਿੰਦਰ ਸਿੰਘ ਖਹਿਰਾ, ਉਹੀ ਰਚਨਾ, ਪੰਨਾ 168.
23. ਅੰਮ੍ਰਿਤਾ ਪ੍ਰੀਤਮ, 'ਮੌਲੀ ਤੇ ਮਹਿੰਦੀ', ਪੰਨਾ 121.
24. ਐਮ. ਐਸ. ਰੰਧਾਵਾ ਤੇ ਦਵਿੰਦਰ ਸਤਿਆਰਥੀ, ਉਹੀ ਰਚਨਾ, ਪੰਨਾ 61.
25. 'ਪੰਜਾਬ ਦੀ ਲੋਕਧਾਰਾ', ਪੰਨਾ 86.
26. Aillen D. Ross, *The Hindu Family in its Urban Setting*, p. 110




CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

27. *Encyclopaedia of Religion & Ethics*, p. 705.
28. 'ਲੋਕ ਗੀਤਾਂ ਬਾਰੇ', ਪੰਨੇ 250–51.
29. ਉਹੀ ਰਚਨਾ, ਪੰਨਾ 61
30. ਬਲਦੇਵ ਸਿੰਘ, ਉਹੀ ਰਚਨਾ, ਪੰਨਾ 46.
31. ਭਗਵਾਨ ਦਾਸ ਮਜਬੂਰ, ਉਹੀ ਰਚਨਾ, ਪੰਨਾ 334
32. ਉਹੀ ਰਚਨਾ, ਪੰਨਾ 103.
33. Aillen D. Ross, *Op. cit.*, p. 110,
34. Elbret W. Stewart, *Op. cit.*, p, 274.
35. 'ਪੰਜਾਬ ਦੀ ਲੋਕਧਾਰਾ', ਪੰਨਾ 85
36. David G. Mandelbaum, 'Family Jati Viilage', *Structure and Change in Indian Society* (Ed. Milton Singer & B. S. Cohn), p. 33.
37. ਉਹੀ ਰਚਨਾ, ਪੰਨੇ 85–86
38. ਸਵਰਨ ਸਿੰਘ, ਉਹੀ ਰਚਨਾ, ਪੰਨਾ 117.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਫੁਟਕਲ ਰਿਸ਼ਤੇ

ਫੁਟਕਲ ਰਿਸ਼ਤਿਆਂ ਵਿਚ ਅਜਿਹੇ ਰਿਸ਼ਤੇ ਆਉਂਦੇ ਹਨ ਜਿਹੜੇ ਨਾਨਕੇ ਤੇ ਦਾਦਕੇ ਦੋਹਾਂ ਘਰਾਂ ਨਾਲ ਸੰਬੰਧਿਤ ਹੁੰਦੇ ਹਨ। ਇਹ ਮਾਂ ਤੇ ਬਾਪ ਨਾਲ ਸੰਬੰਧਿਤ ਖ਼ੂਨ ਦੇ ਸਾਕ ਹੁੰਦੇ ਹਨ ਪਰ ਜਦ ਪੀੜ੍ਹੀ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਤਾਂ ਇਹ ਸਾਕ ਆਪਸੀ ਵਿੱਥਾਂ ਰਾਹੀਂ ਥੋੜ੍ਹੇ ਥੋੜ੍ਹੇ ਦੂਰ ਹੁੰਦੇ ਹੋਏ ਆਖ਼ਿਰ ਨਵੇਂ ਸੰਬੰਧਾਂ ਨਾਲ ਹੀ ਜੁੜ ਜਾਂਦੇ ਹਨ। ਇਹ "ਨਾਨਕੇ ਤੇ ਦਾਦਕੇ ਦੋ ਅਜਿਹੀਆਂ ਫੁਲਵਾੜੀਆਂ ਹਨ ਜਿਨ੍ਹਾਂ ਦਾ ਆਪੋ ਆਪਣਾ ਰਸ ਤੇ ਸਵਾਦ ਹੈ। ਇਕ ਦੇ ਫੁੱਲ ਤੇ ਮਹਿਕ ਦੂਜੀ ਵਿਚ ਨਹੀਂ ਮਿਲਦੀ"।[1] ਦਾਦਕੇ ਪੱਖ ਤੋਂ ਪਿਉ ਦੇ ਭਰਾ ਤੇ ਭੈਣਾਂ ਅਤੇ ਮਾਂ ਬਾਪ ਅਤੇ ਨਾਨਕੇ ਪੱਖ ਤੋਂ ਮਾਂ ਦੇ ਭਰਾ ਭੈਣਾਂ ਤੇ ਮਾਂ ਬਾਪ ਆਉਂਦੇ ਹਨ। ਪਿਉ ਵੱਲੋਂ ਹੋਂਦ 'ਚ ਆਉਣ ਵਾਲੇ ਰਿਸ਼ਤੇਦਾਰਾਂ ਲਈ ਚਾਚਾ, ਤਾਇਆ, ਚਾਚੀ, ਤਾਈ, ਭੂਆ, ਫੁੱਫੜ ਅਤੇ ਦਾਦਾ ਦਾਦੀ ਸੰਬੋਧਨੀ ਸ਼ਬਦ ਵਰਤੇ ਜਾਂਦੇ ਹਨ ਜਦ ਕਿ ਮਾਂ ਦੇ ਪੱਖ ਤੋਂ ਸ਼ਾਮਿਲ ਹੋਣ ਵਾਲੇ ਸਾਕਾਂ ਲਈ ਨਾਨਾ, ਨਾਨੀ, ਮਾਮਾ, ਮਾਮੀ, ਮਾਸੀ ਮਾਸੜ ਰਿਸ਼ਤਿਆਂ ਦੇ ਸੰਬੋਧਨੀ ਸ਼ਬਦ। ਇਨ੍ਹਾਂ ਤੋਂ ਉਪਰੰਤ ਇਨ੍ਹਾਂ ਦੇ ਧੀਆਂ ਪੁੱਤਰ ਵੀ ਆਉਂਦੇ ਹਨ। ਸੌਂਕਣ ਅਤੇ ਮਤਰੇਏ ਸੰਬੰਧਾਂ ਆਦਿ ਦਾ ਜ਼ਿਕਰ ਵੀ ਆਉਂਦਾ ਹੈ, ਜਿਨ੍ਹਾਂ ਦਾ ਅਧਿਐਨ ਇਸ ਅਧਿਆਇ ਵਿਚ ਕੀਤਾ ਜਾਵੇਗਾ।

ਬੱਚਾ ਦਾਦਕੀ ਰੂੜ੍ਹੀ ਵਿਚ ਹੀ ਨਿਸਰਦਾ ਤੇ ਜਵਾਨ ਹੁੰਦਾ ਹੈ। ਦਾਦਕੇ ਪਿੰਡ ਵਿਚ ਹੀ ਉਸ ਦਾ ਜੱਦੀ ਘਰ ਤੇ ਭੋਇੰ ਹੁੰਦੀ ਹੈ। ਇਥੋਂ ਦੀ ਮਿੱਟੀ ਵਿਚੋਂ ਹੀ ਉਸ ਨੂੰ ਆਪਣੇ ਪੁਰਖਿਆਂ ਦੀ ਮਹਿਕ ਆਉਂਦੀ ਹੈ...ਸਾਰਾ ਦਾਦਕਾ ਪਰਿਵਾਰ ਇਕੋ ਪਿੰਡ ਵਿਚ ਹੀ ਵੱਸਿਆ ਹੁੰਦਾ ਹੈ। ਇਸ ਲਈ ਦਾਦਕਿਆਂ ਨਾਲ ਜੀਵਨ ਤੰਦਾਂ ਤਾਣੇ ਪੇਟੇ ਵਾਂਗ ਓਤਪੋਤ ਹੋਈਆਂ ਹੁੰਦੀਆਂ ਹਨ।[2] ਦਾਹਕੇ ਪਿਰਵਾਰ ਵਿਚ ਪਿਤਾ ਦਾ ਪਿਉ ਦਾਦਾ ਅਖਵਾਉਂਦਾ ਹੈ ਤੇ ਮਾਂ ਦਾਦੀ। ਦਾਦੇ ਦਾਦੀ ਦੇ ਆਪਣੇ ਪੋਤਰੇ ਪੋਤਰੀਆਂ ਨਾਲ ਸੰਬੰਧ ਪਿਆਰ ਭਰਪੂਰ ਹੁੰਦੇ ਹਨ। ਪੋਤੇ ਪੋਤਰੀਆਂ ਉਨ੍ਹਾਂ ਦੀ ਸਾਰੇ ਜੀਵਨ ਦੀ ਜੋੜੀ ਪੂੰਜੀ ਨੂੰ ਆਪਣੇ ਘਰ ਵਿਚ ਹੀ ਰੱਖਣ ਦਾ ਸ੍ਰੋਤ ਸਿੱਧ ਹੁੰਦੇ ਹਨ ਜੋ ਉਨ੍ਹਾਂ ਦੀ ਖ਼ੁਸ਼ੀ ਦਾ ਕਾਰਣ ਬਣਦੇ ਹਨ। ਦਾਦਾ ਦਾਦੀ ਦੇ ਬਹੁਤੇ ਪਿਆਰ ਨਾਲ ਬੱਚੇ ਵਿਗੜ ਵੀ ਜਾਂਦੇ ਹਨ ਤੇ ਆਪ ਹੁਦਰੇ ਹੋ ਜਾਂਦੇ ਹਨ। ਜਿਹੜੇ ਲੋਕ ਜਵਾਨੀ ਵਿਚ ਆਪਣੀ ਸੰਤਾਨ ਨਾਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਖ਼ਤੀ ਵਾਲਾ ਸੁਭਾਅ ਵਰਤਦੇ ਹਨ ਉਹ ਦਾਦਾ ਦਾਦੀ ਬਣ ਕੇ ਸੁਭਾਅ 'ਚ ਪਰਿਵਰਤਨ ਲੈ ਆਉਂਦੇ ਹਨ। ਇਸੇ ਲਈ ਜਦੋਂ ਬੱਚੇ ਨੂੰ ਮਾਤਾ ਜਾਂ ਪਿਤਾ ਵੱਲੋਂ ਝਿੜਕ ਪੈਂਦੀ ਹੈ ਤਾਂ ਉਹ ਦਾਦੇ ਦਾਦੀ ਦੀ ਸ਼ਰਣ ਲੈਂਦਾ ਹੈ। ਅਜਿਹੀ ਸਥਿਤੀ ਵਿਚ ਉਹ ਬੱਚਿਆਂ ਲਈ ਸਹਾਇਕ ਸਿੱਧ ਹੁੰਦੇ ਹਨ। ਦਰਅਸਲ ਬੁਢੇਵਾਰੇ ਆਦਮੀ ਕੰਮਾਂ ਕਾਰਾਂ ਤੋਂ ਸੁਰਖਰੂ ਹੋਣ ਕਰਕੇ ਬੱਚਿਆਂ ਨਾਲ ਹੀ ਹੱਸ ਖੇਡਕੇ ਆਪਣੇ ਦਿਹਾੜੇ ਗੁਜਾਰਦਾ ਹੈ। ਬੱਚੇ ਵੀ ਗੁੱਸੇ ਨੂੰ ਤਿਆਗ ਕੇ ਖੁਸ਼ ਰਹਿਣਾ ਲੋਚਦੇ ਹਨ। ਦੋਵੇਂ ਧਿਰਾਂ ਇਕ ਹੀ ਵਿਚਾਰਧਾਰਾ ਦੀਆਂ ਧਾਰਣੀ ਹੋਣ ਕਾਰਣ ਕੁਦਰਤੀ ਹੈ ਕਿ ਉਨ੍ਹਾਂ ਵਿਚ ਆਪਸੀ ਮਿਲਵਰਤਣ ਤੇ ਪਿਆਰ ਵਧੇ। ਕਈ ਬਜ਼ੁਰਗ ਇਸ ਵਿਚਾਰਧਾਰਾ ਦੇ ਉਲਟ ਵੀ ਹੁੰਦੇ ਹਨ ਉਹ ਬੱਚਿਆਂ ਨੂੰ ਹਰ ਵਕਤੇ ਨਫਰਤ ਤੇ ਕੌੜੀਆਂ ਕਸੈਲੀਆਂ ਨਜ਼ਰਾਂ ਨਾਲ ਹੀ ਵੇਖਦੇ ਹਨ। ਅਜਿਹੇ ਬਜ਼ੁਰਗਾਂ ਪਾਸ ਬੱਚੇ ਵੀ ਘੱਟ ਹੀ ਠਹਿਰਦੇ ਹਨ। ਪਰ ਇਸ ਰੁਚੀ ਦੇ ਮਾਲਕ ਘੱਟ ਹੀ ਲੋਕ ਹੁੰਦੇ ਹਨ। ਬਹੁਸੰਮਤੀ ਬੱਚਿਆਂ ਨਾਲ ਪਿਆਰ ਭਾਵ ਨਾਲ ਹੀ ਪੇਸ਼ ਆਉਂਦੀ ਹੈ। 'ਪੜ ਪਿਆ ਤੇ ਸਾਕ ਗਿਆ' ਕਹਾਵਤ ਮੁਤਾਬਕ ਪਿਤਾ ਦਾ ਦਾਦਾ ਪਹਿਲੀ ਗੱਲ ਤਾਂ ਪੜਪੋਤਰੇ ਪੜਪੋਤਰੀਆਂ ਦੇ ਜਨਮ ਤੱਕ ਅਗਲੀ ਦੁਨੀਆਂ ਤੱਕ ਜਾ ਪਹੁੰਚਾ ਦੇਂਦਾ ਹੈ ਜੇਕਰ ਕਿਧਰੇ ਜੀਵਤ ਵੀ ਹੋਵੇ ਤਾਂ ਬੱਚੇ ਏਡੀ ਵੱਡੀ ਉਮਰ ਦੇ ਬਜ਼ੁਰਗ ਨੂੰ ਵਿਭਿੰਨ ਪ੍ਰਕਾਰ ਦੇ ਮਖੌਲ ਕਰਦੇ ਰਹਿੰਦੇ ਹਨ ਜਿਸ ਤੇ ਉਹ ਖਫਾ ਹੋ ਕੇ ਚਿੜਚਿੜਾ ਹੋ ਜਾਂਦਾ ਹੈ ਅਤੇ ਉਨ੍ਹਾਂ ਨਾਲ ਰੁਖਾ ਵਿਵਹਾਰ ਕਰਨਾ ਸ਼ੁਰੂ ਕਰ ਦਿੰਦਾ ਹੈ। ਇਹੀ ਗੱਲ ਪੜਦਾਦੀ ਤੇ ਵੀ ਢੁਕਦੀ ਹੈ।

ਚਾਚੇ ਤੇ ਤਾਏ ਦਾ ਰਿਸ਼ਤਾ ਪੰਜਾਬੀ ਰਿਸ਼ਤਿਆਂ ਦੀ ਦੁਨੀਆਂ ਵਿਚ ਪਿਉ ਤੋਂ ਬਾਅਦ ਆਉਣ ਵਾਲਾ ਰਿਸ਼ਤਾ ਹੈ। ਪਿਉ ਦਾ ਵੱਡਾ ਤੇ ਛੋਟਾ ਭਰਾ ਕ੍ਰਮਵਾਰ ਤਾਇਆ ਤੇ ਚਾਚਾ ਅਖਵਾਉਂਦੇ ਹਨ। ਚਾਚੇ ਤਾਏ ਦਾ ਆਪਣੇ ਭਤੀਜੇ ਭਤੀਜੀਆਂ ਪ੍ਰਤਿ ਵਿਹਾਰ ਵਿਭਿੰਨ ਪ੍ਰਕਾਰ ਦਾ ਹੁੰਦਾ ਹੈ। ਕਈ ਵਾਰ ਉਹ ਉਸੇ ਆਧਾਰ ਤੇ ਉਨ੍ਹਾਂ ਨਾਲ ਪੇਸ਼ ਆਉਂਦੇ ਹਨ ਜਿੰਨਾ ਕੁ ਕਿ ਉਨ੍ਹਾਂ ਨੇ ਰਿਸ਼ਤੇ ਦੀ ਘਣਤਾ ਨੂੰ ਉਨ੍ਹਾਂ ਦੇ ਪਿਉ ਭਾਵ ਆਪਣੇ ਭਰਾ ਨਾਲ ਸਥਾਪਿਤ ਕੀਤਾ ਹੁੰਦਾ ਹੈ। ਪਰ ਕਈ ਸਥਿਤੀਆਂ ਵਿਚ ਉਹ ਭਰਾ ਭਰਜਾਈ ਨਾਲ ਨਰਾਜ਼ ਵੀ ਹੋਣ ਤਦ ਵੀ ਉਹ ਬੱਚਿਆਂ ਨਾਲ ਜ਼ਰੂਰ ਹੱਸ ਖੇਡ ਲੈਂਦੇ ਹਨ। ਸੁਨੇਹੇ ਤੇ ਗੱਲਾਂ ਦਾ ਆਪਸੀ ਆਦਾਨ ਪ੍ਰਦਾਨ ਹੁੰਦਾ ਰਹਿੰਦਾ ਹੈ। ਤਾਇਆ ਪਿਤਾ ਤੋਂ ਵਡੇਰੀ ਉਮਰ ਦਾ ਹੋਣ ਕਾਰਣ ਹਮੇਸ਼ਾ ਸਤਿਕਾਰ ਦਾ ਪਾਤਰ ਹੀ ਹੁੰਦਾ ਹੈ ਪਰ ਚਾਚਾ ਉਮਰ ਮੁਤਾਬਕ ਬੱਚਿਆਂ ਦਾ ਵਿਹਾਰ ਤੇ ਸਨੇਹ ਦੇ ਲੈ ਸਕਦਾ ਹੈ। ਜੇਕਰ ਉਹ ਪਿਉ ਦੀ ਉਮਰ ਦਾ ਹੀ ਹੋਵੇ ਤਾਂ ਬੱਚੇ ਉਸ ਪ੍ਰਤਿ ਸਤਿਕਾਰ ਭਾਵਨਾ ਰਖਦੇ ਹਨ। ਜੇਕਰ ਉਹ ਹਮਉਮਰ ਹੋਣ ਤਾਂ ਹਮਰਾਜ਼ ਵੀ ਬਣ ਜਾਂਦੇ ਹਨ। ਚਾਚੇ ਤਾਏ ਦੀ ਸ਼ਖ਼ਸੀਅਤ ਵੀ ਬੱਚਿਆਂ ਦੇ ਵਿਹਾਰ ਨੂੰ ਨਿਰਧਾਰਤ ਕਰਨ ਵਿਚ ਆਪਣਾ ਯੋਗਦਾਨ ਪਾਉਂਦੀ ਹੈ। ਪਰ ਅਕਸਰ ਇਸ ਰਿਸ਼ਤੇ ਨੂੰ ਇਹ ਕਹਿਕੇ ਭੰਡਿਆ ਜਾਂਦਾ ਹੈ ਕਿ ਚਾਚੇ ਤਾਏ ਬੱਚਿਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਵਿਗਾੜ ਦਿੰਦੇ ਹਨ। ਡੀ. ਸੀ. ਦੂਬੇ ਨੇ ਚਾਚੇ ਤਾਏ ਨਾਲ ਸੰਬੰਧਾਂ ਨੂੰ ਇਉਂ ਪ੍ਰਗਟ ਕੀਤਾ ਹੈ :

> ਕੁਝ ਚਾਚੇ ਤਾਏ ਤਾਂ ਬਹੁਤ ਮਿੱਤਰ ਭਾਵੀ ਹੁੰਦੇ ਹਨ ਤੇ ਉਹ ਸਾਨੂੰ ਚੋਖੀ ਸੁਤੰਤਰਤਾ ਪ੍ਰਦਾਨ ਕਰਦੇ ਹਨ ਅਤੇ ਜਦੋਂ ਸਾਡੇ ਮਾਪੇ ਸਾਡੇ ਨਾਲ ਗੁੱਸੇ ਰਾਜ਼ੀ ਹੁੰਦੇ ਹਨ, ਉਹ ਸਾਡੀ ਰੱਖਿਆ ਕਰਦੇ ਹਨ। ਅਸੀਂ ਉਨ੍ਹਾਂ ਨੂੰ ਚਾਹੁੰਦੇ ਹਾਂ ਤੇ ਉਨ੍ਹਾਂ ਦੇ ਛੋਟੇ ਮੋਟੇ ਕੰਮ ਅਸੀਂ ਬੜੀ ਖੁਸ਼ੀ ਨਾਲ ਕਰ ਦਿੰਦੇ ਹਾਂ। ਪਰ ਕੁਝ ਚਾਚੇ ਤਾਏ ਵੱਖਰੇ ਪ੍ਰਕਾਰ ਦੇ ਹੀ ਹੁੰਦੇ ਹਨ। ਉਨ੍ਹਾਂ ਦੇ ਮੱਥੇ ਤੇ ਹਰ ਵਕਤ ਤਿਊੜੀਆਂ ਹੀ ਰਹਿੰਦੀਆਂ ਹਨ ਤੇ ਉਹ ਗੱਲ ਗੱਲ ਤੇ ਗੁੱਸੇ ਰਾਜ਼ੀ ਹੋ ਜਾਂਦੇ ਹਨ। ਅਸੀਂ ਉਨ੍ਹਾਂ ਦਾ ਕੰਮ ਤਾਂ ਕਰਦੇ ਹਾਂ ਪਰ ਸੜਦੇ ਕੁੜ੍ਹਦੇ। ਉਨ੍ਹਾਂ ਦੀ ਪਿੱਠ ਪਿੱਛੇ ਅਸੀਂ ਮੂੰਹ ਬਣਾਉਂਦੇ ਹਾਂ।[3]

ਲੋਕ ਗੀਤਾਂ ਵਿਚ ਕਿਤੇ ਇਕ ਅੱਧ ਭਾਵ ਨੂੰ ਹੀ ਪ੍ਰਗਟਾਇਆ ਗਿਆ ਹੈ ਜਿਸ ਵਿਚ ਚਾਚੇ ਜਾਂ ਤਾਏ ਦੇ ਰਿਸ਼ਤੇ ਬਾਰੇ ਜਾਣਕਾਰੀ ਮਿਲਦੀ ਹੈ। ਲੜਕੀ ਲਈ ਹਾਰ ਸ਼ਿੰਗਾਰ ਕਰਨ ਦੀ ਗੱਲ ਮਾਪਿਆਂ ਦੇ ਘਰ ਵਰਜਿਤ ਹੈ। ਜੇਕਰ ਲੜਕੀ ਅਜਿਹਾ ਕਰ ਬਹਿੰਦੀ ਹੈ ਤਾਂ ਪਿਉ ਦਾ ਡਰ ਤਾਂ ਹੁੰਦਾ ਹੀ ਹੈ ਪਰ ਵਰਜਿਤ ਕੰਮਾਂ ਤੋਂ ਵਰਜਣ ਲਈ ਸਿੱਧੇ ਤੌਰ ਤੇ ਤਾਇਆ ਜਾਂ ਚਾਚਾ ਜ਼ਿਆਦਾ ਅਸਰਭਾਵੀ ਹੁੰਦੇ ਹਨ। ਤਾਏ ਦਾ ਕਿਰਦਾਰ ਇਸ ਲੋਕ ਗੀਤ ਰਾਹੀਂ ਉਜਾਗਰ ਹੁੰਦਾ ਹੈ :

ਖਿੜਕੀ ਓਹਲੇ ਸੁਰਮਾਂ ਪਾਵਾਂ,
ਉਤੋਂ ਆ ਗਿਆ ਤਾਇਆ।
ਰੋ ਰੋ ਕੱਢ ਸੁੱਟਿਆ,
ਕਿਹੜੇ ਸ਼ੌਕ ਨੂੰ ਪਾਇਆ।

ਜਿਥੇ ਵਰ ਦੀ ਚੋਣ ਲਈ ਪਿਉ ਜ਼ਿੰਮੇਵਾਰ ਹੁੰਦਾ ਹੈ ਉਥੇ ਚਾਚਾ ਤਾਇਆ ਵੀ ਇਸ ਚੋਣ 'ਚ ਸ਼ਾਮਲ ਹੁੰਦੇ ਹਨ, ਜਿਸ ਕਾਰਣ ਅਯੋਗ ਵਰ ਲਈ ਕੰਨਿਆ ਚਾਚੇ ਤਾਏ ਨੂੰ ਵੀ ਨਾਲ ਹੀ ਦੋਸ਼ੀ ਠਹਿਰਾਉਂਦੀ ਹੈ।

ਸੁਣ ਵੇ ਤਾਇਆ, ਸੁਣ ਵੇ ਚਾਚਾ,
ਸੁਣ ਵੇ ਬਾਬਲਾ ਲੋਭੀ,
ਦਾਰੂ ਪੀਣੇ ਨੂੰ ਮੈਂ ਕੂੰਜ ਕਿਉਂ ਡੋਬੀ।

ਲੜਕੀ ਦੇ ਵਿਆਹ ਉਪਰੰਤ ਚਾਚੇ ਤਾਏ ਹੀ ਉਸ ਨੂੰ ਵਿਦਾ ਕਰਨ ਵਿਚ ਸ਼ਰੀਕ ਹੁੰਦੇ ਹਨ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡੋਲੀ ਨੂੰ ਲਗੜੇ ਲਾਚੇ ਨੀ ਮਾਂ,
ਮੈਨੂੰ ਵਿੱਦਿਆ ਕਰੇਂਦੇ ਸਕੇ ਚਾਚੇ ਨੀ ਮਾਂ ।

ਕਿਸੇ ਵੀ ਗ਼ਮੀ ਜਾਂ ਖ਼ੁਸ਼ੀ ਦੇ ਸਮੇਂ ਚਾਚੇ ਤਾਏ ਦਾ ਹੋਣਾ ਅਨਿਵਾਰੀਯ ਹੈ । ਉਹ ਭਤੀਜੇ/ਭਤੀਜੀ ਦੇ ਵਿਆਹ ਵਿਚ ਵੱਧ ਚੜ੍ਹ ਕੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਨ । ਚਾਚੇ ਤਾਏ ਦੇ ਧੀਆਂ ਪੁੱਤਰਾਂ ਵਿਚਕਾਰ ਅਕਸਰ ਭੈਣ ਭਰਾਵਾਂ ਵਾਲਾ ਸਨੇਹ ਹੀ ਹੁੰਦਾ ਹੈ । ਉਹ ਵੇਲੇ ਕੁਵੇਲੇ ਇਕ ਦੂਜੇ ਨੂੰ ਆਪਣੀਆਂ ਬਾਹਵਾਂ ਸਮਝ ਕੇ ਰੋਜ਼ਾਨਾ ਜ਼ਿੰਦਗੀ ਵਿਚ ਵਿਚਰਦੇ ਹਨ । ਧੀਆਂ ਵਿਚਕਾਰ ਭੈਣਾਂ ਭੈਣਾਂ ਦੇ ਰਿਸ਼ਤੇ ਵਾਲੀ ਧਾਰਨਾ ਹੀ ਵਿਦਮਾਨ ਰਹਿੰਦੀ ਹੈ । ਪਰ ਇਕ ਵਿੱਥ ਜ਼ਰੂਰ ਹੁੰਦੀ ਹੈ । ਆਪਣੇ ਲਹੂ ਵਰਗੀ ਕੋਈ ਗੱਲ ਨਹੀਂ । ਜਦੋਂ ਭੈਣ ਕਹਿੰਦੀ ਹੈ :

ਚਾਚੇ ਦਾ ਪੁੱਤ ਭਰਾ, ਕੋਲੋਂ ਦੀ ਲੰਘ ਗਿਆ,
ਜੇ ਵੀਰ ਹੋਵੇ ਆਪਣਾ ਨਦੀਆਂ ਚੀਰ ਮਿਲੇ ।

ਤਾਂ ਇਸ ਵਿੱਥ ਬਾਬਤ ਗਿਆਨ ਹੋਣ ਦੀ ਕੋਈ ਸ਼ੰਕਾ ਨਹੀਂ ਰਹਿ ਜਾਂਦੀ ।

ਹਿੰਦੂ ਪਰੰਪਰਾ ਅਨੁਸਾਰ ਚਾਚੀਆ ਤਾਈਆਂ ਵੀ ਆਪਣੇ ਪਤੀਆਂ ਦੀਆਂ ਪਿਛਲੱਗ ਹੋਣ ਕਾਰਣ ਉਨ੍ਹਾਂ ਦੇ ਪਗ ਕਦਮਾਂ ਤੇ ਤੁਰਨਾ ਉਨ੍ਹਾਂ ਦਾ ਪਰਮ ਧਰਮ ਹੈ । ਦੂਜੇ ਪਾਸੇ ਦਰਾਣੀ ਜਠਾਣੀ ਦਾ ਸਾਕ ਵੀ ਸ਼ਰੀਕੇ ਵਾਲਾ ਹੁੰਦਾ ਹੈ । ਜੇਕਰ ਉਨ੍ਹਾਂ ਦੇ ਪਤੀ ਭਤੀਜੇ ਭਤੀਜੀਆਂ ਨੂੰ ਜ਼ਿਆਦਾ ਪਿਆਰਨ ਲਗ ਜਾਣ ਤਾਂ ਉਹ ਜਰ ਨਹੀਂ ਸਕਦੀਆਂ । ਇਹ ਸਮਝਕੇ ਕਿ ਉਨ੍ਹਾਂ ਦੇ ਪਤੀ ਆਪਣੇ ਬੱਚਿਆਂ ਨੂੰ ਇੰਨਾ ਮੋਹ ਨਹੀਂ ਕਰਦੇ ਜਿੰਨਾ ਕਿ ਭਤੀਜੇ ਭਤੀਜੀਆਂ ਨੂੰ (ਜਦ ਕਿ ਸਥਿਤੀ ਜਿਆਦਾ ਇਸ ਦੇ ਉਲਟ ਹੁੰਦੀ ਹੈ ਹਰੇਕ ਬਾਪ; ਆਪਣੇ ਬੱਚਿਆਂ ਨੂੰ ਪਿਆਰਦਾ ਹੈ) ਤਾਂ ਕਈ ਪ੍ਰਕਾਰ ਦੇ ਲੜਾਈ ਝਗੜਿਆਂ ਨੂੰ ਜਨਮ ਮਿਲਦਾ ਹੈ । ਜਦ ਤੱਕ ਪਰਿਵਾਰ ਸੰਯੁਕਤ ਰਹਿੰਦਾ ਹੈ ਆਪਣੇ ਬੱਚਿਆਂ ਤੋਂ ਹਟ ਕੇ ਭਤੀਜੇ ਭਤੀਜੀਆਂ ਨਾਲ ਪਿਆਰ ਜ਼ਰੂਰ ਕਰਦਾ ਹੈ ਪਰ ਵੱਖਰਾ ਘਰ ਸਥਾਪਤ ਕਰਨ ਬਾਅਦ ਇਹ ਮੋਹ ਘਟਦਾ ਘਟਦਾ ਘਟ ਜਾਂਦਾ ਹੈ । ਇਸ ਤਰ੍ਹਾਂ ਸੰਯੁਕਤ ਪਰਿਵਾਰ ਵੇਲੇ ਇਹ ਚਾਚੇ ਤਾਏ ਭਰਾਵਾਂ ਭਰਾਵਾਂ ਦੇ ਆਪਸੀ ਮਿਲਵਰਤਣ ਸਦਕਾ ਬੱਚਿਆਂ ਨੂੰ ਪਿਆਰ ਕਰਦੇ ਹਨ ਪਰ ਵੱਖਰਾ ਘਰ ਸਥਾਪਿਤ ਕਰਨ ਬਾਅਦ ਆਪੋ ਆਪਣੇ ਪਰਿਵਾਰਾਂ ਦੀਆਂ ਜ਼ਿੰਮੇਵਾਰੀਆਂ 'ਚ ਵਿਚਰਦੇ ਹੋਏ ਜੀਵਨ ਬਤੀਤ ਕਰਦੇ ਹਨ ।

ਭੂਆ ਸਾਂਸਕ੍ਰਿਤਿਕ ਜੀਵਨ ਵਿਚ ਇਕ ਅਹਿਮ ਪਾਤਰ ਹੈ ਜੋ ਭਤੀਜੇ ਭਤੀਜੀਆਂ ਨੂੰ ਪਿਆਰ ਤੇ ਚਾਅ ਨਾਲ ਖਿਡਾਉਂਦੀ ਤੇ ਵਿਆਹੇ ਜਾਣ ਤੋਂ ਬਾਅਦ ਬੱਚਿਆਂ ਦੀ ਖ਼ੈਰ-ਖਾਹ ਸਾਬਤ ਹੁੰਦੀ ਹੈ । ਵੀਰ ਦੇ ਘਰ ਬੱਚੇ ਦਾ ਜਨਮ ਉਸ ਲਈ ਅਥਾਹ ਖ਼ੁਸ਼ੀਆਂ ਵਾਲੀ ਘਟਨਾ ਹੈ ਕਿਉਂਕਿ ਉਸ ਦੇ ਵੀਰ ਦੀ ਜੜ੍ਹ ਲੱਗੀ ਹੁੰਣੀ ਹੈ । "ਮਾਪਿਆਂ ਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੁੱਤਰ ਜਨਮੇਂ ਦੀ ਖੁਸ਼ੀ ਹੋਣੀ ਸੁਭਾਵਕ ਹੈ ਪਰ ਜੋ ਖੁਸ਼ੀ ਮੁੰਡੇ ਦੀ ਭੂਆ ਨੂੰ ਹੁੰਦੀ ਹੈ ਉਹਦਾ ਪ੍ਰਭਾਵ ਹੀ ਵੱਖਰਾ ਹੈ। ਪੇਕੀਂ ਵੇਲ ਵਧਣ ਤੋਂ ਛੁੱਟ ਭਰਾ ਵੱਲੋਂ ਮਿਲਣ ਵਾਲੀ ਦਾਤ ਉਸ ਦੇ ਮਨ ਵਿਚ ਇਕ ਅਨੋਖਾ ਹੁਲਾਰਾ ਭਰ ਜਾਂਦੀ ਹੈ"।[4] ਭਰਾ ਦੇ ਬੱਚੇ ਨੂੰ ਪਹਿਲਾ ਗਹਿਣਾ ਭੂਆ ਹੀ ਪਹਿਨਾਉਂਦੀ ਹੈ ਜਿਸ ਦੇ ਇਵਜ਼ਾਨੇ ਵਜੋਂ ਭਰਾ ਵੱਲੋਂ ਉਸ ਨੂੰ ਸੁਗਾਤ ਵਜੋਂ ਕੁਝ ਨਾ ਕੁਝ ਸਰਦਾ ਪੁੱਜਦਾ ਦਿੱਤਾ ਜਾਂਦਾ ਹੈ :

ਟਿੱਕਾ ਘੜਦੇ ਸੁਨਿਆਰਿਆ ਚਿੱਤ ਲਾ ਕੇ,
ਗੁੰਦਣਾਂ ਭਤੀਜੇ ਦੇ।

ਉਹ ਭਤੀਜੇ ਨੂੰ ਗੋਦੀ ਲੈ ਕੇ ਠੰਢ ਮਹਿਸੂਸ ਕਰਦੀ ਹੈ ਕਿਉਂਕਿ ਉਹ ਵੱਧ ਰਹੀ ਟਾਬਰੀ ਦੀ ਸ਼ਾਖ ਹੁੰਦਾ ਹੈ :

ਪੁੱਤ ਵੀਰ ਦਾ ਭਤੀਜਾ ਮੇਰਾ,
ਨਾਂਉਂ ਜੜ੍ਹ ਮਾਪਿਆਂ ਦੀ।

ਤੇ ਫਿਰ :

ਚੱਕ ਲੈ ਭਤੀਜੇ ਨੂੰ,
ਮੇਰਾ ਕਾਲਜਾ ਠੰਢਾ ਠਰ ਹੋਇਆ।

ਉਸ ਦੀ ਖੁਸ਼ੀ ਦੀ ਕੋਈ ਸੀਮਾ ਨਹੀਂ। ਲੈਣ ਦੇਣ ਦਾ ਸੰਕਲਪ ਭਾਵੇਂ ਉਸ ਦੀ ਅੰਤਰ ਚੇਤਨਾ ਦਾ ਅੰਗ ਹੁੰਦਾ ਹੈ ਪਰ ਉਹ ਤਾਂ ਭਤੀਜੇ ਦੀ ਖੁਸ਼ੀ 'ਚ ਆਪਣੇ ਹੱਕ ਨੂੰ ਵੀ ਭੁੱਲ ਜਾਂਦੀ ਹੈ ਤੇ ਭਾਵੁਕ ਕੋਈ ਕਹਿ ਉੱਠਦੀ ਹੈ :

ਮੈਂ ਨਾ ਵੇ ਕੁਛ ਲੈਣਾ ਵੀਰਨਾ,
ਪੁੱਤ ਤੇਰਾ ਵੇ ਭਤੀਜਾ ਮੇਰਾ।

ਭੂਆ ਦੇ ਪਤੀ ਲਈ 'ਫੁੱਫੜ' ਸੰਬੋਧਨ ਦੀ ਵਰਤੋਂ ਕੀਤੀ ਜਾਂਦੀ ਹੈ। ਫੁੱਫੜ ਵੀ ਪਤਨੀ ਦੇ ਭਤੀਜੇ ਭਤੀਜੀਆਂ ਨੂੰ ਆਪਣੇ ਭਤੀਜੇ ਭਤੀਜੀਆਂ ਬਰਾਬਰ ਹੀ ਸਮਝਦਾ ਹੈ। ਉਹ ਸਿਰਫ਼ ਇਨ੍ਹਾਂ ਬੱਚਿਆਂ ਦੀ ਸ਼ਾਦੀ ਜਾਂ ਕਿਸੇ ਹੋਰ ਸਮਾਗਮ ਵੇਲੇ ਹੀ ਉਚੇਚੇ ਤੌਰ ਤੇ ਸਹੁਰੇ ਘਰ ਜਾਂਦਾ ਹੈ। ਵੈਸੇ ਪਤਨੀ ਦੇ ਭਤੀਜੇ ਭਤੀਜੀਆਂ ਨਾਲ ਉਸ ਦਾ ਸਿੱਧਾ ਸੰਬੰਧ ਨਹੀਂ ਹੁੰਦਾ ਜਿਵੇਂ ਕਿ ਉਸ ਦੀ ਪਤਨੀ ਦਾ।

ਭੂਆ ਭਤੀਜੀ ਵਿਚਕਾਰ ਸਾਂਸਕ੍ਰਿਤਿਕ ਵਿਰੋਧ ਦੀ ਸਿਰਜਣਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ ਜਦ ਕਿ ਭੂਆ ਭਤੀਜਾ ਇਸ ਸਥਿਤੀ ਤੱਕ ਨਹੀਂ ਪਹੁੰਚਦੇ। ਪਰ ਉਪਰੋਕਤ ਵਿਰੋਧ ਥੋੜ੍ਹ ਚਿਰਾ ਹੈ, ਜਿਸ ਦਾ ਇਜ਼ਹਾਰ ਲੋਕ ਗੀਤਾਂ ਵਿਚ ਹੋਇਆ ਹੈ। ਸਾਂਸਕ੍ਰਿਤਿਕ ਜੀਵਨ ਵਿਚ ਅਜਿਹੀਆਂ ਸਥਿਤੀਆਂ ਦਾ ਅਮਲੀ ਰੂਪ ਮੁੱਠੀ ਭਰ ਲੋਕਾਂ ਦੇ ਸੰਦਰਭ 'ਚ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਿਲ ਸਕਦਾ ਹੈ, ਬਹੁਗਿਣਤੀ ਦੇ ਰੂਪ 'ਚ ਨਹੀਂ। ਇਸ ਤਣਾਉ ਦਾ ਥੋੜ੍ਹ ਚਿਰਾ ਹੋਣ ਦਾ ਕਾਰਣ ਇਨ੍ਹਾਂ ਦਾ ਆਪਸੀ ਸਨੇਹ ਹੈ। ਨਿਮਨ ਗੀਤ ਇਸ ਧਾਰਣਾ ਦਾ ਸਪਸ਼ਟੀਕਰਣ ਕਰਦਾ ਹੈ :

ਵੜੀਆਂ, ਵੜੀਆਂ, ਵੜੀਆਂ,
ਵਿਚ ਕਚਹਿਰੀ ਦੇ ਭੂਆ ਭਤੀਜੀ ਲੜੀਆਂ।...

ਆਲੂ ਵੜੀਆਂ ਕਿਉਂ ਧਰੀਆਂ,
ਭੂਆ ਭਤੀਜੀ ਕਿਉਂ ਲੜੀਆਂ,।
ਆਲੂ ਵੜੀਆਂ ਡੋਲ੍ਹ ਗਈਆਂ,
ਭੂਆ ਭਤੀਜੀ ਬੋਲ ਪਈਆਂ।

ਦਾਦਕੇ ਪੱਖ ਦੇ ਰਿਸ਼ਤੇ ਭਰਾਤਰੀ ਵਿਹਾਰ ਤੇ ਨਿਰਭਰ ਕਰਦੇ ਹਨ। ਜੇਕਰ ਇਹ ਰਿਸ਼ਤੇ ਸਮਤੋਲ ਵਿਚ ਹਨ ਤਾਂ ਸਥਿਤੀ ਸੁਖਾਵੀਂ ਹੈ ਜੇ ਨਹੀਂ ਤਾਂ ਅਸੁਖਾਵੀਂ।

ਸਭਿਆਚਾਰਕ ਜੀਵਨ ਦੇ ਅੰਤਰਗਤ ਨਾਨਕਿਆਂ ਤੇ ਦਾਦਕਿਆਂ ਦੇ ਫਰਜ਼ ਤੇ ਅਧਿਕਾਰ ਵਿਭਿੰਨਤਾ ਰੱਖਦੇ ਹਨ। ਵਿਆਹ ਸਮੇਂ ਨਾਨਕੇ ਛੱਕ ਢੋਂਦੇ ਹਨ। ਮਾਮਾ ਕੰਨਿਆਂ ਦੀਆਂ ਬਾਹਾਂ ਵਿਚ ਸ਼ਗਨਾਂ ਦਾ ਰੰਗਲਾ ਚੂੜਾ ਪਹਿਨਾਂਦਾ ਹੈ। ਤਿਉਹਾਰਾਂ ਉੱਤੇ ਨਾਨਕਿਆਂ ਤੋਂ ਸੁਗਾਤਾਂ ਆਉਂਦੀਆਂ ਰਹਿੰਦੀਆਂ ਹਨ। ਦੁਰਾਡੇ ਰਹਿਣ ਕਰਕੇ ਨਾਨਕਿਆਂ ਵਿਚ ਬੱਚਿਆਂ ਦਾ ਬੜਾ ਮੋਹ ਹੁੰਦਾ ਹੈ। ਬੱਚੇ ਬੜੇ ਚਾਅ ਨਾਲ ਨਾਨਕੇ ਜਾਂਦੇ ਹਨ ਤੇ ਕਿਹਾ ਕਰਦੇ ਹਨ :

ਨਾਨਕੇ ਘਰ ਜਾਵਾਂਗੇ,
ਲੱਡੂ ਪੇੜੇ ਖਾਵਾਂਗੇ,
ਮੋਟੇ ਹੋ ਕੇ ਆਵਾਂਗੇ।

ਨਾਨਕੇ ਪਿਆਰ ਵਿਚ ਮਾਂ ਦੀ ਆਂਦਰ ਦੀ ਨਿੱਘ ਹੁੰਦੀ ਹੈ।[5] ਨਾਨਕੇ ਘਰ ਵਿਚ ਮਾਂ ਦੀ ਮਾਂ, ਬਾਪ ਅਤੇ ਭੈਣ ਭਰਾ ਕ੍ਰਮਵਾਰ ਨਾਨੀ, ਨਾਨਾ, ਮਾਸੀ ਅਤੇ ਮਾਮਾ ਅਖਵਾਉਂਦੇ ਹਨ। ਮਾਸੀ ਨਾਨਕੇ ਘਰੋਂ ਵਿਆਹੀ ਜਾਣ ਕਾਰਣ ਇਕ ਹੋਰ ਰਿਸ਼ਤੇ ਦੀ ਸਿਰਜਕ ਬਣਦੀ ਹੈ। ਨਾਨੇ ਨਾਨੀ ਦਾ ਪਿਆਰ ਦੋਹਤੇ ਦੋਹਤੀਆਂ ਲਈ ਸਵੱਛ ਪਿਆਰ ਹੁੰਦਾ ਹੈ। ਬੱਚੇ ਜੋ ਉਨ੍ਹਾਂ ਦੀ ਧੀ ਦੀਆਂ ਆਂਦਰਾਂ ਹਨ। ਨੂੰ ਵੇਖ ਕੇ ਉਨ੍ਹਾਂ ਦੇ ਮਨ ਨੂੰ ਸਕੂਨ ਮਿਲਦਾ ਹੈ। ਦਾਦੇ ਦਾਦੀ ਦੇ ਉਲਟ ਨਾਨੇ ਨਾਨੀ ਦਾ ਸੁਭਾਅ ਚਿੜਚਿੜਾ ਹੋਣ ਦੇ ਬਾਵਜੂਦ ਵੀ ਉਹ ਧੀ ਦੇ ਬੱਚਿਆਂ ਨਾਲ ਬੜਾ ਮੋਹ ਕਰਦੇ ਹਨ ਜਿਸ ਪਿੱਛੇ ਵਿੱਥ ਦੀ ਧਾਰਣਾ ਕੰਮ ਕਰ ਰਹੀ ਹੁੰਦੀ ਹੈ। ਵਿੱਥ, ਹਮੇਸ਼ਾਂ ਹੀ ਆਪਸੀ ਖਿੱਚ ਨੂੰ ਵਧਾਉਣ ਦਾ ਕਾਰਣ ਬਣਦੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਮੇ ਦਾ ਰਿਸ਼ਤਾ ਮੋਹ ਤੇ ਭਾਵੁਕਤਾ ਦੇ ਅੰਸ਼ਾਂ ਨਾਲ ਭਰਪੂਰ ਹੁੰਦਾ ਹੈ। ਮਾਮੇ ਦੇ ਵਿਆਹ ਨਾਲ ਮਾਮੀ ਦਾ ਰਿਸ਼ਤਾ ਹੋਂਦ 'ਚ ਆਉਂਦਾ ਹੈ। ਮਾਮੇ ਮਾਮੀ ਦੀ ਸਨੇਹ ਬਿਰਤੀ ਆਪਣੇ ਬੱਚਿਆਂ ਤੋਂ ਹਟ ਕੇ ਦੂਜੈਲਾ ਸਥਾਨ ਭਣੇਵੇਂ ਭਣੇਵੀਆਂ ਨੂੰ ਪ੍ਰਦਾਨ ਕਰਦੀ ਹੈ। ਭੈਣ ਭਰਾ ਤੇ ਨਣਾਨ ਭਰਜਾਈ ਦਾ ਰਿਸ਼ਤਾ ਉਨ੍ਹਾਂ ਦੇ ਧੀਆਂ ਪੁੱਤਰਾਂ 'ਚ ਪਰਵਰਤਿਤ ਹੋ ਜਾਂਦਾ ਹੈ ਜਿਸ ਨਾਲ ਸਨੇਹ ਭਰਪੂਰ ਸੰਬੰਧ ਨਿਰੰਤਰ ਗਤੀਸ਼ੀਲ ਰਹਿੰਦੇ ਹਨ। ਭਣੇਵੇਂ/ਭਣੇਵੀਂ ਦੇ ਵਿਆਹ ਜਾਂ ਹੋਰ ਕਿਸੇ ਵੀ ਸਮਾਗਮ ਵੇਲੇ ਮਾਮਾਂ ਹੀ ਮੁੱਖ ਪਾਤਰ ਹੁੰਦਾ ਹੈ ਜੋ ਲੈਣ ਦੇਣ 'ਚ ਸਭ ਤੋਂ ਅੱਗੇ ਹੁੰਦਾ ਹੈ। ਮਾਮਾ ਹੀ ਖਾਰਿਓਂ ਉਤਾਰਦਾ ਹੈ, ਉਹ ਹੀ ਦਾਨ ਦੇਂਦਾ ਹੈ ਜਿਹੜਾ ਪੁੰਨ ਕਰਕੇ ਜਾਣਿਆ ਜਾਂਦਾ ਹੈ :

ਵਿਹਵੇ ਵਿਚ ਖਾਰਾ ਅੱਠਿਆ,
ਖਾਰਿਓਂ ਉਤਾਰ ਮਾਮਾ ਵੱਡਿਆ।
ਹਰ ਨ੍ਹਾਈ ਹਰ ਧੋਈ, ਹਰ ਠੰਢੇ ਪਾਣੀਆਂ,
ਦੇ ਮਾਮਾ ਵਹਿੜ ਵੱਛਾ, ਪੁੰਨ ਤੇਰਾ ਜਾਣਿਆ।
ਪੁੰਨ ਤੇਰਾ, ਦਾਨ ਤੇਰਾ, ਦਿੱਤੜਾ ਦਾਨ ਪਛਾਣਿਆ,
ਮਾਮੇ ਦਿੱਤੜੀ ਵਹਿੜ, ਵੱਛੀ ਦੇ ਵੇ ਵੀਰਾ ਵੱਡਿਆ।[6]

ਚੂੜਾ ਚੜਾਉਣਾ ਵੀ ਮਾਮੇ ਦਾ ਹੀ ਫਰਜ਼ ਹੈ :

ਜਾਈਂ ਜਾਈਂ ਵੇ ਮਾਮਾ, ਉਸ ਨਗਰੀ ਦੇ ਦੇਸ਼,
ਜਿਥੋਂ ਚੂੜਾ ਵਿਹਾਜੀਏ, ਵਿਹਾਜ ਮਹਿੰਗੇ ਹੋਣ ਸਸਤੇ,
ਲੈ ਨੀ ਭਣੇਵੀਂ ਨਿਆਣੀਏਂ।

ਭਣੇਵੀਂ ਨੂੰ ਡੋਲੀ ਵੀ ਮਾਮਾ ਹੀ ਪਾਉਂਦਾ ਹੈ :

ਮੇਰੀ ਡੋਲੀ ਨੂੰ ਚੁੱਕਣ ਕਾਮੇ ਵੇ,
ਮੈਨੂੰ ਵਿੱਦਿਆ ਕਰੇਂਦੇ ਮੇਰੇ ਮਾਮੇ ਵੇ।

ਹੋਰ ਰਿਸ਼ਤਿਆਂ ਦੇ ਮੁਕਾਬਲਤਨ ਮਾਮੇ ਦਾ ਸਮਾਜਕ ਰੋਲ ਸਭ ਤੋਂ ਜ਼ਿਆਦਾ ਹੈ। ਅਜਿਹਾ ਕਿਉਂ ਹੈ ? ਬਲਦੇਵ ਸਿੰਘ ਦੇ ਸ਼ਬਦਾਂ ਵਿਚ :

ਮਾਮੇ ਦਾ ਇਹ ਵਿਹਾਰ ਪੰਜਾਬੀ ਸੰਸਕ੍ਰਿਤੀ ਵਿਚ ਆਪਣੀ ਭੈਣ ਦੇ ਸਾਰੇ ਸਾਰਥਾਂ ਤੇ ਹਾਜ਼ਰ ਹੋ ਕੇ ਆਰਥਿਕ ਯੋਗਦਾਨ ਪਾਉਣਾ ਜਿਥੇ ਉਸ ਦੀ ਆਪਣੀ ਭੈਣ ਤੇ ਉਸ ਦੀ ਅੰਸ਼ ਨਾਲ ਭਾਵਨਾ ਦਾ ਸੂਚਕ ਹੈ ਉਥੇ ਉਸ ਦੇ ਪੰਜਾਬੀ ਜੀਵਨ ਵਿਚ ਸਮਾਜ ਸਾਂਸਕ੍ਰਿਤਕ ਫਰਜ ਦਾ ਵਿਵੇਕ ਦਿੰਦਾ ਹੈ। ਖੂਨ ਦੀ ਸਾਂਝ ਕਾਰਣ ਮਾਮੇ ਦਾ ਰਿਸ਼ਤਾ ਉਸ ਤਰ੍ਹਾਂ ਵੀ ਫੁੱਫੜ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਸੜ ਦੇ ਰਿਸ਼ਤਿਆਂ ਤੋਂ ਵਧੇਰੇ ਨਜ਼ਦੀਕੀ ਹੁੰਦਾ ਹੈ ਪਰ ਜਿਸ ਸਮਾਜ-ਆਰਥਿਕ ਸਥਿਤੀ ਵੱਲ ਇਹ ਇਸ਼ਾਰਾ ਕਰਦੇ ਹਨ ਉਸ ਵਿਚ ਕੁੜੀ ਵਾਲੀ ਧਿਰ ਸਦਾ ਦੇਣਦਾਰ ਹੁੰਦੀ ਹੈ।[7]

ਮਾਮੀ ਮਾਮੇ ਦੀ ਗ੍ਰਹਿਸਤਕ ਭਾਈਵਾਲ ਹੋਣ ਦੇ ਨਾਤੇ ਆਪਣੀ ਨਣਦ ਦੇ ਧੀਆਂ ਪੁੱਤਰਾਂ ਨਾਲ ਗੂੜ੍ਹਾ ਪਿਆਰ ਜਤਾਉਂਦੀ ਹੈ। ਜਿਥੇ ਮਾਮਾ ਸਮਾਜਕ ਪਦਵੀ ਅਨੁਸਾਰ ਭਣੇਵੇਂ ਭਣੇਵੀਆਂ ਦੇ ਚਾਅ ਪੂਰਦਾ ਹੈ ਉਥੇ ਬੱਚੇ (ਭਣੇਵੇਂ ਭਣੇਵੀਆਂ) ਵੀ ਉਸ ਨਾਲ ਕੰਮ 'ਚ ਹੱਥ ਵਟਾਉਣਾ ਆਪਣਾ ਫਰਜ਼ ਸਮਝਦੇ ਹਨ ਤੇ ਵੇਲੇ ਕੁਵੇਲੇ ਸ਼ੌਕ ਜਾਂ ਮਜਬੂਰੀ ਦੀ ਹਾਲਤ 'ਚ ਉਸ ਦਾ ਭਾਰ ਵੰਡਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਇਹ ਰਿਸ਼ਤਾ ਸਾੜੇ ਜਾਂ ਈਰਖਾਬਾਜ਼ੀ ਤੋਂ ਨਿਰਲੇਪ ਹੋ ਕੇ ਮੋਹ ਦੀਆਂ ਕੜੀਆਂ ਨੂੰ ਹੋਰ ਵੀ ਮਜ਼ਬੂਤ ਬਣਾਉਂਦਾ ਹੈ। ਮਾਮੇ ਨੂੰ ਮਾਂ ਜਿੰਨਾ ਹੀ ਆਦਰ ਮਾਣ ਦਿੱਤਾ ਜਾਂਦਾ ਹੈ ਦੂਜੇ ਪਾਸੇ ਮਾਮਾ ਵੀ ਭਣੇਵੇਂ ਭਣੇਵੀਆਂ ਨੂੰ ਆਪਣਾ ਹੀ ਲਹੂ ਸਮਝਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਮਾਮਾ ਜਦ ਭਾਣਜੇ ਨੂੰ ਮਾਰੇ ਤਾਂ ਹੱਥ ਕੰਬਣ ਲੱਗ ਜਾਂਦੇ ਹਨ।[8] ਇਸ ਰਿਸ਼ਤੇ ਦੀਆਂ ਸੰਭਾਵਨਾਵਾਂ ਦਾ ਪਾਸਾਰ ਮੋਕਲਾ ਤੇ ਸੁੰਗੜਵਾਂ ਵਿਅਕਤੀਗਤ ਰੁਚੀਆਂ ਅਨੁਕੂਲ ਹੁੰਦਾ ਹੈ। ਬੱਚੇ ਵਡਿਕੇ ਦੇ ਪਗ-ਕਦਮਾਂ ਦੀ ਪੈੜ ਪਕੜਦੇ ਹਨ। ਜੇਕਰ ਭੈਣ ਭਰਾ ਵਿਚਕਾਰ ਅਸੁਖਾਵੀਂ ਘਟਨਾ ਵਾਪਰ ਜਾਏ, ਜਿਸ ਦਾ ਕਾਰਣ ਸਵਾਰਥੀ ਰੁਚੀ ਹੋ ਸਕਦੀ ਹੈ ਤਾਂ ਰਿਸ਼ਤਾ ਆਪਣੀ ਸੀਮਾ ਵਿਚ ਬੱਝ ਕੇ ਸਮਾਜਕ ਭਾਈਚਾਰੇ 'ਚ ਵਿਚਰਣ ਤੋਂ ਮੂੰਹ ਮੋੜ ਲੈਂਦਾ ਹੈ। ਅਜਿਹੀ ਸਥਿਤੀ ਦੇ ਐਨ ਉਲਟ, ਮਾਮਾ ਹੀ ਸਮਾਗਮਾਂ ਦਾ ਕਰਤਾ ਧਰਤਾ ਤੇ ਜ਼ਿੰਮੇਵਾਰ ਪਾਤਰ ਹੁੰਦਾ ਹੈ। ਮਾਮੇ ਤੇ ਭੂਆ ਦੇ ਧੀਆਂ ਪੁੱਤਰ ਸਨੇਹ ਭਾਵਨਾ ਅਧੀਨ ਭੈਣ ਭਰਾਵਾਂ ਵਾਂਗ ਹੀ ਸਮਾਜਕ ਜ਼ਿੰਦਗੀ 'ਚ ਵਿਚਰਦੇ ਹਨ। ਕੁਆਰੇਪਣ ਦੀ ਹਾਲਤ 'ਚ ਇਹ ਰੁਚੀ ਭਾਰੂ ਰਹਿੰਦੀ ਹੈ ਪਰ ਵਿਆਹ ਉਪਰੰਤ ਆਪਣੀ ਆਪਣੀ ਗ੍ਰਹਿਸਤ 'ਚ ਮਸਰੂਫ ਹੋ ਜਾਂਦੇ ਹਨ। ਪੀੜ੍ਹੀਆਂ ਦੇ ਅੰਤਰ ਬਾਅਦ ਰਿਸ਼ਤਾ ਨਵੀਆਂ ਸੰਭਾਵਨਾਵਾਂ ਦੇ ਖੇਤਰ 'ਚ ਦਾਖਲ ਹੋ ਕੇ ਨਵੀਆਂ ਰਿਸ਼ਤੇਦਾਰੀਆਂ ਦੀ ਸਿਰਜਣਾ ਕਰਦਾ ਹੈ।

ਮਾਸੀ ਦਾ ਰਿਸ਼ਤਾ ਵੀ ਮੋਹ ਭਰਪੂਰ ਹੁੰਦਾ ਹੈ। ਮਾਸੀ ਮਾਂ ਦਾ ਰੂਪ ਹੀ ਸਮਝੀ ਜਾਂਦੀ ਹੈ। ਮਾਸੀ ਦਾ ਰਿਸ਼ਤਾ ਭੂਆ ਤੇ ਚਾਚੀ ਦੇ ਰਿਸ਼ਤੇ ਨਾਲੋਂ ਵਧੇਰੇ ਨਿੱਘਾ ਤੇ ਹੁਲਾਸ ਭਰਿਆ ਹੈ। ਇਸੇ ਲਈ ਕਹਿੰਦੇ ਹਨ 'ਮਾਂ ਨਾ ਸੂਈ ਮਾਸੀ ਸੂਈ'।[9] ਮਾਸੀ ਦੇ ਮੁਕਾਬਲ-ਤਨ ਭੂਆ ਦਾ ਰਿਸ਼ਤਾ ਵੀ ਘੱਟ ਮਹੱਤਤਾ ਭਰਪੂਰ ਨਹੀਂ। ਜੇਕਰ ਮਾਸੀ ਦਾ ਰਿਸ਼ਤਾ ਦੂਹਰਾ ਹੋਵੇ ਤਾਂ ਕਿਸੇ ਵੇਲੇ ਵੀ ਦੁਫੇੜ ਪੈਦਾ ਹੋ ਸਕਦੀ ਹੈ ਕਿਉਂਕਿ ਜਾਇਦਾਦ ਦਾ ਵਿਭਾਜਨ ਭੈਣਾਂ ਦੇ ਸੰਬੰਧਾਂ ਨੂੰ ਤੋੜਨ ਦਾ ਕਾਰਣ ਬਣਦਾ ਹੈ। ਆਮ ਸਥਿਤੀ 'ਚ ਮਾਸੀ ਕਿਸੇ ਹੋਰ ਪਿੰਡ ਹੀ ਵਿਆਹੀ ਜਾਂਦੀ ਹੈ ਜਿਸ ਕਾਰਣ ਸਥਿਤੀ ਨਾਰਮਲ ਹੀ ਰਹਿੰਦੀ ਹੈ। ਇਕੋ ਮਾਂ ਦੀ ਅੰਸ਼ ਹੋਣ ਕਾਰਣ ਜਿਥੇ ਭੈਣਾਂ ਭੈਣਾਂ ਇਕ ਦੂਜੀ ਪ੍ਰਤੀ ਗੂੜ੍ਹਾ ਸਨੇਹ ਜਤਾਉਂਦੀਆਂ ਹਨ ਉਥੇ ਉਨ੍ਹਾਂ ਦੀ ਸੰਤਾਨ ਵੀ ਰਿਸ਼ਤੇ ਦੀ ਮਹਾਨਤਾ ਨੂੰ ਸਮਝਦੀ ਹੋਈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋਹ ਭਰਪੂਰ ਸੰਬੰਧ ਕਾਇਮ ਕਰ ਲੈਂਦੀ ਹੈ। ਮਾਸੀ ਆਪਣੇ ਭਣੇਵੇਂ/ਭਣੇਵੀਆਂ ਦੇ ਹਰ ਦੁੱਖ ਸੁੱਖ ਦੀ ਸਾਂਝੀਵਾਲ ਹੁੰਦੀ ਹੈ। ਮਾਸੀ ਅਤੇ ਭਣੇਵੇਂ ਵਿਚਕਾਰ ਕਿਸੇ ਵੇਲੇ ਸਨੇਹਾਂ ਦੀ ਗੂੜ੍ਹਤਾ ਅਤੇ ਆਪਣੀ ਸਮਝਦਾਰੀ ਕਾਰਣ ਇਕ ਦੂਜੇ ਦੇ ਦੁੱਖ ਸੁੱਖ ਵੀ ਸੁਣੇ ਜਾਂਦੇ ਹਨ। ਮਾਸੀ ਭਣੇਵੇਂ/ਭਣੇਵੀਂ ਦੀਆਂ ਮੁਸ਼ਕਲਾਂ ਦੀ ਨਵਿਰਤੀ ਲਈ ਪੂਰੀ ਵਾਹ ਲਾਉਂਦੀ ਹੈ ਕਿਉਂਕਿ ਉਹ ਆਪਣੀ ਭੈਣ ਨਾਲ ਹਰੇਕ ਗੱਲ ਖੁਲ੍ਹੇਆਮ ਕਰ ਸਕਦੀ ਹੈ। ਪਰ ਆਮ ਤੌਰ ਤੇ ਮਾਸੀ ਨੂੰ ਮਾਂ ਦੀ ਪਦਵੀ ਹੀ ਦਿਤੇ ਜਾਣ ਕਾਰਣ ਸੰਕੋਚ ਦਾ ਪਰਦਾ ਵੀ ਜ਼ਰੂਰ ਹੁੰਦਾ ਹੈ। ਮਾਸੜ ਵੀ ਆਪਣੀ ਪਤਨੀ ਦੇ ਜ਼ਿਆਦਾ ਸਨੇਹ ਕਾਰਣ ਉਸ ਦੇ ਭਣੇਵੇਂ/ਭਣੇਵੀਆਂ ਨੂੰ ਮੋਹ ਜ਼ਰੂਰ ਕਰਦਾ ਹੈ ਪਰ ਇਹ ਰਸਮੀ ਹੀ ਹੁੰਦਾ ਹੈ। ਮਾਸੀ ਦੇ ਧੀਆਂ ਪੁੱਤਰ ਵੀ ਭੈਣ ਭਰਾਵਾਂ ਵਾਂਗ ਹੀ ਮਿਲਵਰਤਣ ਰੱਖਦੇ ਹਨ। ਮਾਸੀ ਆਪਣੇ ਲਹੂ ਨਾਲੋਂ ਜੀਉਂਦੇ ਜੀਅ ਨਹੀਂ ਟੁੱਟਦੀ ਬੱਚੇ ਭਾਵੇਂ ਲੱਖ ਵਾਰ ਉਸ ਦੀ ਭੈਣ ਦੇ ਬੱਚਿਆਂ ਨਾਲੋਂ ਮੋਹ ਤੋੜ ਜਾਣ।

ਸਾਂਢੂ ਸਾਂਢੂ ਭੈਣਾਂ ਭੈਣਾਂ ਦੇ ਪਤੀ ਹੁੰਦੇ ਹਨ। ਪੰਜਾਬੀ ਸਾਂਸਕ੍ਰਿਤਿਕ ਜੀਵਨ ਵਿਚ ਆਏ ਗਏ ਦੀ ਸੇਵਾ ਭਾਵ ਕਰਕੇ ਮਾਣ ਮਹਿਸੂਸ ਕੀਤਾ ਜਾਂਦਾ ਹੈ। ਸਾਂਢੂ ਸਾਂਢੂ ਦੇ ਰਿਸ਼ਤੇ 'ਚ ਇਸ ਸੇਵਾ ਭਾਵ ਦੀ ਮਹਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਮਹਿਸੂਸ-ਭਾਵਨਾ ਇਸ ਰਿਸ਼ਤੇ ਵਿਚ ਵਿਦਮਾਨ ਰਹਿੰਦੀ ਹੈ। ਕਈ ਵਾਰ ਆਰਥਿਕ ਵਾਰਸੀ ਤੋਂ ਇਨ੍ਹਾਂ ਵਿਚਕਾਰ ਤਕਰਾਰ ਵੀ ਹੋ ਜਾਂਦਾ ਹੈ ਜਿਥੇ ਸੰਬੰਧਾਂ 'ਚ ਅਣਬਣ ਪੈਦਾ ਹੋ ਜਾਂਦੀ ਹੈ। ਪਰ ਅਜਿਹਾ ਭੈਣਾਂ ਦਾ ਕੋਈ ਭਰਾ, ਭਾਵ ਸਾਲਾ ਨਾ ਹੋਣ ਦੀ ਸੂਰਤ ਵਿਚ ਹੁੰਦਾ ਹੈ। ਜਿਥੇ ਉਹ ਸਹੁਰਿਆਂ ਦੀ ਜਾਇਦਾਦ ਦੇ ਹਿੱਸੇਦਾਰ ਬਣਦੇ ਹਨ, ਅਜਿਹਾ ਕੁਦਰਤੀ ਹੈ। ਮੁੱਖ ਤੌਰ ਤੇ ਇਹ ਰਿਸ਼ਤਾ ਸੇਵਾ ਭਾਵ ਦੀ ਪ੍ਰਕਿਰਤੀ ਦਾ ਧਾਰਨੀ ਹੁੰਦਾ ਹੋਇਆ ਮਦਦ-ਗਾਰਾਂ ਦੇ ਜਗਤ 'ਚ ਪ੍ਰਵੇਸ਼ ਕਰਕੇ ਆਪਣੀ ਸਾਂਝ ਦਾ ਮੁਦੱਈ ਹੋ ਨਿਬੜਦਾ ਹੈ।

ਉਪਰੋਕਤ ਰਿਸ਼ਤੇਦਾਰਾਂ (ਮਾਮਾ, ਮਾਸੀ, ਚਾਚਾ, ਤਾਇਆ, ਭੂਆ) ਦੇ ਬੱਚੇ ਆਪਸ ਭੈਣ ਵਿਚ ਭਰਾਵਾਂ ਵਾਂਗ ਵਿਚਰਦੇ ਹਨ। ਇਨ੍ਹਾਂ ਵਿਚ ਸਮਾਜਕ ਵਿਵਸਥਾਵਾਂ ਅਨੁਕੂਲ ਸੰਬੰਧ ਵਰਜਿਤ ਹੋਣ ਕਾਰਣ ਇਹ ਖੂਨ ਦੇ ਰਿਸ਼ਤਿਆਂ ਤੋਂ ਇਲਾਵਾ ਆਪਣੇ ਆਪ ਨੂੰ ਇਕ ਦੂਜੇ ਦੇ ਸਭ ਤੋਂ ਨਜ਼ਦੀਕੀ ਸਮਝਦੇ ਹਨ। ਮੁਸਲਮਾਨ ਤੇ ਕਈ ਹੋਰ ਸੰਸਕ੍ਰਿਤੀਆਂ ਵਿਚ ਮਾਮੇ, ਚਾਚੇ, ਤਾਏ, ਮਾਸੀ ਤੇ ਮਾਮੀ ਦੀ ਲੜਕੀ ਨਾਲ ਵਿਆਹ ਹੋ ਸਕਣ ਦੀ ਸੰਭਾਵਨਾ ਅਧੀਨ ਉਨ੍ਹਾਂ ਵਿਚ ਇਹ ਰਿਸ਼ਤਾ ਬਚਪਨ ਵਿਚ ਭੈਣ ਭਰਾਵਾਂ ਵਾਲਾ ਹੁੰਦਾ ਹੈ ਪਰ ਜਦ ਪ੍ਰੋਢਤਾ (Maturity) ਆ ਜਾਂਦੀ ਹੈ ਤਾਂ ਉਹ ਇਕ ਦੂਜੇ ਨੂੰ ਸੰਭਾਵੀ ਪਤੀ ਪਤਨੀ ਸਮਝਣ ਲੱਗ ਪੈਂਦੇ ਹਨ। ਮਿਲਵਰਤਣ ਬੰਦ ਹੋ ਜਾਂਦੀ ਹੈ ਤੇ ਲੜਕੀ ਪਰਦਾ ਕਰਨ ਲੱਗ ਜਾਂਦੀ ਹੈ। ਜਿਥੇ ਰਿਸ਼ਤਾ ਤਹਿ ਨਹੀਂ ਹੁੰਦਾ ਉਥੇ ਉਹ ਸਾਰੀ ਉਮਰ ਭੈਣ ਭਰਾ ਦੇ ਰੂਪ 'ਚ ਹੀ ਵਿਚਰਦੇ ਰਹਿੰਦੇ ਹਨ।

ਪੰਜਾਬੀ ਸੰਸਕ੍ਰਿਤੀ ਵਿਚ ਦੂਜਾ ਵਿਆਹ ਕਰਵਾਉਣ ਦੀ ਪ੍ਰਥਾ ਵੀ ਚਾਲੂ ਰਹੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਹਿਲੀ ਪਤਨੀ ਜਾਂ ਪਤੀ ਦੇ ਮਰਨ ਉਪਰੰਤ ਅਜਿਹਾ ਵਿਆਹ ਕੀਤਾ ਜਾਂਦਾ ਹੈ। ਕਈ ਵਾਰ (ਪਤੀ ਦੀ ਸੂਰਤ 'ਚ) ਪਤਨੀ ਦੇ ਜੀਊਂਦੇ ਜੀਅ ਹੀ ਦੂਜਾ ਵਿਆਹ ਕਰਵਾ ਲਿਆ ਜਾਂਦਾ ਹੈ। ਅਜਿਹੇ ਸੰਬੰਧਾਂ ਤੋਂ ਪੈਦਾ ਹੋਏ ਬੱਚਿਆਂ ਲਈ ਦੂਜੀ ਮਾਂ ਜਾਂ ਦੂਜਾ ਪਿਓ ਮਤਰੇਏ ਮਾਂ ਪਿਓ ਅਖਵਾਉਂਦੇ ਹਨ ਤੇ ਇਨ੍ਹਾਂ ਦੋਹਾਂ ਪਰਿਵਾਰਾਂ ਤੋਂ ਪੈਦਾ ਹੋਈ ਸੰਤਾਨ ਵੀ ਮਤਰੇਏ ਸੰਬੰਧਾਂ ਵਾਲੇ ਭੈਣ ਭਰਾ ਅਖਵਾਉਂਦੇ ਹਨ। ਮਤਰੇਏ ਸੰਬੰਧਾਂ ਵਿਚ ਪਿਆਰ ਦੀ ਵੰਡ ਤੇ ਜਾਇਦਾਦ ਦੀ ਵੰਡ ਦੋ ਪ੍ਰਮੁਖ ਕਾਰਣਾਂ ਕਰਕੇ ਪਰਸਪਰ ਤਣਾਓ ਸਿਰਜਿਆ ਮਿਲਦਾ ਹੈ। ਲੋਕ ਗੀਤਾਂ ਵਿਚ ਅਜੇਹੇ ਸੰਬੰਧਾਂ ਦਾ ਪ੍ਰਗਟਾਵਾ ਨਾਂ-ਮਾਤਰ ਹੀ ਹੈ। ਮਤਰੇਆ ਵਿਹਾਰ ਵਿਤਕਰਾ ਭਰਪੂਰ ਹੁੰਦਾ ਹੈ। ਅਜਿਹੀ ਵਿਤਕਰਾ ਭਰਪੂਰ ਸਥਿਤੀ ਵਿਚ ਸਰਪ ਤੇ ਦਵਾ ਨਾਲ ਨਾਲ ਚਲਦੇ ਹਨ ਜਿਵੇਂ :

ਉੱਡ ਉੱਡ ਕਾਵਾਂ ਵੇ, ਤੇਰੀਆਂ ਲੰਮੀਆਂ ਛਾਵਾਂ,
ਮਰਨ ਮਤਰੇਈਆਂ ਵੇ, ਜਗ ਜੀਵਣ ਮਾਵਾਂ।

ਮਤਰੇਏ ਪਿਓ ਦਾ ਵਿਹਾਰ ਵੀ ਭਾਵੇਂ ਲੱਖ ਚੰਗਾ ਹੋਵੇ ਤਾਂ ਵੀ ਅਚੇਤ ਮਨ ਅੰਦਰ ਉਸ ਦੇ ਮਤਰੇਏ ਹੋਣ ਦਾ ਅਹਿਸਾਸ ਰਹਿੰਦਾ ਹੈ ਜਿਸ ਕਾਰਣ ਕਦੇ ਵੀ ਸਮਝੌਤਾ ਸਥਿਤੀ ਦੀ ਨੌਬਤ ਪੈਦਾ ਨਹੀਂ ਹੁੰਦੀ ਅਤੇ ਨਫ਼ਰਤ ਦੇ ਬੀਜ ਇਸ ਵਿਚ ਮੌਲਦੇ ਰਹਿੰਦੇ ਹਨ। ਮਤਰੇਏ ਭੈਣ ਭਰਾਵਾਂ ਨੂੰ ਹੀ ਭਾਵੇਂ ਸਮਾਜ ਦੀ ਨਿਗਾਹ ਵਿਚ ਲਹੂ ਦੇ ਰਿਸ਼ਤਿਆਂ ਦੇ ਤੌਰ ਤੇ ਪ੍ਰਵਾਨਗੀ ਪ੍ਰਾਪਤ ਹੈ ਪਰ ਇਹ ਕਦੇ ਵੀ ਲਹੂ ਦੇ ਰਿਸ਼ਤਿਆਂ ਵਾਂਗ ਸੰਪੂਰਣ ਤੌਰ ਤੇ ਆਪਸੀ ਮਿਲਵਰਤਨ ਤੇ ਸਨੇਹ ਦੀ ਭਾਵਨਾ ਦਾ ਪ੍ਰਗਟਾਵਾ ਨਹੀਂ ਕਰ ਸਕਦੇ। ਇਨ੍ਹਾਂ ਵਿਚਕਾਰ ਸ਼ੱਕ ਦੀ ਭਾਵਨਾ ਆਖ਼ਰ ਨਫਰਤ ਵਿਚ ਬਦਲ ਜਾਂਦੀ ਹੈ ਜਿਸ ਕਾਰਣ ਮਾਹੌਲ ਸੁਖਾਵਾਂ ਹੋਣ ਦੀ ਬਜਾਏ ਖਿਚਾਅ ਭਰਪੂਰ ਸਥਿਤੀ ਕਾਰਣ ਇਹ ਰਿਸ਼ਤਾ ਤਣਿਆ ਰਹਿੰਦਾ ਹੈ।

ਔਰਤ ਕੋਮਲ ਦਿਲ ਹੋਣ ਦੇ ਨਾਤੇ ਆਪਣੇ ਪਿਆਰ ਦੀ ਵੰਡ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ। ਜਦ ਪਤੀ ਪਤਨੀ ਦੇ ਜੀਊਂਦੇ ਜੀਅ ਹੋਰ ਵਿਆਹ ਕਰਵਾ ਲੈਂਦਾ ਹੈ ਉਹ (ਦੋਵੇਂ ਪਤਨੀਆਂ) ਆਪਸ ਵਿਚ ਸੌਂਕਣਾਂ ਦੇ ਰਿਸ਼ਤੇ ਦਾ ਰੂਪ ਧਾਰ ਲੈਂਦੀਆਂ ਹਨ। ਦੋਹਾਂ ਵਿਚਕਾਰ ਇਕ ਦਵੰਦ ਚਲਦਾ ਹੈ। ਇਕ ਦੀ ਖੁਸ਼ੀ 'ਚ ਦੂਜੀ ਦਾ ਦੁੱਖ ਤੇ ਦੂਜੀ ਦੇ ਦੁੱਖ 'ਚ ਇਕ ਦੇ ਸੁੱਖ ਤੋਂ ਪਰਸਪਰ ਵਿਰੋਧੀ ਸਥਿਤੀਆਂ ਜਨਮ ਲੈਂਦੀਆਂ ਹਨ ਜੋ ਆਪਸੀ ਝਗੜੇ ਤੇ ਈਰਖਾਬਾਜ਼ੀ ਨੂੰ ਜਨਮ ਦੇਣ ਦਾ ਕਾਰਣ ਬਣ ਜਾਂਦੀਆਂ ਹਨ। ਉਨ੍ਹਾਂ ਦੀ ਲੜਾਈ ਤੇ ਖਿਚੋਤਾਣ ਕਾਰਣ ਪਤੀ ਦਾ ਮਨ ਵੀ ਦੁਖਿੱਤ ਹੋ ਜਾਂਦਾ ਹੈ। ਕਈ ਵਾਰ ਤਾਂ ਉਸ ਨੂੰ ਇਸ ਦਾ ਨਤੀਜਾ ਖ਼ੁਦ ਵੀ ਭੁਗਤਣਾ ਪੈਂਦਾ ਹੈ। ਨਿਮਨ ਗੀਤ ਉਪਰੋਕਤ ਦਲੀਲ ਦਾ ਸਮਰਥਨ ਕਰਦਾ ਹੈ :

ਸਿੰਘ ਜੀ ਦੋ ਨਾਰਾਂ ਬੁਰੀਆਂ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੱਕ ਪਕਾਂਦੀ ਟਾਪਾਂ ਦੂਈ ਚਾੜ੍ਹੇ ਵੜੀਆਂ ।
ਸਿੰਘ ਹੁਰਾਂ ਪਾਣੀ ਮੰਗਿਆ,
ਦੋਏ ਭਰ ਛੰਨਾ ਖੜੀਆਂ ।
ਸੜ ਬਲ ਗਈਆਂ ਟਾਪਾਂ,
ਕੋਲੇ ਹੋ ਗਈਆਂ ਵੜੀਆਂ ।
ਸਿੰਘ ਹੁਰਾਂ ਪਲੰਘ ਵਿਛਾਇਆ,
ਦੋਏ ਤਰੱਪ ਸੇਜੇ ਚੜ੍ਹੀਆਂ ।
ਹਿਕ ਫੜੇਂਦੀ ਦਾਹੜੀਉਂ,
ਦੂਈ ਮੁੱਛਾਂ ਫੜੀਆਂ ।
ਕੋਠੇ ਚੜ੍ਹਕੇ ਕੂਕਦਾ,
ਦੋ ਰੰਨਾਂ ਨੇ ਬੁਰੀਆਂ,
ਲੋਕਾ ਦੋ ਰੰਨਾਂ ਨੇ ਬੁਰੀਆਂ ।

ਦਰਾਂ ਹੇਠ ਲੰਘਿਆ ਪਾਣੀ ਵਾਪਸ ਨਹੀਂ ਆਉਂਦਾ । ਫਿਰ ਉਪਰੋਕਤ ਸਥਿਤੀ ਅਨੁਕੂਲ ਹੀ ਆਪਸੀ ਸ਼ਰੀਕੇ ਨੂੰ ਜਨਮ ਮਿਲਣਾ ਸੁਭਾਵਕ ਹੈ । ਉਨ੍ਹਾਂ ਦੋਹਾਂ ਦਾ ਨਿਆਂ ਕਰਤਾ ਪਤੀ ਹੀ ਹੈ ਇਸ ਲਈ ਇਕ ਦੂਜੀ ਦੀ ਸ਼ਕਾਇਤ ਪਤੀ ਕੋਲ ਹੀ ਕਰ ਸਕਦੀਆਂ ਹਨ :

ਕੂਚ ਕੂਚ ਚਾਟੀਆਂ, ਮੈਂ ਸੁਕਣੇ ਪਾਉਨੀ ਆਂ,
ਇਕ ਚਾਟੀ ਵਿਚ ਲੱਸੀ ਵੇ ਜ਼ਾਲਮਾਂ,
ਸੌਂਕਣ ਬੜੀ ਕੁਪੱਤੀ ਵੇ ਜ਼ਾਲਮਾਂ ।

'ਜ਼ਾਲਮਾਂ' ਸ਼ਬਦ ਨਿਹਿਤ ਤੌਰ ਤੇ ਪਤੀ ਨੂੰ ਫਿਟਕਾਰ ਵੀ ਹੈ ਕੇ ਉਸ ਨੂੰ ਹੀ ਦੋਸ਼ੀ ਠਹਿਰਾਉਣ ਦਾ ਸੰਕੇਤ ਵੀ ਹੈ । ਦੋਵੇਂ ਪਤੀ ਦੀਆਂ ਸਹੇੜ ਹੋਣ ਕਾਰਣ ਉਹ ਵੀ ਉਨ੍ਹਾਂ ਦੇ ਝਗੜੇ ਮਿਝਣੋਂ ਅਸਮਰਥ ਹੁੰਦਾ ਹੈ । ਇਨ੍ਹਾਂ ਦੋਹਾਂ ਦੀ ਉਮਰ ਵਿਚ ਪਾੜਾ ਹੁੰਦਾ ਹੈ । ਪਰ ਜਦ ਮਗਰੋਂ ਵਿਆਹ ਕੇ ਲਿਆਂਦੀ ਲੜਕੀ ਵੀ ਪ੍ਰੌਢ ਹੋ ਜਾਂਦੀ ਹੈ ਤਾਂ ਮੁਕਾਬਲਾ ਆਹਮੋ ਸਾਹਮਣਾ ਹੋਣ ਲੱਗ ਪੈਂਦਾ ਹੈ :

ਤੇਰੇ ਹੱਥ ਕੜਛੀ, ਮੇਰੇ ਹੱਥ ਡੋਈ ।
ਹੁਣ ਲੜ ਸੌਂਕਣੇ, ਮੈਂ ਤੇਰੇ ਜਿੱਡੀ ਹੋਈ ।

'ਤੇਰੇ ਜਿੱਡੀ ਹੋਈ' ਇਕ ਖਾਸ ਸਟੇਜ ਵੱਲ ਇਸ਼ਾਰਾ ਹੈ । ਕਿਉਂਕਿ ਦੂਜਾ ਵਿਆਹ ਸਰਮਾਏਦਾਰੀ ਨਿਜ਼ਾਮ ਵਿਚ ਆਮ ਤੌਰ ਤੇ ਪੈਸੇ ਦੀ ਮਿਹਰਬਾਨੀ ਨਾਲ ਹੀ ਨੇਪਰੇ ਚੜ੍ਹਦਾ ਹੈ । ਅਜਿਹੀ ਹਾਲਤ ਵਿਚ ਲੜਕੀ ਦਾ ਪਿਓ ਸਰਮਾਏਦਾਰੀ ਸਮਾਜ ਦਾ ਦਰਜ਼ਿਆ ਆਪਣੀ ਆਰਥਿਕ ਹਾਲਤ ਨੂੰ ਬਰਕਰਾਰ ਰੱਖਣ ਲਈ ਧੀ ਦਾ ਵਿਆਹ ਪੈਸੇ ਲੈ ਕੇ ਨਿੱਕੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਮਰ ਵਿਚ ਹੀ ਕਰ ਦਿੰਦਾ ਹੈ। ਜਦ ਉਹ ਨਿੱਕੀ ਸੀ ਤਾਂ ਵੱਡੀ ਸੌਂਕਣ ਦੀਆਂ ਗੱਲਾਂ ਸਹਿ ਲੈਂਦੀ ਸੀ ਪਰ ਹੁਣ ਤਾਂ 'ਸੌਂਕਣ ਸੌਂਕਣ ਦਾ ਮੁਕਾਬਲਾ ਆਹਮੋ ਸਾਹਮਣੇ' ਹੈ।

ਇਕ ਦਾ ਦੁੱਖ ਦੂਜੀ ਲਈ ਖੁਸ਼ੀ ਦਾ ਕਾਰਣ ਬਣਦਾ ਹੈ। ਉਹ ਤਾਂ ਸੰਭਾਵਨਾ ਨੂੰ ਆਵੱਸ਼ਕਤਾ 'ਚ ਬਦਲ ਜਾਣ ਲਈ ਹਰ ਦੁਆ ਕਰਦੀ ਹੈ ਤਾਂ ਕਿ ਉਹ ਸੁਰਖਰੂ ਹੋ ਕੇ ਜ਼ਿੰਦਗੀ ਬਤੀਤ ਕਰ ਸਕੇ। ਇਕ ਦੇ ਦੁੱਖ ਬਾਬਤ ਦੂਜੀ ਦੀ ਸਾਰ ਲੈਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ :

ਛੱਲਾ ਚਿੱਟੀ ਚਾਂਦੀ ਸੌਂਕਣ ਪੈ ਗਈ ਮਾਂਦੀ,
ਜੁੱਤੀ ਪੁੱਛਣ ਜਾਂਦੀ, ਹੋ ਮਾੜੇ ਛੱਲਿਆ।

ਇਕ ਦੀ ਮੌਤ ਦੂਜੀ ਲਈ ਖੁਸ਼ੀ ਦਾ ਕਾਰਣ ਬਣਦੀ ਹੈ :

ਅਸਾਂ ਸੁਣਿਆਂ, ਤੁਸਾਂ ਦਿੱਲੀ ਪਾਈ ਛਾਵਣੀ,
ਮਾੜ੍ਹੇ ਜੋਗਾ ਟਿੱਕਾ, ਮਾੜ੍ਹੀ ਸੌਂਕਣ ਜੋਗੀ ਦਾਵਣੀ,
ਸੌਂਕਣ ਮਰ ਗਈ, ਦਾਵਣੀ ਅਸਾਂ ਹੰਢਾਵਣੀ।

ਉਪਰੋਕਤ ਲੋਕ ਗੀਤਾਂ ਤੋਂ ਇਸ ਰਿਸ਼ਤੇ ਦੀ ਸਮਾਜਕ ਅਵਸਥਾ ਦਾ ਉਲੇਖ ਸਪੱਸ਼ਟ ਹੈ। ਇਸ ਦੀ ਦਵੰਦਤਾ ਵਿਚ ਆਰਥਿਕ ਤੇ ਮਾਨਸਿਕ ਦੋਵੇਂ ਹੀ ਕਾਰਣ ਕਾਰਜਸ਼ੀਲ ਹਨ।

## ਹਵਾਲੇ ਅਤੇ ਟਿੱਪਣੀਆਂ

1. ਸੁਹਿੰਦਰ ਸਿੰਘ ਬੇਦੀ, ਉਹੀ ਰਚਨਾ, ਪੰਨਾ 81.
2. ਉਹੀ, ਪੰਨਾ 82
3. 'ਭਾਰਤੀ ਪਿੰਡ', ਪੰਨਾ 161.
4. ਭਗਵਾਨ ਦਾਸ ਮਜ਼ਬੂਰ, ਉਹੀ ਰਚਨਾ, ਪੰਨਾ 335.
5. ਸੁਹਿੰਦਰ ਸਿੰਘ ਬੇਦੀ, ਉਹੀ ਰਚਨਾ, ਪੰਨੇ 81-82.
6. ਮਹਿੰਦਰ ਸਿੰਘ ਰੰਧਾਵਾ, ਉਹੀ ਰਚਨਾ, ਪੰਨਾ 26.
7. ਉਹੀ, ਪੰਨੇ 48-49.
8. ਸ੍ਰੀਧਰ ਮਿਸ਼ਰ, ਉਹੀ ਰਚਨਾ, ਪੰਨਾ 96.
9. ਸੁਹਿੰਦਰ ਸਿੰਘ ਬੇਦੀ, ਉਹੀ ਰਚਨਾ, ਪੰਨਾ 81.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਨਿਸ਼ਕਰਸ਼

ਲੋਕ ਗੀਤਾਂ ਵਿਚ ਪਰਿਵਾਰਕ ਰਿਸ਼ਤਿਆਂ ਦੀ ਪੇਸ਼ਕਾਰੀ ਸੰਬੰਧੀ ਕੀਤੇ ਗਏ ਉਪਰੋਕਤ ਅਧਿਐਨ ਤੋਂ ਬਾਅਦ ਹੇਠ ਲਿਖੇ ਪ੍ਰਮੁੱਖ ਸਿੱਟੇ ਕੱਢੇ ਜਾ ਸਕਦੇ ਹਨ :

(ੳ) ਪਰਿਵਾਰ ਮੁੱਢਲੀ ਸਮਾਜਕ ਸੰਸਥਾ ਹੈ। ਪਰਿਵਾਰ ਦਾ ਹਰੇਕ ਜੀਅ ਇਸ ਸੰਸਥਾ ਦਾ ਅਟੁੱਟ ਅੰਗ ਹੈ। ਲੋਕ ਗੀਤ ਪਰਿਵਰਕ ਸਮੂਹ ਦੇ ਅੰਤਰਗਤ ਵਿਚਰਨ ਵਾਲੇ ਹਰੇਕ ਜੀਅ ਦੇ ਇਕ ਦੂਜੇ ਪ੍ਰਤਿ ਫ਼ਰਜ਼ਾਂ ਅਤੇ ਅਧਿਕਾਰਾਂ ਦੀ ਤਰਜਮਾਨੀ ਕਰਦੇ ਹਨ। ਇਹ ਰਿਸ਼ਤੇ ਸਮਾਜਕ ਰੁਤਬਿਆਂ ਅਨੁਸਾਰ ਵਿਹਾਰ ਦੀ ਮੰਗ ਕਰਦੇ ਹਨ, ਪਰ ਜਦ ਪਰਿਵਾਰ ਦਾ ਕੋਈ ਮੈਂਬਰ ਇਨ੍ਹਾਂ ਰੁਤਬਿਆਂ ਨੂੰ ਅੱਖੋਂ ਪ੍ਰੋਖੇ ਕਰਕੇ, ਫਰਜ਼ਾਂ ਜਾਂ ਅਧਿਕਾਰਾਂ ਦੀ ਉਲੰਘਣਾ ਕਰਕੇ, ਰਿਸ਼ਤੇ ਦੀ ਕੋਤਾਹੀ ਕਰਦਾ ਹੈ ਤਾਂ ਉਸ ਨੂੰ ਲੋਕ ਗੀਤ ਵਿਅੰਗਾਤਮਕ ਸੁਰ ਵਿਚ ਪੇਸ਼ ਕਰਦੇ ਹਨ। ਇਨ੍ਹਾਂ ਲੋਕ ਗੀਤਾਂ ਵਿਚ ਇਕ ਅੱਧ ਰਿਸ਼ਤੇ ਨੂੰ ਛੱਡ ਕੇ ਬਾਕੀ ਰਿਸ਼ਤਿਆਂ ਦਾ ਵਾਸਤਵਿਕ ਸਰੂਪ ਪੇਸ਼ ਹੋਇਆ ਹੈ। ਇਸ ਕਾਰਣ ਵਾਸਤਵਿਕ, ਭਾਵੁਕਤਾ-ਭਰਪੂਰ, ਮਜਾਕ-ਭਰਪੂਰ, ਈਰਖਾ-ਭਰਪੂਰ ਅਤੇ ਆਦਰ-ਭਰਪੂਰ ਆਦਿ ਹਰੇਕ ਪ੍ਰਕਾਰ ਦੇ ਰਿਸ਼ਤਿਆਂ ਦੀ ਲੋਕ ਗੀਤਾਂ ਵਿਚ ਤਰਜਮਾਨੀ ਹੋਈ ਮਿਲਦੀ ਹੈ।

(ਅ) ਲੋਕ ਗੀਤਾਂ ਵਿਚ ਭੈਣਾਂ ਦਾ ਰਿਸ਼ਤਾ, ਪਿਉ-ਧੀ, ਮਾਂ-ਧੀ, ਮਾਂ-ਪੁੱਤ, ਦਾਦੇ-ਦਾਦੀ ਅਤੇ ਪੋਤੇ ਪੋਤਰੀ, ਨਾਨੇ-ਨਾਨੀ ਅਤੇ ਦੋਹਤੇ-ਦੋਹਤੀ ਦਾ ਰਿਸ਼ਤਾ ਸੁਖਾਵੀਂ ਸਥਿਤੀ ਅਨੁਕੂਲ ਪੇਸ਼ ਹੋਇਆ ਹੈ। ਇਸ ਦਾ ਕਾਰਣ ਇਨ੍ਹਾਂ ਵਿਚਕਾਰ ਆਰਥਿਕ ਤੇ ਸਮਾਜਕ ਸੰਸਥਾਵਾਂ ਦੀ ਵਾਰਸੀ ਦੇ ਸਵਾਲ ਦੀ ਅਣਹੋਂਦ ਹੈ। ਦੂਜੇ ਇਨ੍ਹਾਂ ਰਿਸ਼ਤਿਆਂ ਵਿਚ ਵਿੱਥ ਵੀ ਸਨੇਹ ਨੂੰ ਵਧਾਉਂਦੀ ਹੈ। ਪਤੀ ਪਤਨੀ ਦੇ ਰਿਸ਼ਤੇ ਦੀ ਪ੍ਰਕਿਰਤੀ ਵੀ ਇਸੇ ਸਥਿਤੀ ਦੀ ਧਾਰਨੀ ਹੈ। ਔਰਤ ਜਾਗੀਰੂ ਸੁਭਾਅ ਦੇ ਆਦਮੀ ਨਾਲ ਬੰਦਿਸ਼ਾਂ ਭਰਪੂਰ ਜੀਵਨ ਹੀ ਬਤੀਤ ਕਰਦੀ ਹੈ। ਕਿਤੇ ਕਿਤੇ ਤਕਰਾਰ ਜ਼ਰੂਰ ਮਿਲਦਾ ਹੈ ਪਰ ਇਹ ਸਾਂਸਕ੍ਰਿਤਿਕ ਜੀਵਨ ਅਨੁਕੂਲ ਥੋੜ੍ਹ ਚਿਰਾ ਹੀ ਹੁੰਦਾ ਹੈ। ਆਮ ਸਥਿਤੀ ਸੁਖਾਵੀਂ ਹੀ ਰਹਿੰਦੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੲ) ਕੁੱਝ ਰਿਸ਼ਤੇ ਮੋਹ ਭਰਪੂਰ ਹੁੰਦੇ ਹੋਏ ਵੀ ਆਖਰ ਤਣਾਉ ਮੁਖੀ ਵਤੀਰੇ ਦੇ ਸਿਰਜਕ ਬਣ ਜਾਂਦੇ ਹਨ। ਅਜਿਹਾ ਇਨ੍ਹਾਂ ਰਿਸ਼ਤਿਆਂ ਵਿਚ ਜਾਇਦਾਦ ਦੀ ਵਾਰਸੀ ਦਾ ਸਵਾਲ ਨਿਹਿਤ ਹੋਣ ਕਰਕੇ ਹੁੰਦਾ ਹੈ ਜਿਵੇਂ ਭੈਣ ਭਰਾ ਤੇ ਭਰਾ ਭਰਾ ਦਾ ਰਿਸ਼ਤਾ। ਪੂਰਵ ਵਿਆਹ ਇਹ ਨਿਰਸੰਦੇਹ ਇਕ ਦੂਜੇ ਲਈ ਪਿਆਰ ਦੀਆਂ ਮੂਰਤੀਆਂ ਬਣੇ ਰਹਿੰਦੇ ਹਨ, ਭਰਾ ਇਕ ਦੂਜੇ ਦੀਆਂ ਬਾਹਵਾਂ ਬਣਕੇ ਸਮਾਜੀ ਜੀਵਨ ਵਿਚ ਵਿਚਰਦੇ ਹਨ ਪਰ ਸਵਾਰਥੀ ਬਿਰਤੀ ਅਧੀਨ ਇਨ੍ਹਾਂ ਸੰਬੰਧਾਂ ਦੇ ਟੁਟਦਿਆਂ ਘੜੀ ਨਹੀਂ ਲੱਗਦੀ। ਲੋਕ ਗੀਤਾਂ ਵਿਚ ਭੈਣ ਭਰਾ ਦੇ ਰਿਸ਼ਤੇ ਵਿਚ ਪੈਣ ਵਾਲੀਆਂ ਤਰੇੜਾਂ ਦਾ ਬਿਆਨ ਨਹੀਂ ਕੀਤਾ ਗਿਆ। ਅਜਿਹਾ ਸ਼ਾਇਦ ਇਸ ਕਰਕੇ ਹੈ ਕਿ ਪਹਿਲਾਂ ਭੈਣ ਕਾਨੂੰਨਨ ਜਾਇਦਾਦ ਦੀ ਮਾਲਕ ਨਹੀਂ ਸੀ। ਪਰ ਹੁਣ ਇਹ ਟੁੱਟਣ ਦੀ ਬਿਰਤੀ ਜ਼ਰੂਰ ਜ਼ੋਰ ਫੜਦੀ ਜਾ ਰਹੀ ਹੈ। ਪਿਉ ਪੁੱਤ ਵਿਚਕਾਰ ਵੀ ਅਜਿਹਾ ਹੀ ਸਬੰਧ ਦ੍ਰਿਸ਼ਟਾਂਗੋਚਰ ਹੁੰਦਾ ਹੈ। ਜਦ ਪੁੱਤ ਆਪਣੇ ਅਧਿਕਾਰਾਂ ਨੂੰ ਪਹਿਚਾਣਦਾ ਹੈ ਤਾਂ ਉਤਰਾਧਿਕਾਰਤਾ ਦੀ ਗੱਲ ਉਸ ਦੀ ਚੇਤਨਾ ਦਾ ਅੰਗ ਬਣ ਜਾਂਦੀ ਹੈ ਜਿਸ ਤੇ ਪਿਉ ਹੀ ਸਥਿਤੀ ਨਾਲ ਸਮਝੌਤਾ ਕਰਕੇ ਉਸ ਨੂੰ ਅਲੱਗ ਘਰ ਬਣਾ ਦਿੰਦਾ ਹੈ। ਜਿਸ ਕਾਰਣ ਪਿਉ ਪੁੱਤ ਦਾ ਰਿਸ਼ਤਾ ਇੰਨਾ ਨਹੀਂ ਵਿਗੜਦਾ ਜਿੰਨੇ ਕਿ ਹੋਰ ਰਿਸ਼ਤੇ। ਇਸ ਰਿਸ਼ਤੇ ਦਾ ਉਪਰੋਕਤ ਸੁਭਾਅ ਸਭਿਆਚਾਰਕ ਹੀ ਹੈ। ਲੋਕ ਗੀਤਾਂ ਦੀ ਅਣਹੋਂਦ ਕਾਰਣ ਇਸ ਦਾ ਲੋਕ ਗੀਤਕ ਆਧਾਰ ਲੱਭਣਾ ਮੁਸ਼ਕਿਲ ਹੈ।

(ਸ) ਲੋਕ ਗੀਤਾਂ ਵਿਚ ਸਮਾਜਕ ਪਦਵੀਆਂ ਵਾਲੇ ਰਿਸ਼ਤੇ ਵਿਰੋਧਾਭਾਸ਼ਾਈ ਹੋਣ ਕਾਰਣ ਤਣਾਉ-ਗ੍ਰਸਤ ਰੂਪ ਵਿਚ ਪੇਸ਼ ਹੋਏ ਹਨ। ਨਣਾਨ ਭਰਜਾਈ ਤੇ ਨੂੰਹ ਸੱਸ ਦੀ ਸਮਾਜਕ ਪਦਵੀ ਵਿਚ ਵਿਰੋਧ ਹੁੰਦਾ ਹੈ। ਇਕ ਨੇ ਦੂਜੀ ਦੀ ਪਦਵੀ ਹਾਸਲ ਕਰਨੀ ਹੁੰਦੀ ਹੈ ਜਿਸ ਕਾਰਣ ਇਸ ਮੁੱਢਲੇ ਅਧਿਕਾਰ ਨੂੰ ਮੱਦੇ ਨਜ਼ਰ ਰੱਖ ਕੇ ਰਿਸ਼ਤਾ ਪਹਿਲੇ ਕੁਝ ਦਿਨਾਂ ਬਾਅਦ ਹੀ ਤਣਾਉ ਮੁਖੀ ਵਤੀਰੇ ਦਾ ਸਿਰਜਕ ਬਣ ਜਾਂਦਾ ਹੈ। ਇਸ ਰਿਸ਼ਤੇ ਦਾ ਲੋਕਗੀਤਕ ਤੇ ਸਾਂਸਕ੍ਰਿਤਿਕ ਵਿਹਾਰ ਸਮਰੂਪੀ ਹੈ।

(ਹ) ਹਾਸੇ ਮਜ਼ਾਕ ਵਾਲੇ ਸੰਬੰਧਾਂ ਵਿਚ ਸੰਭਾਵਨਾ (Potentiality) ਹੋਣ ਕਾਰਣ ਕੋਈ ਵੀ ਧਿਰ ਬੁਰਾ ਨਹੀਂ ਮਨਾਉਂਦੀ ਕਿਉਂਕਿ ਅਜਿਹੇ ਵਤੀਰੇ ਦੀ ਸਮਾਜ ਵਲੋਂ ਪ੍ਰਵਾਨਗੀ ਹੁੰਦੀ ਹੈ। ਦਿਉਰ-ਭਰਜਾਈ ਅਤੇ ਜੀਜਾ-ਸਾਲੀ ਦਾ ਰਿਸ਼ਤਾ ਸੰਭਾਵੀ (Potential) ਰਿਸ਼ਤਾਂ ਥੋੜ੍ਹੀ ਕੀਤੇ ਵਿਗੜਦਾ ਨਹੀਂ ਪਰ ਜੇਕਰ ਵਿਗੜ ਜਾਵੇ ਤਾਂ ਅਤਿਅੰਤ ਖਤਰਨਾਕ ਸਥਿਤੀ ਗ੍ਰਹਿਣ ਕਰ ਲੈਂਦਾ ਹੈ। ਦਿਉਰ ਭਾਬੀ ਦੇ ਰਿਸ਼ਤੇ ਵਿਚ ਅਧਿਕਾਰਾਂ ਦੀ ਗੱਲ ਹੋਣ ਕਰਕੇ ਸੁਆਰਥੀ ਬਿਰਤੀ ਤਣਾਉ ਸਿਰਜਣ ਦਾ ਕਾਰਣ ਵੀ ਬਣਦੀ ਹੈ। ਪਰ ਜੀਜਾ ਸਾਲੀ ਦੇ ਰਿਸ਼ਤੇ ਵਿਚ ਸੁਆਰਥ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਣਹੋਂਦ ਕਾਰਣ ਗੁੱਸੇ ਨਰਾਜ਼ਗੀ ਤੋਂ ਗੱਲ ਅਗਾਂਹ ਨਹੀਂ ਪਹੁੰਚਦੀ। ਇਨ੍ਹਾਂ ਰਿਸ਼ਤਿਆਂ ਦੀ ਲੋਕ ਗੀਤਾਂ ਵਿਚ ਪੇਸ਼ਕਾਰੀ ਯਥਾਰਥਕ ਰੂਪ ਵਿਚ ਹੋਈ ਮਿਲਦੀ ਹੈ।

(ਕ) ਜੇਠ ਤੇ ਸਹੁਰੇ ਦਾ ਰਿਸ਼ਤਾ ਸਾਂਸਕ੍ਰਿਤਿਕ ਜੀਵਨ ਵਿਚ ਬਹੁਤ ਪਵਿੱਤਰ ਹੈ ਪਰ ਲੋਕ ਗੀਤਾਂ ਵਿਚ ਇਸ ਰਿਸ਼ਤੇ ਦਾ ਨਾਕਾਰਾਤਮਕ ਪੱਖ ਹੀ ਦਰਸਾਇਆ ਗਿਆ ਹੈ। ਗੱਲੇ ਕਥੇ ਵਿਅੰਗ ਹੈ। ਦਰਅਸਲ ਜਵਾਨੀ ਜਦੋਂ ਕਿਸੇ ਵਿਅਕਤੀ ਸਾਹਵੇਂ ਆਪਣੀਆਂ ਭਾਵਨਾਵਾਂ ਦਾ ਖੁਲ੍ਹਕੇ ਇਜ਼ਹਾਰ ਨਹੀਂ ਕਰ ਸਕਦੀ ਤਾਂ ਉਹ ਜਜ਼ਬਿਆਂ ਨੂੰ ਪ੍ਰਗਟਾਉਣ ਲਈ ਲੋਕ ਗੀਤਾਂ ਦੀ ਸਿਰਜਕ ਬਣਦੀ ਹੈ ਤੇ ਬੰਦਿਸ਼ਾਂ ਅਧੀਨ ਰੱਖਣ ਵਾਲੀਆਂ ਸੰਸਥਾਵਾਂ/ਵਿਅਕਤੀਆਂ ਨੂੰ ਬੁਰਾ ਭਲਾ ਕਹਿੰਦੀ ਹੈ। ਸਹੁਰੇ ਦੇ ਤਾਂ ਕਿਤੇ ਕਿਤੇ ਹੱਕ 'ਚ ਗੱਲ ਕੀਤੀ ਗਈ ਹੈ ਪਰ ਜੇਠ ਚਾਹੇ ਉਹ ਛੜਾ ਹੈ ਜਾਂ ਵਿਆਹਿਆ, ਭੱਦਰਪੁਰਸ਼ ਹੈ ਜਾਂ ਸ਼ਰਾਰਤੀ ਬਿਰਤੀ ਵਾਲਾ, ਨੂੰ ਵਿਅੰਗ ਦਾ ਨਿਸ਼ਾਨਾ ਹੀ ਬਣਾਇਆ ਗਿਆ ਹੈ।

(ਖ) ਆਪਸੀ ਈਰਖਾਬਾਜ਼ੀ ਵਾਲੇ ਰਿਸ਼ਤਿਆਂ ਦਾ ਲੋਕਗੀਤਕ ਵਰਣਨ ਅਤਿ ਯਥਾਰਥਕ ਢੰਗ ਨਾਲ ਹੋਇਆ ਮਿਲਦਾ ਹੈ। ਜਠਾਣੀ-ਦਰਾਣੀ, ਸੌਂਕਣ-ਸੌਂਕਣ ਅਤੇ ਮਤਰੇਏ ਸੰਬੰਧ ਆਮ ਸਾਂਸਕ੍ਰਿਤਿਕ ਪਰਿਸਥਿਤੀਆਂ ਅਧੀਨ ਵੀ ਈਰਖਾਵੱਸ ਹੋ ਕੇ ਹੀ ਗੁਜ਼ਰਦੇ ਹਨ। ਇਨ੍ਹਾਂ ਦੀ ਚੇਤਨਾ ਦੇ ਅੰਤਰਗਤ ਸਵਾਰਥੀ ਬਿਰਤੀਆਂ ਨਿਹਿਤ ਰਹਿੰਦੀਆਂ ਹਨ। ਸੌਂਕਣ ਤੇ ਮਤਰੇਏ ਸੰਬੰਧਾਂ ਵਿਚ ਪਿਆਰ ਦਾ ਵਿਭਾਜਨ ਵੀ ਘਰੇਲੂ ਅਤੇ ਮਾਨਸਿਕ ਕਲੇਸ਼ ਤੇ ਤਣਾਉ ਦਾ ਕਾਰਣ ਬਣਦਾ ਹੈ।

(ਗ) ਆਪਣੇ ਹੀ ਖ਼ੂਨ ਦੀ ਸਾਂਝ ਹੋਣ ਕਾਰਣ ਚਾਚੇ, ਤਾਏ, ਮਾਸੀ, ਭੂਆ ਮਾਮੇ ਆਦਿ ਦਾ ਪਿਆਰ ਆਪਣੇ ਬੱਚਿਆਂ ਤੋਂ ਹਟ ਕੇ ਦੁਜੈਲੀ ਥਾਂ ਭਤੀਜੇ/ਭਤੀਜੀਆਂ ਅਤੇ ਭਣੇਵੇਂ/ਭਣੇਵੀਆਂ ਨੂੰ ਪ੍ਰਦਾਨ ਕਰਦਾ ਹੈ।

(ਘ) ਜਵਾਈ ਦਾ ਰਿਸ਼ਤਾ ਆਦਰ ਭਰਪੂਰ ਹੁੰਦਾ ਹੈ ਕਿਉਂਕਿ ਧੀ ਦੇ ਮਣਸਣ ਦਾ ਸੰਕਲਪ ਪੰਜਾਬੀ ਭਾਈਚਾਰੇ ਦੀ ਚੇਤਨਾ ਦਾ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਜਵਾਈ ਵੀ ਆਪਣੀ ਸਮਾਜਕ ਪੁਜੀਸ਼ਨ ਨੂੰ ਬਰਕਰਾਰ ਰੱਖਣ ਲਈ ਸੁਲਝੀ ਸ਼ਖ਼ਸੀਅਤ ਦਾ ਪ੍ਰਗਟਾਵਾ ਕਰਦਾ ਹੈ। ਸਹੁਰੇ ਘਰ ਰਹਿਣ ਵਾਲੇ ਜਵਾਈ ਦੀ ਇੱਜ਼ਤ ਘਟ ਜਾਂਦੀ ਹੈ। ਵੈਸੇ ਜਵਾਈ ਪਿੰਡ ਦੇ ਹਰੇਕ ਵਿਅਕਤੀ ਲਈ ਜਵਾਈ ਹੀ ਹੁੰਦਾ ਹੈ ਜਿਸ ਕਾਰਣ ਪੇਂਡੂ ਭਾਈਚਾਰਾ ਉਸ ਨੂੰ ਇੱਜ਼ਤ ਦੀ ਦ੍ਰਿਸ਼ਟੀ ਤੋਂ ਹੀ ਵੇਖਦਾ ਹੈ।

ਪ੍ਰਮੁੱਖ ਰੂਪ 'ਚ ਇਹ ਕਿਹਾ ਜਾ ਸਕਦਾ ਹੈ ਕਿ ਸਾਂਸਕ੍ਰਿਤਿਕ ਜੀਵਨ ਵਿਚ ਆਰਥਿਕ ਜਾਂ ਸਮਾਜਕ ਵਾਰਸੀ ਦਾ ਸਵਾਲ ਉਤਪੰਨ ਹੋ ਜਾਣ ਕਾਰਣ ਕੁਝ ਰਿਸ਼ਤੇ ਤਣਾਉ-ਗ੍ਰਸਤ ਪ੍ਰਕਿਰਤੀ ਦੇ ਧਾਰਣੀ ਹੋ ਜਾਂਦੇ ਹਨ ਜਦ ਕਿ ਬਾਕੀ ਰਿਸ਼ਤੇ ਸੁਖਾਵੇਂ ਮਾਹੌਲ ਵਿਚ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚਰਦੇ ਰਹਿੰਦੇ ਹਨ। ਇਕ ਦੋ ਰਿਸ਼ਤਿਆਂ ਤੋਂ ਸਿਵਾਏ ਰਿਸ਼ਤਿਆਂ ਦਾ ਲੋਕ ਗੀਤਾ ਵਿਚ ਸਰੂਪ ਸਾਂਸਕ੍ਰਿਤਿਕ ਪਥਾਰਥਕ ਪ੍ਰਕਿਰਤੀ ਅਨੁਕੂਲ ਹੀ ਢਲਿਆ ਹੋਇਆ ਹੈ। ਤਾਂ ਵੀ ਅਸੀਂ ਇਸ ਗੱਲ ਤੋਂ ਪੂਰੀ ਤਰ੍ਹਾਂ ਚੌਕਸ ਹਾਂ ਕਿ ਪੰਜਾਬੀ ਲੋਕ ਗੀਤਾਂ ਵਿਚ ਪੰਜਾਬੀ ਰਿਸ਼ਤਾ-ਨਾਤਾ ਪ੍ਰਣਾਲੀ ਜਿੱਥੋਂ ਤਕ ਪ੍ਰਤੀਬਿੰਬਤ ਹੈ, ਹੋ ਸਕਦਾ ਹੈ ਆਪਣੇ ਇਸ ਅਧਿਐਨ ਵਿਚ ਉਸ ਦੇ ਸਾਰੇ ਪੱਖ ਉਜਾਗਰ ਨਾ ਕਰ ਸਕੇ ਹੋਈਏ। ਆਪਣੀ ਤਰ੍ਹਾਂ ਦਾ ਪੰਜਾਬੀ ਵਿਚ ਪਹਿਲਾ ਯਤਨ ਹੋਣ ਕਾਰਣ ਇਸ ਤਰ੍ਹਾਂ ਦੀ ਕ੍ਰਮੀ ਰਹਿ ਜਾਣੀ ਸੁਭਾਵਕ ਹੀ ਹੈ। ਪੰਜਾਬੀ ਲੋਕ ਗੀਤਾਂ ਦੇ ਭਰਪੂਰ ਖਜ਼ਾਨੇ ਨੂੰ ਇਸ ਪੱਖੋਂ ਅਤੇ ਹੋਰ ਕਈ ਸਮਾਜਕ-ਵਿਗਿਆਨਕ ਪੱਖਾਂ ਤੋਂ ਵੀ ਘੋਖਣਾ-ਪੜਤਾਲਣਾ ਅਜੇ ਬਾਕੀ ਹੈ ਅਤੇ ਸੰਭਾਵਨਾਵਾਂ ਭਰਪੂਰ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪੁਸਤਕ-ਸੂਚੀ

## ਪੰਜਾਬੀ


ਆਤਮਜੀਤ ਸਿੰਘ (ਡਾ.), 'ਸਾਹਿਤਕੀ', ਅੰਮ੍ਰਿਤਸਰ : ਰਾਵੀਆ ਪ੍ਰਕਾਸ਼ਨ, 1980.

ਅੰਮ੍ਰਿਤਾ ਪ੍ਰੀਤਮ, 'ਪੰਜਾਬ ਦੀ ਅਵਾਜ਼', ਦਿੱਲੀ : ਨਵਯੁਗ ਪਬਲਿਸ਼ਰਜ਼, ਚੌਥੀ ਵਾਰ, 1970.

— — —, 'ਮੌਲੀ ਤੇ ਮਹਿੰਦੀ', ਦਿੱਲੀ : ਨਵਯੁਗ ਪਬਲਿਸ਼ਰਜ਼, ਚੌਥੀ ਵਾਰ, 1970.

ਅਮੋਲ, ਐਸ. ਐਸ., 'ਭਾਰਤੀ ਸਮਾਜਕ ਸੰਸਥਾਵਾਂ', ਪਟਿਆਲਾ : ਪੰਜਾਬੀ ਯੂਨੀਵਰਸਿਟੀ, ਮਿਤੀਹੀਣ।

ਸਤਿਆਰਥੀ, ਦੇਵਿੰਦਰ, 'ਗਿੱਧਾ', ਦਿੱਲੀ : ਨਵਯੁਗ ਪਬਲਿਸ਼ਰਜ਼, ਪੰਜਵਾਂ ਸੰਸਕਰਣ, 1970.

ਸ਼ਮਸ਼ੇਰ, ਕਰਤਾਰ ਸਿੰਘ, 'ਜਿਊਂਦੀ ਦੁਨੀਆ, ਲੁਧਿਆਣਾ : ਨਵਸਾਹਿਤ ਪ੍ਰਕਾਸ਼ਨ, ਦੂਜੀ ਵਾਰ, 1959.

'ਕਸ਼ਮੀਰੀ ਲੋਕ ਗੀਤ' (ਅਨੁ. ਹਰਬੰਸ ਸਿੰਘ ਆਜ਼ਾਦ) ਜੰਮੂ : ਜੰਮੂ ਐਂਡ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼, 1974–75.

ਕੋਵਾਲਸਕ, ਐਨ. ਏ., 'ਅੱਜ ਦੀ ਇਸਤਰੀ' (ਸੰਪ. ਵਾਈ ਬੀ. ਬੈਲੀਨੋਰਾ), (ਪੰਜਾਬੀ ਐਡੀਸ਼ਨ) ਚੰਡੀਗੜ੍ਹ : ਪੰਜਾਬ ਬੁਕ ਸੈਂਟਰ, ਮਿਤੀਹੀਣ।

ਖਹਿਰਾ, ਭੂਪਿੰਦਰ ਸਿੰਘ, 'ਭਾਵ ਲੋਕ', ਸਮਰਾਲਾ : ਕਮਲ ਪਬਲੀਕੇਸ਼ਨ, ਮਿਤੀਹੀਣ।

ਘੁੰਮਣ, ਅਮਰਜੋਤ ਕੌਰ ਤੇ ਸੁਭਾਗ ਸੋਹੀ, 'ਸਾਂਝੇ ਦਿਲਾਂ ਦੀ ਧੜਕਣ', ਅੰਮ੍ਰਿਤਸਰ : ਨਵੀਨ ਪ੍ਰਕਾਸ਼ਨ, 1975.

ਡੇਵਿਸ, ਕਿੰਗਜਲੇ, 'ਮਨੁੱਖੀ ਸਮਾਜ', (ਅਨੁ. ਪਰਕਾਸ਼ ਸਿੰਘ ਜੰਮੂ), ਪਟਿਆਲਾ : ਪੰਜਾਬੀ ਯੂਨੀਵਰਸਿਟੀ, 1971.

ਦੂਬੇ, ਐਸ. ਸੀ, 'ਭਾਰਤੀ ਪਿੰਡ' (ਅਨੁ. ਲਖਬੀਰ ਸਿੰਘ), ਪਟਿਆਲਾ : ਪੰਜਾਬੀ ਯੂਨੀਵਰਸਿਟੀ, 1976.




CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਦੀ, ਸੁਹਿੰਦਰ ਸਿੰਘ (ਡਾ.), 'ਪੰਜਾਬ ਦਾ ਲੋਕ ਸਾਹਿਤ', ਦਿੱਲੀ : ਨਵਯੁਗ ਪਬਲਿਸ਼ਰਜ਼, 1968.

— — —, 'ਪੰਜਾਬ ਦੀ ਲੋਕਧਾਰਾ'. ਨਵੀਂ ਦਿੱਲੀ, ਨੈਸ਼ਨਲ ਬੁੱਕ ਟਰੱਸਟ, 1971.

— — —, 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼', ਨਵੀਂ ਦਿੱਲੀ : ਲੋਕ ਪ੍ਰਕਾਸ਼ਨ, ਜਿਲਦ ਪਹਿਲੀ ਤੇ ਦੂਜੀ, 1978.

ਮੈਕਾਈਵਰ ਆਰ. ਐਮ. ਅਤੇ ਚਾਰਲਸ, ਐਚ. ਪੇਜ਼, 'ਸਮਾਜ : ਇਕ ਪ੍ਰਾਰੰਭਕ ਵਿਸ਼ਲੇਸ਼ਣ' (ਅਨੁ. ਸਵਿੰਦਰਜੀਤ ਕੌਰ), ਪਟਿਆਲਾ : ਪੰਜਾਬੀ ਯੂਨੀਵਰਸਿਟੀ, 1979.

ਮਾਦਪੁਰੀ, ਸੁਖਦੇਵ, 'ਗਾਉਂਦਾ ਪੰਜਾਬ', ਜਲੰਧਰ : ਨਿਊ ਬੁੱਕ ਕੰਪਨੀ, 1959.

ਰੈਡਕਲਿਫ ਬ੍ਰਾਊਨ, ਏ. ਆਰ., 'ਪ੍ਰਾਚੀਨ ਸਮਾਜ ਬਣਤਰ ਤੇ ਕਿਰਿਆ' (ਅਨੁ. ਬਲਦੇਵ ਸਿੰਘ ਰਹਿਲ), ਚੰਡੀਗੜ੍ਹ : ਪੰਜਾਬ ਯੂਨੀਵਰਸਿਟੀ ਟੈਕਸਟ ਬੁਕ ਬੋਰਡ, 1974.

ਰੰਧਾਵਾ, ਮਹਿੰਦਰ ਸਿੰਘ ਤੇ ਦਵਿੰਦਰ ਸਤਿਆਰਥੀ, 'ਪੰਜਾਬੀ ਲੋਕ ਗੀਤ', ਨਵੀਂ ਦਿੱਲੀ : ਸਾਹਿਤ ਅਕਾਦਮੀ, ਤੀਜੀ ਵਾਰ, 1976.

ਰੰਧਾਵਾ, ਮਹਿੰਦਰ ਸਿੰਘ ਤੇ ਦੇਵੀ ਸ਼ੰਕਰ ਪ੍ਰਭਾਕਰ, 'ਹਰਿਆਣੇ ਦੇ ਲੋਕ ਗੀਤ', ਦਿੱਲੀ : ਅਤਰ ਚੰਦ ਕਪੂਰ ਐਂਡ ਸਨਜ਼. ਮਿਤੀਹੀਣ।

'ਲੋਕ ਗੀਤਾਂ ਬਾਰੇ' (ਸੰਪ. ਸੰਤੋਖ ਸਿੰਘ ਧੀਰ), ਲੁਧਿਆਣਾ, ਲਾਹੌਰ ਬੁੱਕ ਸ਼ਾਪ, ਮਿਤੀਹੀਣ।

## ਅਣਪ੍ਰਕਾਸ਼ਿਤ ਖੋਜ ਨਿਬੰਧ/ਪ੍ਰਬੰਧ

ਔਲਖ, ਸੰਤੋਖ ਸਿੰਘ, 'ਮਾਲਵੇ ਦੇ ਲੋਕ ਗੀਤਾਂ ਦਾ ਸਮਾਜ ਸਭਿਆਚਾਰਕ ਅਧਿਐਨ', ਅੰਮ੍ਰਿਤਸਰ : ਗੁਰੂ ਨਾਨਕ ਦੇਵ ਯੂਨੀਵਰਸਿਟੀ, 1979.

ਸਵਰਨ ਸਿੰਘ, 'ਪੰਜਾਬੀ ਕਿੱਸਾ ਕਾਵਿ ਵਿਚ ਸਮਾਜ ਤੇ ਸਭਿਆਚਾਰ' (1850 ਈ. ਤਕ), ਅੰਮ੍ਰਿਤਸਰ : ਗੁਰੂ ਨਾਨਕ ਦੇਵ ਯੂਨੀਵਰਸਿਟੀ, 1970.

ਬਲਦੇਵ ਸਿੰਘ, 'ਵਿਆਹ ਦੇ ਪੰਜਾਬੀ ਲੋਕ ਗੀਤ : ਇਕ ਅਧਿਐਨ, ਅੰਮ੍ਰਿਤਸਰ : ਗੁਰੂ ਨਾਨਕ ਦੇਵ ਯੂਨੀਵਰਸਿਟੀ, 1979.

## ਹਿੰਦੀ

ਉਪਾਧਿਆਏ, ਕ੍ਰਿਸ਼ਣ ਦੇਵ (ਡਾ.), 'ਲੋਕ ਸਾਹਿਤਯ ਕੀ ਭੂਮਿਕਾ', ਇਲਾਹਬਾਦ : ਸਾਹਿਤਯ ਭਵਨ, 1957.

ਸਤੇਂਦਰ (ਡਾ.), 'ਲੋਕ ਸਾਹਿਤਯ ਵਿਗਿਆਨ', ਆਗਰਾ : ਸ਼ਿਵ ਲਾਲ ਅਗਰਵਾਲ, 1962.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਰਸ ਮਈਅਰ, 'ਸਮਾਜਕ-ਮਾਨਵ ਵਿਗਿਆਨ ਕੀ ਭੂਮਿਕਾ' (ਅਨੁ. ਸਚਿਦਾ ਨੰਦ), ਪਟਨਾ : ਬਿਹਾਰ ਹਿੰਦੀ ਗ੍ਰੰਥ ਅਕਾਦਾਮੀ, 1973.

ਕ੍ਰਿਸ਼ਣ ਦਾਸ, 'ਲੋਕ ਗੀਤੋਂ ਕੀ ਸਮਾਜਕ ਵਿਆਖਿਆ', ਇਲਾਹਾਬਾਦ : ਸਾਹਿਤਯ ਭਵਨ ਲਿਮਟਿਡ, 1956.

ਨਰੇਂਦਰ ਧੀਰ, 'ਹੰਸਤਾ ਗਾਤਾ ਪੰਜਾਬ', ਨਵੀਂ ਦਿੱਲੀ : ਆਸ਼ਾ ਪ੍ਰਕਾਸ਼ਨ ਗ੍ਰਹਿ, 1978.

ਮਿਸਰ ਸ੍ਰੀਧਰ (ਡਾ.), 'ਭੋਜਪੁਰੀ ਲੋਕ ਸਾਹਿਤਯ ਸਾਂਸਕ੍ਰਿਤਿਕ ਅਧਿਐਨ', ਇਲਾਹਬਾਦ : ਹਿੰਦੁਸਤਾਨੀ ਅਕਾਦਮੀ, 1971.

ਮਨੋਹਰ ਸ਼ਰਮਾ (ਡਾ.), 'ਲੋਕ ਸਾਹਿਤਯ ਕੀ ਸਾਂਸਕ੍ਰਿਤਿਕ ਪਰੰਪਰਾ', ਜਯਪੁਰ : ਰੋਸ਼ਨ ਲਾਲ ਜੈਨ ਐਂਡ ਸਨਜ਼, 1971.

ਮਾਨਵ ਸੰਸਕ੍ਰਿਤੀ ਤਥਾ ਸਮਾਜ' (ਸੰਪ, ਹੈਰੀ. ਐਲ. ਸ਼ੇਪੀਰੋ, ਅਨੁ. ਰਾਮਾਨੁਜ ਲਾਲ ਸ੍ਰੀ ਵਾਸਤਵ), ਭੋਪਾਲ : ਮੱਧਯ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ, 1971.

ਰੰਧਾਵਾ, ਮਹਿੰਦਰ ਸਿੰਘ, 'ਪੰਜਾਬ ਦੇ ਲੋਕ ਗੀਤ (ਹਿੰਦੀ ਸੰਸਕਰਣ), ਪਟਿਆਲਾ : ਭਾਸ਼ਾ ਵਿਭਾਗ, 1961.

ਗੀਵਰਜ਼, ਡਬਲਿਊ, ਐਚ. ਆਰ., 'ਸਮਾਜਕ ਸੰਗਠਨ' (ਸੰਪ. ਡਬਲਿਊ ਜੇ. ਪੈਰੀ, ਅਨੁ. ਪੀ. ਸੀ. ਪਾਠਕ), ਲਖਨਊ : ਉੱਤਰ ਪ੍ਰਦੇਸ਼ ਗ੍ਰੰਥ ਅਕਾਦਮੀ, 1972.

ਵਿਦਿਆ ਚੌਹਾਨ, 'ਲੋਕ ਗੀਤੋਂ ਕੀ ਸਾਂਸਕ੍ਰਿਤਿਕ ਪ੍ਰਿਸ਼ਠਭੂਮੀ, ਆਗਰਾ : ਪ੍ਰਗਤੀ ਪ੍ਰਕਾਸ਼ਨ, 1972.

English

*A Dictionary of Sociology* (Ed. Duncen Mitchell), London : Routledge & Kegan Paul, 1975.

Arya, S. P. (Dr ), *A Sociological Study of Folklore*, Calcutta : Indian Publications, 1975.

Benderly, Beryl Lieff, Marry F. Gaughar & John M. Jung, *Discovering Culture*, New York : D. Van Nostrand Co., 1977.

*Chamber's Encyclopaedia*, London : Institutional Learning Systems Corporation Ltd. Reprinted, 1969.

Dube, D. C., *Indian Village*, Bombay : Allied Publishers. Indian Edition, 1967.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

*Encyclopaedia Britanica*, Chicago : William Benton Publishers, Reprinted, 1972.

*Encyclopaedia of Religion and Ethics*, New York : Charles Scribner's Sons, Latest Impression, 1964.

*Every Man His Way* (Ed. Allen Dundes), Englewood Cliffs, 1968.

*Family, Kinship and Marriage Among The Muslims of India* (Ed. Imitaz Ahmed), New Delhi : Manohar Book Service, 1976.

Farber, Bernard, *Comparative Kinship Systems*, New York : John Wiley & Sons Inc., 1968.

Fox, Robin, *Kinship and Marriage*, Harmonds Worth : Penguin Books, 1976.

Fuchs, Stephen, *The Origion of Man and His Culture*, Asia Publishing House, 1963.

Ghurye, G. S. *Family and Kin*, Bombay : Popular Book Depot, 1962.

Greenwood, D. J. & W. A. Stini, *Nature, Culture and Human History* : London : Happer & Row, 1977.

*International Encyclopaedia of the Social Sciences*, America : The Macmillan Co., 1968.

John, J. Honigmann, *Understanding Culture*, Calcutta, Oxford & I. B. H., 1967.

Keesing, Felix M., *Cultural Anthropology : The Science of Customs*, New York : Holt Rinehart and Winston, 1958.

Klewar Richard H., *Marriage and Family Relationships*, New York : Happer & Row, 1970.

Korn, Francis, *Elementary Structures Recognised Levi Strauss Kinship*, Lodon : Javistock Publications Ltd., 1973.

Levi Strauss, Claude, *The Elementary Structure of Kinship*, London : Eyre & Spottiswoode, 1969.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

— — —, *Structural Anthropology*, London : Allene The Penguin Press, Reprinted, 1969,

Mark, Abrahamson, *Sociology : An Introduction to Concepts, Methods and Data*, Canada · D. Van Nostrand Co. Ltd., 1969.

Mayur, A. C., *Caste and Kinship in Central India*, California : California Press, Fifthy Printing, 1973.

Meyer Fortes, *Kinship and The Social Order*, London : Routledge and Kegan Paul, 1970.

Murdock, G. P., *Social Structure*, New York, Macmillan & Co., 1949.

Murphy, Gardner *Personatity : A Biological Approach to Origions & Structure*, New York, Happer & Row, 1947.

Rhona, Robert, N. Rapoport and Zina Strelitz, *Fathers, Mothers and Others*, London and Heuly : Routledge & Kegan Paul, 1977.

Ross, Ailen D., *The Hindu Family in Its Urban Setting*, Delhi : Oxford University, 1973.

Stewart, Ellewart W., *Evolvtng Life Style*, New York : MCGrew Hill Co,, 1973.

Stone, Lawrence, *The Family Sex and Marriage in England* (1500-1800), London : Weidenfeed and Nicolson, 1977.

*Structure and Change in Indian Society* (Ed. Milton Singer & Bernard S. Cohn), Chicago : Aldine Publishing Co., 1968.

*The Family* (Ed. Alex Inkeles), New Delhi · Prentice Hall of India, 1965.

*The Study of Cultural Anthropology* (Ed. David Hunter & Phillipwhitten), New York : Happer & Row, 1977,

Truxal Andrew G. and Francis E. Merril, *The Family in Ameri-*



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

*can Culture*, New York : Prentice Hall Inc., 1947.

Vatuk, Sylvia, *Kinship and Urbanisation*, London : University of California Press, 1972.

Winch, Robert F., *The Modern Family*, New York : Holt Rinehart & Winston, Revised Edition, 1963.

## ਰਸਾਲੇ

'ਆਲੋਚਨਾ' (ਸੰਪ. ਡਾ. ਗੁਰਚਰਨ ਸਿੰਘ), ਲੁਧਿਆਣਾ : ਪੰਜਾਬੀ ਸਾਹਿਤ ਅਕਾਡਮੀ, ਅਕਤੂਬਰ 1981, ਮਾਰਚ 1982.

'ਸੋਧ' (ਸੰਪ. ਗੁਰਵੇਲ ਸਿੰਘ ਪੰਨੂੰ), ਦਿੱਲੀ : ਡੀਫੈਂਸ ਕਾਲੋਨੀ, ਮਾਰਚ, ਅਪ੍ਰੈਲ, ਅਕਤੂਬਰ 1978.

ਖੋਜ ਪੱਤ੍ਰਿਕਾ' ਪਟਿਆਲਾ : ਪੰਜਾਬੀ ਯੂਨੀਵਰਸਿਟੀ, ਸਤੰਬਰ 1980, ਮਾਰਚ 1981.

'ਖੋਜ ਦਰਪਣ', ਅੰਮ੍ਰਿਤਸਰ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਜਨਵਰੀ 1978, ਜੁਲਾਈ 1978.

'ਪਰੰਪਰਾ' (ਸੰਪ. ਐਸ. ਐਸ. ਵਣਜਾਰਾ ਬੇਦੀ), ਨਵੀਂ ਦਿੱਲੀ : ਲੋਕ ਪ੍ਰਕਾਸ਼ਨ, ਮਾਰਚ 1982.

*Man : The Journal of Royal Anthropological Institute* (Ed. Marilyn Strathen), Great Britian, 1981.

*Social Sciences Research Journal*, (Ed. B. S. Khanna) Chandigarh, Pb. University, March 1978

8255

पुस्तकालय



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

Accos on 28-9-83
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar